ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 8 | 19 February 2020 to 25 February 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਰਾਹੀਂ ਦਿੱਤਾ ਅਮਨ ਦਾ ਸੁਨੇਹਾ : ਸੰਯੁਕਤ ਰਾਸ਼ਟਰ



**ਕਰਤਾਰਪੁਰ ਸਾਹਿਬ (ਪਾਕਿਸਤਾਨ)/ ਏ. ਟੀ. ਨਿਊਜ਼:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਨੇ ਕਿਹਾ ਕਿ ਪਾਕਿਸਤਾਨ ਵਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲਣਾ ਇਸ ਮੁਲਕ (ਪਾਕਿਸਤਾਨ) ਦੀ ਅਮਨ-ਸ਼ਾਂਤੀ ਅਤੇ ਧਾਰਮਿਕ ਸਦਭਾਵਨਾ ਬਣਾਈ ਰੱਖਣ ਦੀ ਇੱਛਾ ਦੀ ਅਮਲੀ ਮਿਸਾਲ ਹੈ।

ਕਰਤਾਰਪੁਰ ਸਾਹਿਬ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਪਹੁੰਚੇ ਗੁਟੇਰੇਜ ਦਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਵਲੋਂ ਸਵਾਗਤ ਕੀਤਾ ਗਿਆ। ਗੁਟੇਰੇਜ ਨੂੰ ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨ ਅਤੇ ਭਾਰਤ ਵਿਚਾਲੇ ਹੋਏ ਸਮਝੌਤੇ ਬਾਰੇ ਜਾਣੂ ਕਰਵਾਇਆ ਗਿਆ। ਉਨਾਂ ਨੂੰ ਦੱਸਿਆ ਗਿਆ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਦੇ ਸਿੱਖ ਭਾਈਚਾਰੇ ਦੀ ਸਹੂਲਤ ਲਈ ਇਹ ਪਹਿਲਕਦਮੀ ਕੀਤੀ ਹੈ। ਬਾਅਦ ਵਿੱਚ ਮੀਡੀਆ ਨਾਲ ਗੱਲਬਾਤ ਮੌਕੇ ਗੁਟੇਰੇਜ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਖੋਲਣਾ ਪਾਕਿਸਤਾਨ ਦੀ ਅਮਨ-ਸ਼ਾਂਤੀ ਅਤੇ ਧਾਰਮਿਕ ਸਦਭਾਵਨਾ ਬਣਾਈ ਰੱਖਣ ਦੀ ਇੱਛਾ ਦੀ ਅਮਲੀ ਮਿਸਾਲ ਹੈ। ਉਨਾਂ ਕਿਹਾ ਕਿ ਲਾਂਘਾ ਖੋਲਣਾ ਬਹੁਤ ਚੰਗਾ ਕਦਮ ਹੈ ਅਤੇ ਇਸ ਨਾਲ ਸਹਿਣਸ਼ੀਲਤਾ ਅਤੇ ਧਾਰਮਿਕ ਸਦਭਾਵਨਾ ਵਧੇਗੀ। ਸੰਯੁਕਤ ਰਾਸ਼ਟਰ ਮੁਖੀ ਨੇ ਗੁਰਦੁਆਰਾ ਕੰਪਲੈਕਸ ਵਿੱਚ ਸਿੱਖ ਸ਼ਰਧਾਲੂਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਸ਼ਲਾਘਾ ਕੀਤੀ।

ਇਸ ਤੋਂ ਪਹਿਲਾਂ ਸਵੇਰ ਵੇਲੇ ਗੁਟੇਰੇਜ ਵਲੋਂ ਲਾਹੌਰ ਯੂਨੀਵਰਸਿਟੀ ਆਫ ਮੈਨੇਜਮੈਂਟ ਸਾਇੰਸਿਜ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਗਿਆ ਅਤੇ ਉਨਾਂ ਨੂੰ ਨਵੀਂ ਤਕਨਾਲੋਜੀ ’ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ ਗਈ। ਉਨਾਂ ਜਲਵਾਯੂ ਤਬਦੀਲੀ ਨੂੰ ਪੂਰੀ ਦੁਨੀਆਂ ਲਈ ਮੌਜੂਦਾ ਦੌਰ ਦਾ ਵੱਡਾ ਮੁੱਦਾ ਦੱਸਿਆ।

**ਪੰਗਤ ਵਿੱਚ ਬੈਠ ਕੇ ਛਕਿਆ ਲੰਗਰ**

ਗੁਟੇਰੇਜ ਨੇ ਕੇਸਰੀ ਰੰਗ ਦਾ ਸਿਰੋਪਾ ਪਹਿਨਿਆ ਹੋਇਆ ਸੀ ਅਤੇ ਉਹ ਗੁਰਦੁਆਰੇ ਦੇ ਵੱਖ-ਵੱਖ ਹਿੱਸਿਆਂ ਵਿੱਚ ਗਏ। ਉਨਾਂ ਨੇ ਸਿੱਖਾਂ ਅਤੇ ਪਾਕਿਸਤਾਨੀ ਅਧਿਕਾਰੀਆਂ ਨਾਲ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਉਨਾਂ ਦੀ ਫੇਰੀ ਦੇ ਮੱਦੇਨਜਰ ਗੁਰਦੁਆਰੇ ਵਿੱਚ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਕਰਤਾਰਪੁਰ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਸ਼ਰਧਾਲੂ ਵੀ ਮੌਜੂਦ ਸਨ।

## ਪੰਜਾਬ ਦਾ 40 ਫੀਸਦੀ ਪਾਣੀ ਵਰਤਣਯੋਗ ਨਹੀਂ ?

ਚੰਡੀਗੜ/ਏ.ਟੀ.ਨਿਊਜ਼ : ਪੰਜਾਬ ਦੇ ਜ਼ਮੀਨੀ ਪਾਣੀ ਸਬੰਧੀ ਭਾਰਤ ਸਰਕਾਰ ਦੇ ਕੈਗ (ਕੰਪਟਰੋਲਰ ਓਡੀਟਰ ਜਨਰਲ) ਦੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿਚੋਂ 40 ਫੀਸਦੀ ਵਰਤੋਯੋਗ ਨਹੀਂ ਰਿਹਾ ਹੈ। ਇਸ ਪਾਣੀ ਵਿਚ ਭਾਰੇ ਅਤੇ ਕੈਮੀਕਲ ਤੱਤ ਇਕ ਸੀਮਤ ਹੱਦ ਤੋਂ ਵੱਧ ਪਾਏ ਗਏ ਹਨ। ਉਸ ਤੋਂ ਵੀ ਖਤਰਨਾਕ ਗੱਲ ਇਹ ਹੈ ਕਿ ਬਚੇ ਹੋਏ ਬਾਕੀ 60 ਫੀਸਦੀ ਵਰਤੋਯੋਗ ਪਾਣੀ ਦੀ ਸੰਭਾਲ ਲਈ ਵੀ ਸਰਕਾਰਾਂ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ।

ਮੀਡੀਆ ਵਿਚ ਆਈਆਂ ਰਿਪੋਰਟਾਂ ਮੁਤਾਬਕ ਕੈਗ ਦੀ ਇਹ ਰਿਪੋਰਟ ਵੀਰਵਾਰ ਤੋਂ ਸ਼ੁਰੂ ਹੋਣ ਜਾ ਰਹੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਅੰਦਰ ਰੱਖੀ ਜਾਵੇਗੀ।

ਰਿਪੋਰਟ ਮੁਤਾਬਕ 40 ਫੀਸਦੀ ਨਾ ਵਰਤੋਯੋਗ ਪਾਣੀ ਵਿਚੋਂ 10 ਫੀਸਦੀ ਤਾਂ ਸਿੰਚਾਈ ਲਈ ਵੀ ਵਰਤਣਯੋਗ ਨਹੀਂ ਰਿਹਾ ਹੈ ਅਤੇ 30 ਫੀਸਦੀ ਜੀਆਂ ਦੇ ਪੀਣਯੋਗ ਨਹੀਂ ਹੈ।

ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਦੇ 16 ਜ਼ਿਲ੍ਹਿਆਂ ‘ਚ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਸੀਮਤ ਹੱਦ ਤੋਂ ਵੱਧ ਪਾਈ ਗਈ ਹੈ ਜਦਕਿ 19 ਜ਼ਿਲਿਆਂ ਵਿਚ ਨਾਈਟਰੇਟ ਦੀ ਮਾਤਰਾ ਸੀਮਤ ਹੱਦ ਤੋਂ ਵੱਧ ਪਾਈ ਗਈ ਹੈ ਤੇ 6 ਜ਼ਿਲੇ ਅਜਿਹੇ ਹਨ ਜਿੱਥੇ ਆਰਸੇਨਿਕ ਦੀ ਮਾਤਰਾ ਵੱਧ ਪਾਈ ਗਈ ਹੈ ਅਤੇ ਨੌਂ ਜ਼ਿਲਿਆਂ ਵਿਚ ਆਇਰਨ ਦੀ ਮਾਤਰਾ ਵੱਧ ਪਾਈ ਗਈ ਹੈ।

# ਬਜ਼ੁਰਗ ਬੀਬੀ ਨੂੰ ਧੋਖਾਧੜੀ ਤੋਂ ਬਚਾਉਣ ਵਾਲੇ ਰਾਜਬੀਰ ਸਿੰਘ ਦੇ ਅਮਰੀਕਾ ’ਚ ਚਰਚੇ

**ਰੋਸਵੇਲ/ਏ. ਟੀ. ਨਿਊਜ਼:** ਕੈਲੀਫੋਰਨੀਆ ’ਚ ਕੈਬ (ਟੈਕਸੀ) ਚਲਾਉਂਦੇ ਸਿੱਖ ਰਾਜਬੀਰ ਸਿੰਘ ਨੇ ਇਕ 92 ਵਰਿਆਂ ਦੀ ਬਜ਼ੁਰਗ ਬੀਬੀ ਨੂੰ ਲੁੱਟ ਦਾ ਸ਼ਿਕਾਰ ਹੋਣ ਤੋਂ ਬਚਾਅ ਲਿਆ। ਉਸ ਵੱਲੋਂ ਕੀਤੇ ਇਸ ਕਾਰਜ ਦੀਆਂ ਅਮਰੀਕਾ ਵਿਚ ਸਿਫਤਾਂ ਹੋ ਰਹੀਆਂ ਹਨ।

ਰਾਜਬੀਰ ਸਿੰਘ ਨੇ ਆਪਣੀ ਕੈਬ ਵਿਚ ਜਦੋਂ ਇਸ ਬੀਬੀ ਨੂੰ ਉਸਦੀ ਤੈਅ ਥਾਂ ’ਤੇ ਪਹੁੰਚਾਉਣ ਲਈ ਬਠਾਇਆ ਤਾਂ ਉਨਾਂ ਦਰਮਿਆਨ ਹੋਈ ਗੱਲਬਾਤ ਤੋਂ ਰਾਜਬੀਰ ਸਿੰਘ ਨੂੰ ਪਤਾ ਲੱਗਿਆ ਕਿ ਬਜ਼ੁਰਗ ਬੀਬੀ ਟੈਕਸ ਮਹਿਕਮੇ (ਆਈਆਰਐਸ) ਵੱਲੋਂ ਮਿਲੀ ਧਮਕੀ ਤੋਂ ਬਾਅਦ ਟੈਕਸ ਭਰਨ ਲਈ ਰਕਮ ਕਢਵਾਉਣ ਬੈਂਕ ਜਾ ਰਹੀ ਸੀ।

ਇਸ ਬਾਰੇ ਪਤਾ ਲੱਗਣ ’ਤੇ ਰਾਜਬੀਰ ਸਿੰਘ ਨੇ ਉਸ ਬਜ਼ੁਰਗ ਬੀਬੀ ਨੂੰ ਆਈਆਰਐਸ ਦੇ ਨਾਂ ’ਤੇ ਹੋ ਰਹੇ ਧੋਖਿਆਂ ਸਬੰਧੀ ਸੁਚੇਤ ਕੀਤਾ। ਬੀਬੀ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਕਿਸੇ ਨੇ ਫੋਨ ਕਰਕੇ ਟੈਕਸ ਦੀ ਇਹ ਰਕਮ ਜਮਾ ਕਰਾਉਣ ਲਈ ਕਿਹਾ। ਜਦੋਂ ਰਾਜਬੀਰ ਸਿੰਘ ਨੇ ਉਸ ਫੋਨ ਨੰਬਰ ’ਤੇ ਕਾਲ ਕਰਕੇ ਜਾਣਨਾ ਚਾਹਿਆ ਕਿ ਫੋਨ ਕਰਨ ਵਾਲਾ ਸਚਮੁੱਚ ਆਈਆਰਐਸ ਨਾਲ ਸਬੰਧਿਤ ਕੋਈ ਅਫਸਰ ਹੈ ਜਾਂ ਕੋਈ ਧੋਖੇਬਾਜ਼ ਤਾਂ ਇਸ ਧੋਖੇ ਦੀ ਪੋਲ ਖੁੱਲ ਗਈ। ਰਾਜਬੀਰ ਸਿੰਘ ਨੇ ਜਦੋਂ ਫੋਨ ਕਰਕੇ ਉਸ ਬੰਦੇ ਨੂੰ ਪੁੱਛਿਆ ਕਿ ਕੀ ਉਹ ਇਸ ਬੀਬੀ ਨੂੰ ਜਾਣਦਾ ਹੈ ਤਾਂ ਉਸ ਨੇ ਸਾਫ ਨਾਂਹ ਕਰ ਦਿੱਤੀ। ਇਸ ਤੋਂ ਬਾਅਦ ਜਦੋਂ ਰਾਜਬੀਰ ਨੇ ਉਸ ਨਾਲ ਪਹਿਲੇ ਫੋਨ ਬਾਰੇ ਗੱਲ ਕਰਨੀ ਸ਼ੁਰੂ ਕੀਤੀ ਤਾਂ ਉਸ ਬੰਦੇ ਨੇ ਕਾਲ



ਕੱਟ ਦਿੱਤੀ। ਇਸ ਤੋਂ ਬਾਅਦ ਉਹ ਬੰਦਾ ਨੰਬਰ ਬਲਾਕ ਕਰ ਗਿਆ।

ਪਰ ਬਜ਼ੁਰਗ ਬੀਬੀ ਰਾਜਬੀਰ ਸਿੰਘ ਦੇ ਨਾਲ ਉਸ ਸਮੇਂ ਤੱਕ ਵੀ ਪੂਰੀ ਤਰਾਂ ਸਹਿਮਤ ਨਹੀਂ ਸੀ ਕਿ ਕੋਈ ਬੰਦਾ ਆਈਆਰਐਸ ਦੇ ਨਾਂ ’ਤੇ ਧੋਖਾਧੜੀ ਕਰ ਸਕਦਾ ਹੈ।

ਇਸ ਲਈ ਰਾਜਬੀਰ ਸਿੰਘ ਨੇ ਬੀਬੀ ਨੂੰ ਧੋਖੇ ਤੋਂ ਬਚਾਉਣ ਲਈ ਉਸ ਨੂੰ ਨੇੜਲੇ ਪੁਲਿਸ ਸਟੇਸ਼ਨ ਲਿਜਾ ਉਸ ਦੀ ਮੁਲਾਕਾਤ ਪੁਲਿਸ ਅਫਸਰ ਨਾਲ ਕਰਵਾਈ। ਪੁਲਿਸ ਅਫਸਰ ਵੱਲੋਂ ਇਸ ਧੋਖਾਧੜੀ ਦੀ ਪੁਸ਼ਟੀ ਕਰਨ ’ਤੇ ਬੀਬੀ ਨੂੰ ਯਕੀਨ ਹੋਇਆ ਤੇ ਇਸ ਬਜ਼ੁਰਗ ਬੀਬੀ ਧੋਖਾਧੜੀ ਤੋਂ ਬਚ ਗਈ।

ਰੋਸਵੇਲ ਪੁਲਿਸ ਮਹਿਕਮੇ ਨੇ ਰਾਜਬੀਰ ਸਿੰਘ ਵੱਲੋਂ ਆਪਣੇ ਕੰਮ ਤੋਂ ਅੱਗੇ ਜਾ ਕੇ ਜਿੰਮੇਵਾਰ ਬੰਦੇ ਵਜੋਂ ਬੀਬੀ ਦੀ ਮਦਦ ਕਰਨ ਦੀ ਸਿਫਤ ਕੀਤੀ ਹੈ। ਇਸ ਸਬੰਧੀ ਪੁਲਿਸ ਮਹਿਕਮੇ ਨੇ ਆਪਣੇ ਫੇਸਬੁੱਕ ਖਾਤੇ ’ਤੇ ਪੋਸਟ ਪਾਈ। ਪੁਲਿਸ ਮਹਿਕਮੇ ਨੇ ਰਾਜਬੀਰ ਸਿੰਘ ਨੂੰ ‘ਗਰੇਟ ਸਿਟੀਜ਼ਨ ਐਵਾਰਡ’ ਦੇਣ ਦੀ ਸਿਫਾਰਸ਼ ਕੀਤੀ।













TICKETS 2 INDIA
(587) 419-0511
SPECIAL DEALS
from
San Francisco,Los Angeles and Sacramento
to INDIA !
Flights from
Toronto (YYZ) - Delhi (DEL) - Toronto
CAD 1196
Return
Flights from
Vancouver (YVR) - Delhi (DEL) - Vancouver
CAD 1203
Return
Authorized agents for
AIR CANADA
Lufthansa
AIR CHINA
QATAR
AIRWAYS القطرية
Fly Emirates
एअर इंडिया
AIR INDIA
UNITED AIRLINES
BRITISH AIRWAYS
الاتحاد
ETIHAD
AIRWAYS
....and more
SPECIAL DEALS
to
Delhi, Mumbai, Amritsar, Chandigarh, Bangalore, Chennai, Trivandrum, Goa and Many More Destinations in India !
Save Upto 30% FLAT on your Airfare !
Call us on the below mentioned contact number and get the Best Deal for yourself.
Book your seats today hurry up and ring us up.
*Offer valid till seats last*
Cruise sale from
$140 per day only
Are you looking for cost-effective and commercial air travel deals?
(587) 419-0511
Find a lower price, we'll refund you 200% of the difference.
www.ticket2-india.com
tickets2indiaca@gmail.com
10050 - 112th Street Suites 904 & 1001, Edmonton, AB T5K 2J1, Canada

# ਹਰਮਿੰਦਰ ਤੇ ਕੁਲਜੀਤ ਸਿੰਘ ਖੁੱਲੀ ਬਹਿਸ ਲਈ ਅੱਗੇ ਆਉਣ: ਭਾਈ ਹਰਿੰਦਰਪਾਲ ਸਿੰਘ

**ਫਰੀਮੌਂਟ/ ਏ. ਟੀ. ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸੁਪਰੀਮ ਕੌਂਸਲ ਮੈਂਬਰ ਤੇ ਖ਼ਜ਼ਾਨੇ ਦੇ ਇੰਚਾਰਜ ਭਾਈ ਹਰਿੰਦਰਪਾਲ ਸਿੰਘ ਨੇ ਕਿਹਾ ਕਿ ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਵੱਲੋਂ ਮੇਰੇ ਤੇ ਅਕਾਊਂਟ ਵਿੱਚ ਘਪਲੇਬਾਜ਼ੀ ਦੇ ਇਲਜ਼ਾਮ ਲਾਏ ਜਾਂਦੇ ਹਨ। ਇਨਾਂ ਵੱਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਮੈਂ ਹਿਸਾਬ ਨਹੀਂ ਦਿੰਦਾ। ਮੇਰੀ ਇਨਾਂ ਨੂੰ ਅਪੀਲ ਹੈ ਕਿ ਇਹ ਸੰਗਤੀ ਰੂਪ ਵਿੱਚ ਬਹਿਸ ਲਈ ਆਉਣ ਤਾਂ ਜੋ ਮੈਂ ਸੰਗਤ ਨੂੰ ਸਾਬਿਤ ਕਰ ਸਕਾਂ ਕਿ ਮੈਂ ਪਿਛਲੇ ਇੱਕ ਸਾਲ ਤੋਂ ਉੱਪਰ ਹਿਸਾਬ ਕਿਤਾਬ ਦਿਖਾਉਣ ਲਈ ਸਟੇਜ ਤੇ ਬੋਲਨ ਲਈ ਟਾਈਮ ਮੰਗ ਰਿਹਾ ਪਰ ਇਹਨਾਂ ਨੇ ਮੈਨੂੰ ਸੁਪਰੀਮ ਕੌਂਸਲ ਮੈਂਬਰ ਹੁੰਦੇ ਹੋਏ ਵੀ ਸਟੇਜ ਤੋਂ ਸੰਗਤ ਨਾਲ ਵਿਚਾਰ ਸਾਂਝੇ ਕਰਨ ਲਈ ਟਾਈਮ ਨਹੀਂ ਦਿੰਦਾ। ਮੈਂ ਸੰਗਤ ਸਨਮੁੱਖ ਹਰ ਤਿੰਨ ਮਹੀਨੇ ਬਾਅਦ ਹਿਸਾਬ ਦਿੰਦਾ ਹੁੰਦਾ ਸੀ ਤੇ ਬਾਹਰ ਨੋਟਿਸ ਬੋਰਡ ਤੇ ਵੀ ਲਾ ਦਿੰਦਾ ਸੀ। ਹੁਣ ਵੀ ਹਿਸਾਬ-ਕਿਤਾਬ ਲਾਬੀ ਵਾਲੇ ਨੋਟਿਸ ਬੋਰਡ ਤੇ ਲੱਗਾ ਹੋਇਆ ਹੈ।

ਸਿੱਖ ਪੰਚਾਇਤ ਨੇ 2012 ਵਿੱਚ ਜਦੋਂ ਚਾਰਜ ਸੰਭਾਲ਼ਿਆ ਤਾਂ ਗੁਰਦੁਆਰਾ ਸਾਹਿਬ ਦੀ ਆਮਦਨ ਤਕਰੀਬਨ 1.3 ਮਿਲੀਅਨ ਸਲਾਨਾ ਸੀ ਤੇ ਹੁਣ 1.8 ਮਿਲੀਅਨ ਹੈ। ਇਹ ਵਾਧਾ ਸੁਖਾਵੇਂ ਮਹੌਲ ਤੇ ਸਿੱਖ ਪੰਚਾਇਤ ਵੱਲੋਂ ਉਲੀਕੇ ਪ੍ਰੋਗਰਾਮਾਂ ਕਾਰਣ ਹੀ ਸੰਭਵ ਹੋਇਆ ਪਰ ਗੁਰਮੀਤ ਸਿੰਘ ਧੜੇ ਵੱਲੋਂ ਦੁਬਾਰਾ ਮਹੌਲ ਖ਼ਰਾਬ ਕਰਕੇ ਹਾਲਾਤ 1996 ਵਾਲੇ ਬਣਾ ਦਿੱਤੇ ਹਨ। ਪਿਛਲੇ 6 ਸਾਲਾਂ ਵਿੱਚ ਗੁਰਦੁਆਰਾ ਸਾਹਿਬ £3.75 ਮਿਲੀਅਨ ਦੀ ਉਸਾਰੀ ਬਿਨਾ ਕਰਜ਼ਾ ਲਏ ਕਰ ਸਕਿਆ ਹੈ ਅਤੇ ਇਸ ਵੇਲੇ ਗੁਰਦੁਆਰੇ ਦੇ ਖਾਤੇ ਵਿੱਚ ਤਕਰੀਬਨ 7 ਲੱਖ ਪਏ ਹਨ।

ਇਹਨਾਂ ਵੱਲੋਂ ਸੰਗਤ ਕੋਲ ਲਗਾਤਾਰ ਝੂਠ ਬੋਲਿਆ ਜਾ ਰਿਹਾ ਕਿ ਮੈਂ ਖ਼ਜ਼ਾਨੇ ਤੇ ਨਾਗਵਲ਼ ਬਣ ਬੈਠਾ ਹਾਂ। ਇਹ ਗੱਲ ਬਿੱਲਕੁਲ ਠੀਕ ਹੈ, ਮੇਰਾ, ਗੁਰੂ ਦੀ ਗੋਲਕ ਦੀ ਦੁਰਵਰਤੋਂ ਰੋਕਨਾ ਫਰਜ਼ ਹੈ ਪਰ ਇਹ ਸਾਰੇ ਗਰੁੱਪ ਨੇ ਗੁਰਦੂਆਰਾ ਸਾਹਿਬ ਦੇ ਹਰ ਵਸੀਲੇ ਨੂੰ ਆਪਣੇ ਮਤਲਬ ਲਈ ਵਰਤਣਾ ਹੁੰਦਾ ਹੈ। ਮੇਰੀ ਰੁਕਾਵਟ ਇਨਾਂ ਨੂੰ ਪਸੰਦ ਨਹੀਂ। ਇਹ ਉਹੀ ਗਰੁੱਪ ਹੈ ਜਿਹੜਾ ਹਿੰਦੂ ਰੇਡੀਓ ਮਿਰਚੀ ਲਈ ਗੁਰਦੂਆਰੇ ਤੋਂ £2500 ਡਾਲਰ ਮੰਗਦਾ ਸੀ ਤੇ ਹੁਣ ਕੋਰਟ ਕੇਸ ਆਪਣੀ ਚੌਧਰ ਬਰਕਰਾਰ ਰੱਖਣ ਲਈ ਕੀਤਾ ਤੇ ਬਿੱਲ ਗੁਰਦੁਆਰੇ ਤੋਂ ਮੰਗਦੇ ਹਨ।

ਮੇਰਾ ਬਾਸਾ ਖਾਲਸਾ ਧੜੇ ਦੇ ਪੰਜੇ ਉਮੀਦਵਾਰਾਂ ਨੂੰ ਇੱਕ ਸੁਆਲ ਹੈ ਕਿ ਸੰਗਤ ਨੇ £3.75 ਮਿਲੀਅਨ ਡਾਲਰ ਉਸਾਰੀ ਲਈ ਦਿੱਤੇ ਹਨ ਪਰ ਇਹ ਪੰਜਾਂ ਨੇ ਉਸਾਰੀ ਲਈ ਕਿੰਨੀ ਮਾਇਆ ਦਾ ਯੋਗਦਾਨ ਪਾਇਆ ਹੈ ? ਮੇਰੀ ਇਹਨਾਂ ਨੂੰ ਅਪੀਲ ਹੈ ਕਿ ਜੇ ਇਹ ਇੰਨੇ ਹੀ ਸੱਚੇ ਹਨ ਤਾਂ ਸੰਗਤ ਸਾਹਮਣੇ ਮੇਰੇ ਨਾਲ ਬਹਿਸ ਲਈ ਅੱਗੇ ਆਉਣ।


ROSSI DOMINGUE FOX LLP

JOHN F. DOMINGU[E]
john@rdfllp.com | DIRECT 408.591.51[..]
OFFICE 408.495.3900 | FAX 408.495.39[..]
1570 The Alameda, Suite 316, San Jose, CA 951[..]

December 20, 2019

Board of Directors
**CONFIDENTIAL**
Sikh Temple - San Francisco Bay Area
300 Gurdwara Road
Fremont, CA 94536

Re: *Singh, et al. v. Singh, etal.*
Alameda Superior Court Case No.: HG19024582

Dear Board of Directors:

We are writing on behalf of our clients, Harminder Singh, Kuljit Singh and Arvinder Kaur (collectively "Singh/Kaur"). On or about June 26, 2019, Jasdev Singh and Jaspreet Singh Atwal filed a Petition against Singh/Kaur in the Alameda Superior Court (*Singh, et al. v. Singh, et al.* Alameda Superior Court Case No.: HG19024582). This petition solely related to their role as a board member of the Sikh Temple - San Francisco Bay Area ("Temple").

California Corporations Code section 317 provides in relevant part as follows:

A corporation shall have power to indemnify any person who was or is a party or is threatened to be made a party to any proceeding (other than an action by or in the right of the corporation to procure a judgment in its favor) by reason of the fact that the person is or was an agent of the corporation, against expenses, judgments, fines, settlements, and other amounts actually and reasonably incurred in connection with the proceeding if that person acted in good faith and in a manner the person reasonably believed to be in the best interests of the corporation ...

This is a case where Singh/Kaur are named essentially because of their status as board members—at all times they acted in good faith and there is not a hint of evidence otherwise. Accordingly, this is written demand that the Sikh Temple reimburse all attorneys' fees and costs related to the above-referenced lawsuit incurred by our client. Upon the Temple's acknowledgment that invoices will be so reimbursed, we will be happy to forward the invoices and respond to any questions about them to facilitate their payment.


Business Advantage Chk - 0605

| Summary | | Features |
|---|---|---|
| Available balance (as of today): | $653,877.05 | Payroll services by Intuit®: |
| What does this include? | | Account management: |
| Credit pending: | +$11,863.75 | Viewpost® payments & invoicing: |
| | | More features » |
| Estimated balance: | $665,740.80 | |
| Account balance history » | | |

Business Advantage Chk - 2877

| Summary | | Features |
|---|---|---|
| Available balance (as of today): | $29,815.99 | Payroll services by Intuit®: |
| What does this include? | | Account management: |
| Credit pending: | +$2,452.00 | Viewpost® payments & invoicing: |
| | | More features » |
| Estimated balance: | $32,267.99 | |
| Account balance history » | | |




## ਭੋਗ ਸ੍ਰੀ ਅਖੰਡ ਪਾਠ ਸਾਹਿਬ

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ॥**

ਸੈਨ ਹੋਜੇ ਖਾਲਸਾ ਹਾਕੀ ਕਲੱਬ ਵੱਲੋਂ ਸਾਡੇ ਵੀਰ ਤੇ ਦੋਸਤ ਸ. ਰਵਿੰਦਰ ਸਿੰਘ (ਰੂਬੀ) ਪੁਰੇਵਾਲ ਜੋ ਸਾਨੂੰ 1 ਦਸੰਬਰ 2019 ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਦੀ ਨਿੱਘੀ ਯਾਦ ਵਿੱਚ ਅਖੰਡ ਸਾਹਿਬ ਦੇ ਭੋਗ ਪਾਏ ਜਾ ਰਹੇ ਹਨ ਅਤੇ ਤੁਹਾਨੂੰ ਪਰਿਵਾਰ ਸਮੇਤ ਹਾਜਰੀਆਂ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।

**ਪ੍ਰੋਗਰਾਮ ਦਾ ਵੇਰਵਾ:**

21 ਫਰਵਰੀ 2020 (ਦਿਨ ਸ਼ੁੱਕਰਵਾਰ) ਸਵੇਰੇ 11:30
ਅਰੰਭ ਸ੍ਰੀ ਅਖੰਡ ਸਾਹਿਬ
23 ਫਰਵਰੀ 2020 (ਦਿਨ ਐਤਵਾਰ) ਸਵੇਰੇ 11:30
ਭੋਗ ਸ੍ਰੀ ਅਖੰਡ ਪਾਠ ਸਾਹਿਬ

**ਜਗ੍ਹਾ:**

ਗੁਰਦੂਆਰਾ ਸਾਹਿਬ ਸੈਨ ਹੋਜੇ (ਮੇਨ ਦੀਵਾਨ ਹਾਲ)

**ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:**

ਤਰਲੋਚਨ ਸਿੰਘ ਸੰਧੂ (510) 409-2568
ਹਰਵੀਰ ਸਿੰਘ ਪੁਰੇਵਾਲ (408) 417-9059
ਸੁਰਜੀਤ ਪੁਰੇਵਾਲ (209) 777-1675

## Change of Name

**I Lakhwinder Singh Son of Balwinder Singh, 1630 Rubio Circle Oxnard, CA 93030 , 805-342-9604 have changed my name as Lakhwinder Singh Gill.**

**ਮੈਂ ਲਖਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਨੇ ਆਪਣਾ ਨਾਮ ਬਾਦਲ ਕੇ ਲਖਵਿੰਦਰ ਸਿੰਘ ਗਿੱਲ ਰੱਖ ਲਿਆ ਹੈ ਕਿਰਪਾ ਕਰਕੇ ਭਵਿੱਖ ਵਿਚ ਮੈਨੂੰ ਲਖਵਿੰਦਰ ਸਿੰਘ ਗਿੱਲ ਦੇ ਨਾਂ ਨਾਲ ਸੱਦਿਆ ਜਾਵੇ ।**



# ਦਰਸਨ ਸੰਧੂ ਨੇ ਦੀਵਾਨ ਹਾਲ ਵਿੱਚ ਕੀਤਾ ਸੀ ਸਿਰੀ ਸਾਹਿਬ ਨਾਲ ਹਮਲਾ: ਸਿੱਖ ਪੰਚਾਇਤ

## ਬੈਲਜ਼ੀਅਮ ਵਿੱਚ ਵੀ ਧੋਖੇ ਨਾਲ ਕੀਤਾ ਸੀ ਵਾਰ

**ਫਰੀਮਾਂਟ/ਏ. ਟੀ. ਨਿਊਜ਼:** ਸਿੱਖ ਪੰਚਾਇਤ ਨੇ ਅਖਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿੱਚ ਇੱਕ ਉਮੀਦਵਾਰ ਦਰਸਨ ਸੰਧੂ, ਇਸ ਅਹੁਦੇ ਲਈ ਯੋਗ ਉਮੀਦਵਾਰ ਨਹੀਂ ਕਿਉਂ ਕਿ ਇਸਨੇ ਦੀਵਾਨ ਹਾਲ ਵਿੱਚ ਮਮੂਲੀ ਤਕਰਾਰ ਕਾਰਣ ਭਾਈ ਕੰਵਲਜੀਤ ਸਿੰਘ ਦੇ ਸਿਰ ਵਿੱਚ ਕਿਰਪਾਨ ਨਾਲ ਦੋ ਵਾਰ ਕੀਤੇ ਸਨ ਤੇ ਉਹਨੂੰ ਜਖਮੀ ਕਰ ਦਿੱਤਾ ਸੀ। ਪੁਲਿਸ ਨੇ ਇਸਨੂੰ ਫਰੀਮਾਂਟ ਗੁਰਦੁਆਰਾ ਸਾਹਿਬ ਤੋਂ ਗ੍ਰਿਫਤਾਰ ਕੀਤਾ ਤੇ ਉਸ ਕੇਸ ਵਿੱਚ ਇਸਨੂੰ ਸਜਾਯਾਫਤਾ ਕਰਕੇ ਕਲਾਸਾਂ ਵੀ ਲਾਉਣੀਆਂ ਪਈਆਂ।

ਇਹ ਅਮਰੀਕਾ ਆਉਣ ਤੋਂ ਪਹਿਲਾਂ ਬੈਲਜੀਅਮ ਰਹਿੰਦਾ ਸੀ ਅਤੇ ਇਸਦਾ ਅਸਲੀ ਨਾਮ ਜੋਗਾ ਸਿੰਘ ਹੈ। ਉੱਥੇ ਵੀ ਇਸਨੇ ਸੁਰਿੰਦਰ ਸਿੰਘ ਦੇ ਕਿਰਪਾਨਾਂ ਮਾਰੀਆਂ ਤੇ ਇਹਨੂੰ ਸਜਾ ਹੋਈ ਪਰ ਇਹ ਉੱਥੋਂ ਦੌੜ ਆਇਆ। ਉੱਥੇ ਵੀ ਗੁਰਦੁਆਰਾ ਸਾਹਿਬ ਵਿੱਚ ਇਸਨੇ ਝਗੜਾ ਕਰਾਇਆ ਸੀ। ਆਪਣੇ ਵਿਰੋਧੀ ਸੁਰਿੰਦਰ ਸਿੰਘ ਨਾਮੀ ਵਿਅਕਤੀ ਦੇ ਘਰ ਇਸਨੇ ਦੋ ਬੰਦੇ ਭੇਜ ਦਿੱਤੇ ਅਤੇ ਉਸਨੇ ਉਹਨਾਂ ਨੂੰ ਚਾਹ ਪਾਣੀ ਪਲਾਇਆ। ਜਦੋਂ ਉਹ ਬਾਹਰ ਦਰਵਾਜੇ ਤੱਕ ਉਹਨਾਂ ਨੂੰ ਛੱਡਨ ਆਇਆ ਤਾਂ ਉਹਨਾਂ ਵਿੱਚੋਂ ਇੱਕ ਨੇ ਪਿੱਛੋਂ ਜੱਫਾ ਮਾਰ ਲਿਆ ਤੇ ਇੰਨੇ ਨੂੰ ਦਰਸਨ ਸੰਧੂ ਤੇ ਹੋਰਾਂ ਨੇ ਸੁਰਿੰਦਰ ਸਿੰਘ ਤੇ ਕਿਰਪਾਨਾਂ ਨਾਲ ਵਾਰ ਕਰ ਦਿੱਤੇ ਤੇ ਉਹਦੀ ਲੱਤ ਤੋੜ ਦਿੱਤੀ।

ਫਰੀਮਾਂਟ ਵਾਪਰੀ ਘਟਨਾ ਕੁੱਝ ਇਸ ਤਰਾਂ ਹੈ। 23 ਨਵੰਬਰ 2018 ਨੂੰ ਗੁਰੂ ਨਾਨਕ ਪਾਤਸਾਹ ਦੇ ਗੁਰਪੁਰਬ ਵਾਲੇ ਦਿਨ ਦਰਸਨ ਸੰਧੂ ਨੇਹਰਜੀਤ ਸਿੰਘ ਨਾਲ ਰਲ ਕੇ ਕੰਵਲਜੀਤ ਸਿੰਘ ਦੇ ਸਿਰ ਵਿੱਚ ਸਿਰੀ ਸਾਹਿਬ ਨਾਲ ਵਾਰ ਕੀਤੇ। ਗੁਰੂ ਸਾਹਿਬ ਦੀ ਪਾਲਕੀ ਸਾਹਿਬ ਦੇ ਰੰਗ ਦੀ ਸੇਵਾ ਬੰਬੇ ਗਾਰਡਨ ਵਾਲਿਆਂ ਨੇ ਲਈ ਸੀ ਤੇ ਉਹਨਾਂ ਨੇ ਉਸਾਰੀ ਕਮੇਟੀ ਦੀ ਸਹਿਮਤੀ ਨਾਲ ਅਸਮਾਨੀ ਰੰਗ ਕਰਵਾਇਆ ਸੀ। ਦਰਸਨ ਸੰਧੂ ਤੇ ਹਰਜੀਤ ਸਿੰਘ, ਕਮੇਟੀ ਦੀਪ੍ਰਵਾਨਗੀ ਜਾਂ ਪਰਿਵਾਰ ਜਿਸਨੇ ਸੇਵਾ ਕਰਾਈ ਸੀ ਦੀ ਸਹਿਮਤੀ ਤੋਂ ਬਿਨਾਂ ਹੀ ਰੰਗ ਬਦਲਨ ਲਈ ਬਾਲਟੀਆਂ ਲੈ ਕੇ ਪਹੁੰਚ ਗਏ। ਸਿੱਖ ਪੰਚਾਇਤ ਦੇ ਹੋਰ ਮੈਂਬਰ ਵੀ ਗੁਰਪੁਰਬ ਕਰਕੇ ਗੁਰਦੂਆਰਾ ਸਾਹਿਬ ਵਿੱਚ ਹਾਜਰਿ ਸੀ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਅਸੀਂ ਇਸਨੂੰ ਤੇ ਹਰਜੀਤ ਸਿੰਘ ਨੂੰ ਬਹੁਤ ਸਮਝਾਇਆ ਕਿ ਰੰਗ ਨਾ ਬਦਲੇ। ਜਿਸ ਪਰਿਵਾਰ ਨੇ ਸੇਵਾ ਕਰਾਈ ਉਹਨਾਂ ਨੂੰ ਵੀ ਭਰੋਸੇ ਵਿੱਚ ਲੈ ਲਉ ਪਰ ਇਹਨਾਂ ਨੇ ਇੱਕ ਨਾਂ ਸੁਣੀ। ਇਸੇ ਬਹਿਸ ਵਿੱਚ ਦਰਸਨ ਸਿੰਘ ਆਪਣੀ ਨਿੱਜੀ ਰੰਜਸ ਕੱਢਨ (ਕਿਉਂ ਕਿ ਉਹ ਮੇਰੇ ਕੇਸ ਵਿੱਚ ਇਸ ਵਿਰੁੱਧ ਗਵਾਹ ਸੀ) ਲਈ ਕਮੇਟੀ ਮੈਂਬਰ ਕੰਵਲਜੀਤ ਸਿੰਘ ਮਗਰ ਪੈ ਗਿਆ ।ਸੰਗਤ ਤੇ ਸਿੱਖ ਪੰਚਾਇਤ ਮੈਂਬਰਾਂ ਨੇ ਬਹੁਤ ਛੁਡਾਉਣ ਦੀ ਕੋਸਸਿ ਕੀਤੀ ਪਰ ਇਹ ਕਿਰਪਾਨ ਨਾਲ ਦੋ ਵਾਰ ਕਰ ਗਿਆ. ਕਿਸੇ ਨੂੰ ਇਹ ਵਿਸਵਾਸ ਨਹੀਂ ਸੀ ਕਿ ਕੋਈ ਅੰਮ੍ਰਿਤਧਾਰੀ, ਸਿਰੀ ਸਾਹਿਬ ਨਾਲ ਵੀ ਕਿਸੇ ਤੇ ਵਾਰ ਕਰ ਸਕਦਾ ਹੈ।





ਇਸ ਘਟਨਾ ਤੋਂ ਬਾਅਦ ਇਸਨੇ ਇਸ ਘਟਨਾ ਦੀ ਕੋਈ ਮੁਆਫੀ ਨਹੀਂ ਮੰਗੀ ਤੇ ਉਲਟਾ ਸੁਪਰੀਮ ਕੌਂਸਲ ਮੈਂਬਰ ਖਾਸ ਕਰ ਜੋ ਇਸ ਨਾਲ ਚੋਣ ਲੜ ਰਹੇ ਹਨ , ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਤੇ ਇੱਕ ਹਰਜੀਤ ਸਿੰਘ ਜਿਹੜਾ ਇਸ ਨਾਲ ਇਸ ਘਟਨਾ ਦਾ ਭਾਗੀਦਾਰ ਸੀ ਨੇ ਕੋਰਟ ਨੂੰ ਇਹਦੇ ਬਾਰੇ ਲਿੱਖ ਕੇ ਦਿੱਤਾ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਇੰਨੇ ਪਵਿੱਤਰ ਅਹੁਦੇ ਤੇ ਬੈਠੇਹਨ ਅਤੇ ਅੰਮ੍ਰਿਤਧਾਰੀ ਹਨ, ਉਹ ਚਿੱਟੇ ਦਿਨ ਵਾਂਗ ਇੰਨਾ ਝੂਠ ਬੋਲ ਸਕਦੇ ਹਨ ਗੱਲ ਸਮਝ ਤੋਂ ਬਾਹਰ ਹੈ। ਇਹ ਤੇ ਇਹਦੇ ਸਾਰੇ ਸਾਥੀਕਹਿੰਦੇ ਹਨ ਕਿ ਇਸਨੇ ਵਾਰ ਸਵੈ ਰੱਖਿਆ ਲਈ ਕੀਤਾ। ਇਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਸੰਗਤ ਝੂਠ-ਸੱਚ ਸੱਭ ਜਾਣਦੀ ਹੈ ।ਇਸਨੂੰ ਇੱਕੋ ਸੁਆਲ ਹੈ ਕਿ ਜੇ ਇਹ ਸਵੈ ਰੱਖਿਆ ਸੀ ਤਾਂ ਪੁਲਿਸ ਨੇ ਇਸਨੂੰ ਗ੍ਰਿਫਤਾਰ ਕਿਉਂ ਕੀਤਾ ? ਜੇ ਸਵੈ ਰੱਖਿਆ ਸੀ ਤਾਂ ਸਜਾ ਕਿਉਂਹੋਈ ?



INZAKE :

I. HET OPENBAAR MINISTERIE,
II. DE BURGERLIJKE PARTIJ :

2429 de heer SURINDER SINGH, zonder beroep, wonende te 4360 OREY, Grande Route 32, thans te 8380 ZEEBRUGGE, Bastenakenstraat, 14. Burgerlijke partij, gesteld ter zitting van 11.10.1995 tegen de vijf beklaagden door Mter Marc SAMPERMANS, advokaat te 3500 HASSELT, Koningin Astridlaan, 46.

TEGEN:

2430 1. SINGH, Joga, zonder beroep, geboren te Sandhuan (India) op 5 maart 1965 en wonende te 3000 LEUVEN, Groenstraat, 88, thans te GENT, Scandinaviestsdraat, 58.

2431 2. SINGH, Jaswinder, geboren te Sahabpur (India) op 24 april 1971 en wonende te 3570 ALKEN, Hemelsveldstraat 109.

2432 3. SINGH Daljit, geboren op 13 mei 1967, wonende te 3570 ALKEN, Hemelsveldstraat 109,

2433 4. SINGH Kuldip, geboren op 23 januari 1965, ZONDER GEKENDE

EENSLUIDEND AFSCHRIFT AAN DE HEER PRINSENGRIFFIER Minuut: 6 blz. Kosten: 690 Hasselt de 04-06-1997



Rijksregister

**Vergauwen - Helderweirt - Avontroodt**
Gerechtsdeurwaarders
Gewad 36
**9000 Gent**

Naam: Claire
Datum: 25/03/2004
Uur: 10:33:53
N° Partij : 390916
Dossier N° :

```
010 (NM) 01.10.1997 Singh,Joga
010 (NM) 17.09.1966 Joga,Singh
                    Geslacht : M.
020 ADR) 08.03.1996 9000/8717/Scandinaviëstraat,58
         09.03.1995 3001/0034/Groenstraat,186
001(GEM) 20.04.2000 Afvoering van ambtswege
         08.03.1996 Gent (9000)
070 BER) 01.04.1998 89903/3/Arbeider(ster) (loontr.)
120 B.S) 17.11.1997 20/Gehuwd met Kaur,Devinder te Phra Nakhorn / Thailand
         17.09.1966 10/Ongehuwd
140 GZH) 17.11.1999 01/Alleenstaand
100 GPL) 17.09.1966 /0000/  Sandhuan/India
031 NAT) 01.10.1997 Vluchteling van Indische herkomst(H)
```

ਭਾਈ ਜਸਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਆਪਣੇ ਨਿੱਜੀ ਮਸਲੇ ਗੱਲਬਾਤ ਨਾਲ ਨਹੀਂ ਨਜਿੱਠ ਸਕਦੇ ਉਹ ਗੁਰਦੂਆਰਾ ਪ੍ਰਬੰਧ ਯੋਗ ਨਹੀਂ। ਸੰਗਤ ਨੂੰ ਅਜਿਹੇ ਲੋਕਾਂ ਨੂੰ ਨਕਾਰਨਾ ਚਾਹੀਦਾ ਤਾਂ ਜੋ ਗੁਰਦੂਆਰਾ ਸਾਹਿਬ ਦੁਬਾਰਾ ਸਾਂਤੀ ਵਾਲਾ ਮਹੌਲ ਬਣਾਇਆ ਜਾ ਸਕੇ ।ਦਰਸਨ ਸੰਧੂ ਇੱਕ ਬਹੁਤ ਹੀ ਹੌਲੀ ਕਿਸਮ ਤੇ ਝੂਠ ਬੋਲਨ ਵਾਲਾ ਵਿਅਕਤੀ ਹੈ। ਝਗੜਾ ਕਰਨਾ ਇਸਦੀ ਆਦਤ ਬਣ ਗਈ ਹੈ। ਵਿਦੇਸਾਂਵਿੱਚ ਆਏ ਨੂੰ ਇਸਨੂੰ 25 ਸਾਲ ਤੋਂ ਉੱਪਰ ਹੋ ਗਏ ਹਨ ਪਰ ਪੰਥ ਲਈ ਕੀਤਾ ਕੰਮ ਕਿਧਰੇ ਦਿੱਸਦਾ ਨਹੀਂ। ਇਸ ਦੇ ਉਲਟ ਪੰਥ ਲਈ ਕੰਮਕਰ ਰਹੀਆਂ ਸਖਸੀਅਤਾਂ ਦੇ ਅਕਸ ਵਿਗਾੜਨ ਲਈ ਝੂਠੀਆਂ ਕਹਾਣੀਆਂ ਘੜਦਾ ਹੈ। ਮੇਰੇ ਵਿਰੁੱਧ ਵੀ ਇਹ 20 ਸਾਲ ਤੋਂ ਝੂਠਾ ਪ੍ਰਚਾਰ ਕਰਦਾ ਰਿਹਾ , ਮੈਂ ਕਦੇ ਜੁਆਬਨਹੀਂ ਦਿੱਤਾ। ਪਰ ਮੈਂ ਹੁਣ ਸੰਗਤ ਨੂੰ ਇਸ ਬੰਦੇ ਦੀ ਅਸਲੀਅਤ ਦੱਸਨਾ ਚਾਹੁੰਦਾ ਹਾਂ ਕਿ ਇਹ ਕਿਵੇਂ ਲੋਕਾਂ ਨੂੰ ਗੁੰਮਰਾਹ ਕਰਦਾ ਹੈ ਅਜਿਹੇ ਬੰਦੇ ਜਿਸ ਸੰਸਥਾਂ ਵਿੱਚ ਜਾਣਗੇ ਝਗੜੇਝੰਬੇਲੇ ਹੀ ਖੜੇ ਕਰਨਗੇ। ਸਿੱਖ ਪੰਚਾਇਤ ਵਿੱਚ ਅਸੀਂ ਸਾਰਾ ਕੁੱਝ ਭੁਲਾ ਕੇ ਇਸਨੂੰ ਸਿੱਖ ਪੰਚਾਇਤ ਵਿੱਚ ਸਾਮਿਲ ਕਰ ਲਿਆ ਪਰ ਇਹਉਹਨਾਂ ਵਰਗਾ ਨਿਕਲਿਆ ਜਿਹੜੇ ਜਿਸ ਥਾਲੀ ਵਿੱਚ ਖਾਂਦੇ ਹਨ ਉਸ ਵਿੱਚ ਹੀ ਛੇਕ ਕਰਦੇ ਹਨ। ਗੁਰਦੂਆਰਾ ਸਾਹਿਬ ਫਰੀਮਾਂਟ ਦੀ ਸੰਗਤਨੂੰ ਅਪੀਲ ਹੈ ਕਿ ਇਹ ਖਾਲਸਾ ਬਾਸਾ ਤੋਂ ਸਦਾ ਲਈ ਛੁਟਕਾਰਾ ਪਾਉਣ ਲਈ ਸਿੱਖ ਪੰਚਾਇਤ ਦਾ ਸਾਥ ਦਿਉ ।



Incident Report
FREMONT POLICE DEPARTMENT
181123030 ORIG
2000 Stevenson Blvd
Fremont, California 94538
(510) 790-6800
(510) 790-6831
11/23/2018
245A1
PAIVA,MICHAEL

Administrative Information

| | | | | | |
|---|---|---|---|---|---|
| FREMONT POLICE DEPARTMENT | 181123030 | ORIG | 11/23/2018 | 22:18 | 18140889 |
| REPORT TO FOLLOW | ASSAULT W/DEADLY WEAPON | | | | |
| 300 GURDWARA RD | | | | | Fremont |
| 94536 327 1 1 1 | 11/23/2018 | 22:18 | 11/23/2018 | 22:18 | 14082 |
| 14082/PAIVA,MICHAEL | Mid Shift, A Team, Zone 1 | | | | 14082 |
| Mid Shift, A Team, Zone 1 | Successful | Successful | 13535 | 13535 | |
| 11/25/2018 | 23:47:50 | | | | |
| Yes | Yes | Yes | Yes | Yes | |
| 1 | PC245A1 | Felony assault deadl | F | | |

Person Summary

| | | | | |
|---|---|---|---|---|
| ARR | 1 | I | SANDHU,DARSHAN SINGH | 31069707 |
| E | M | | | |
| VIC | 1 | I | SINGH,KANWALJIT | 31069708 |
| E | M | 12/28/1986 | | |

Property Summary

EVD
Article: Equipment/tools KNIFE silver kirpan approx 5 inches with sheath

# ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਪੋਰਟਸ ਅਕੈਡਮੀ ਚੱਲਦੀ ਰਹੇਗੀ : ਸਿੱਖ ਪੰਚਾਇਤ

**ਫਰੀਮਾਂਟ/ਏ. ਟੀ. ਨਿਊਜ਼:** ਗੁਰਦੁਆਰਾ ਸਾਹਿਬ ਸਪੋਰਟਸ ਅਕੈਡਮੀ ਨੂੰ ਖਾਲਸਾ ਧੜੇ ਵੱਲੋਂ ਚੋਣ ਦਾ ਮੁੱਦਾ ਬਣਾਇਆ ਜਾ ਰਿਹਾ ਕਿ ਗੁਰਦੁਆਰਾ ਸਾਹਿਬ ਨੇ ਅਕੈਡਮੀ ਲਈ ਕੋਈ ਪੈਸਾ ਨਹੀਂ ਦਿੱਤਾ ਅਤੇ ਜੇ ਸਿੱਖ ਪੰਚਾਇਤ ਚੋਣਾਂ ਜਿੱਤ ਜਾਂਦੀ ਹੈ ਤਾਂ ਉਹਨਾਂ ਨੇ ਅਕੈਡਮੀ ਬੰਦ ਕਰ ਦੇਣੀ ਹੈ। ਸਿੱਖ ਪੰਚਾਇਤ ਦੇ ਉਮੀਦਵਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਅਕੈਡਮੀ ਚੱਲਦੀ ਰੱਖੀ ਜਾਵੇਗੀ ਤੇ ਇਸ ਵਿੱਚ ਹੋਰ ਸੁਧਾਰ ਕਰਕੇ ਇਸ ਦਾ ਹੋਰ ਪਸਾਰ ਕੀਤਾ ਜਾਵੇਗਾ। ਭਾਈ ਹਰਿੰਦਰਪਾਲ ਸਿੰਘ ਨੇ ਖਾਲਸਾ ਗਰੁੱਪ ਵੱਲੋਂ ਕੀਤੇ ਜਾਂਦੇ ਝੂਠੇ ਪ੍ਰਚਾਰ ਦਾ ਸਖ਼ਤ ਨੋਟਿਸ ਲੈਂਦਿਆਂ ਗੁਰਦੂਆਰਾ ਸਾਹਿਬ ਵੱਲੋਂ £17,000 ਤੋਂ ਉੱਪਰ ਦਿੱਤੇ ਚੈਕਾਂ ਦੀਆਂ ਕਾਪੀਆਂ ਪ੍ਰੈਸ ਦੇ ਨਾਮ ਰਲੀਜ਼ ਕੀਤੀਆਂ। ਉਹਨਾਂ ਨੇ ਕਿਹਾ ਪਿਛਲੇ ਸਤੰਬਰ ਤੱਕ ਇਹਨਾਂ ਨੂੰ ਹਰ ਮਹੀਨੇ ਖ਼ਰਚੇ ਦਾ ਚੈੱਕ ਦੇ ਦਿੱਤਾ ਜਾਂਦਾ ਸੀ। ਜੁਲਾਈ ਵਿੱਚ ਹਰਮਿੰਦਰ ਸਿੰਘ ਗੁਰਦੁਆਰਾ ਸਾਹਿਬ ਤੋਂ ਰਸੀਦ ਬੁੱਕ ਲੈ ਗਿਆ ਕਿ ਕੁੱਝ ਸੰਗਤ ਮੈਂਬਰਾਂ ਅਕੈਡਮੀ ਲਈ ਭੇਟਾ ਦੇਣੀ ਚਾਹੁੰਦੇ ਹਨ। ਪਿਛਲੇ ਅਕਤੂਬਰ 7 ਤੋਂ ਅਸੀਂ ਇਹਨਾਂ ਨੂੰ ਪੈਸੇ ਜਮਾਂ ਕਰਾਉਣ ਨੂੰ ਕਹਿ ਰਹੇ (ਦੇਖੋ ਟੈਕਸਟ ਸੁਨੇਹਾ)। ਪਿਛਲੇ ਹਫ਼ਤੇ 9 ਫ਼ਰਵਰੀ ਨੂੰ ਜੋਤਪ੍ਰੀਤ ਸ਼ਾਹੀ ਤੇ ਤੇਜਪਾਲ ਸਿੰਘ ਰਸੀਦ ਬੁੱਕ ਤਾਂ ਵਾਪਿਸ ਕਰ ਗਏ ਪਰ ਇਕੱਠੇ ਕੀਤੇ £2600 ਹਾਲੇ ਵੀ ਜਮਾਂ ਨਹੀਂ ਕਰਵਾ ਕੇ ਗਏ। ਸਾਡੀ ਇਹਨਾਂ ਨੂੰ ਬੇਨਤੀ ਹੈ ਗੁਰਦੁਆਰਾ ਸਾਹਿਬ ਨੂੰ ਪੈਸੇ ਜਮਾਂ ਕਰਾਉ ਤਾਂ ਜੋ ਤੁਹਾਡੇ ਵੱਲੋਂ ਖ਼ਰਚੇ ਤਕਰੀਬਨ £ 3490 ਤੁਹਾਨੂੰ ਵਾਪਿਸ ਦਿੱਤੇ ਜਾਣ।

ਭਾਈ ਜੰਡੀ ਨੇ ਕਿਹਾ ਕਿ ਸਪੋਰਟਸ ਅਕੈਡਮੀ ਸ਼ੁਰੂ ਕਰਨ ਦੇ ਵਿਚਾਰ ਵਿੱਚ ਸਿੱਖ ਪੰਚਾਇਤ ਦੇ ਸੀਨੀਅਰ ਮੈਂਬਰ ਵੀ ਸਨ ਪਰ ਹਰਮਿੰਦਰ ਸਿੰਘ ਨੇ ਇਸ ਤੇ ਕਬਜ਼ਾ ਕਰਕੇ ਇਸਦੇ ਵਿਸਥਾਰ ਵਿੱਚ ਠੱਲ ਪਾਈ। ਅਸੀਂ ਅਕੈਡਮੀ ਦੇ ਬਾਕੀ ਸੇਵਾਦਾਰਾਂ ਨਾਲ ਵਾਅਦਾ ਕਰਦੇ ਹਾਂ ਕਿ ਅਕੈਡਮੀ ਵਿੱਚ ਉਹਨਾਂ ਵੱਲੋਂ ਕੀਤੀ ਜਾਂਦੀ ਸੇਵਾ ਵਿੱਚ ਵਿਘਨ ਨਹੀਂ ਪਾਇਆ ਜਾਵੇਗਾ ਸਗੋਂ ਗੁਰਦੁਆਰਾ ਸਾਹਿਬ ਇਸਨੂੰ ਹੋਰ ਉਸਾਰੂ ਢੰਗ ਨਾਲ ਚਲਾਉਣ ਲਈ ਪੂਰਾ ਸਹਿਯੋਗ ਦੇਵੇਗਾ। ਹਰਮਿੰਦਰ ਸਿੰਘ ਸੰਗਤ ਤੋਂ ਵਸੂਲੇ ਪੈਸੇ ਜਮ੍ਹਾਂ ਕਰਵਾਏ ।





# ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਗੁਰਬਾਣੀ ਪ੍ਰਸਾਰਣ ਉੱਤੇ ਪੀ.ਟੀ.ਸੀ. ਦੀ ਅਜਾਰੇਦਾਰੀ ਦਾ ਪੱਖ ਪੂਰਿਆ

## ਕੀ ਪੀ.ਟੀ.ਸੀ. ਦਾ ਬਚਾਅ ਕਰਨਾ ਗੁਰਬਾਣੀ ਦੇ ਅਦਬ ਤੋਂ ਵੀ ਉੱਪਰ ਹੋ ਗਿਆ ਹੈ ?

**ਅੰਮ੍ਰਿਤਸਰ/ ਏ. ਟੀ. ਨਿਊਜ਼:** ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹੁੰਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਉੱਪਰ ਇੱਕ ਨਿੱਜੀ ਚੈਨਲ ਪੀ.ਟੀ.ਸੀ. ਦੀ ਅਜਾਰੇਦਾਰੀ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਇੱਕ ਵਾਰ ਮੁੜ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ।

ਤਾਜਾ ਮਾਮਲਾ ਸ਼੍ਰੋ.ਗੁ.ਪ੍ਰ.ਕ. ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦਿੱਤੇ ਗਏ ਉਸ ਬਿਆਨ ਨਾਲ ਉੱਠਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਗੁਰਬਾਣੀ ਪ੍ਰਸਾਰਣ ਦੇ ਪ੍ਰਬੰਧ ਵਿੱਚ ਤਬਦੀਲੀ ਕਰਨੀ ਸੰਭਵ ਹੀ ਨਹੀਂ ਹੈ।

ਮੌਜੂਦਾ ਪੰਜਾਬ ਸਰਕਾਰ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੱਲੋਂ ਸ਼੍ਰੋ.ਗੁ.ਪ੍ਰ.ਕ. ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰਕੇ ਗੁਰਬਾਣੀ ਪ੍ਰਸਾਰਣ ਦੇ ਪ੍ਰਬੰਧ ਨੂੰ ਪਾਰਦਰਸ਼ੀ, ਨਿਰਪੱਖ ਅਤੇ ਸੰਗਤੀ ਤਰੀਕੇ ਵਾਲਾ ਬਣਾਉਣ ਲਈ ਬੇਨਤੀ ਕਰਨ ਬਾਰੇ ਪ੍ਰਤੀਕਰਮ ਦਿੰਦਿਆਂ ਸ. ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜੋ ਵੀ ਗੁਰਬਾਣੀ ਪ੍ਰਸਾਰਣ ਹੋ ਰਿਹਾ ਹੈ ਉਹ ਨਿਯਮਾਂ ਤਹਿਤ ਹੋ ਰਿਹਾ ਹੈ ਅਤੇ ਇਸ ਵਿੱਚ ਤਬਦੀਲੀ ਸੰਭਵ ਨਹੀਂ ਹੈ।

**ਨਿਯਮਾਂ ਬਾਰੇ ਸੰਗਤ ਨੂੰ ਕੋਈ ਜਾਣਕਾਰੀ ਨਹੀਂ:**

ਭਾਵੇਂ ਕਿ ਸ਼੍ਰੋ.ਗੁ.ਪ੍ਰ.ਕ. ਪ੍ਰਧਾਨ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਗੁਰਬਾਣੀ ਪ੍ਰਸਾਰਣ ਨਿਯਮਾਂ ਮੁਤਾਬਕ ਹੋ ਰਿਹਾ ਹੈ ਪਰ ਅਸਲ ਵਿੱਚ ਉਹ ਨਿਯਮ ਕੀ ਹਨ ਅਤੇ ਕਿਹੜੇ ਵੇਲੇ ਬਣਾਏ ਗਏ ਹਨ ਇਸ ਬਾਰੇ ਸਿੱਖ ਸੰਗਤ ਨੂੰ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਜਿਹੀ ਜਾਣਕਾਰੀ ਸੰਗਤਾਂ ਦੀ ਜਾਣਕਾਰੀ ਹਿੱਤ ਛਾਪੀ ਜਾਂ ਸਾਂਝੀ ਕੀਤੀ ਗਈ ਹੈ।

**ਕੀ ਪੀ.ਟੀ.ਸੀ. ਵੱਲੋਂ ਗੁਰਬਾਣੀ ਨੂੰ ਬੌਧਿਕ ਜਗੀਰ ਦੱਸਣਾ ਵੀ ਸ਼੍ਰੋ.ਗੁ.ਪ੍ਰ.ਕ. ਵੱਲੋਂ ਬਣਾਏ ਨਿਯਮਾਂ ਦਾ ਹਿੱਸਾ ਹੈ ?**

ਸ਼੍ਰੋ.ਗੁ.ਪ੍ਰ.ਕ. ਪ੍ਰਧਾਨ ਸ. ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦਿੱਤੇ ਗਏ ਬਿਆਨ ਤੋਂ ਬਾਅਦ ਇਹ ਸਵਾਲ ਹੋਰ ਵੀ ਗੰਭੀਰ ਹੋ ਜਾਂਦਾ ਹੈ ਕਿ ਕੀ ਪੀ.ਟੀ.ਸੀ. ਵੱਲੋਂ ਗੁਰਬਾਣੀ ਨੂੰ ਆਪਣੀ ਬੌਧਿਕ ਜਗੀਰ ਦੱਸ ਕੇ ਜੋ ਗੁਰਬਾਣੀ ਦੀ ਘੋਰ ਬੇਅਦਬੀ ਕੀਤੀ ਜਾ ਰਹੀ ਹੈ ਉਸ ਬਾਰੇ ਸ਼੍ਰੋਮਣੀ ਕਮੇਟੀ ਚੁੱਪ ਕਿਉਂ ਹੈ ? ਅਤੇ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਥਿਤ ਨਿਯਮਾਂ ਤਹਿਤ ਗੁਰਬਾਣੀ ਨੂੰ ਬੌਧਿਕ ਜਗੀਰ ਦੱਸਣ ਦੇ ਹੱਕ ਵੀ ਪੀ.ਟੀ.ਸੀ. ਨੂੰ ਦਿੱਤੇ ਹੋਏ ਹਨ ?




**ਕੀ ਪੀ.ਟੀ.ਸੀ. ਦਾ ਬਚਾਅ ਸ਼੍ਰੋ.ਗੁ.ਪ੍ਰ.ਕ. ਲਈ ਗੁਰਬਾਣੀ ਦੇ ਅਦਬ ਤੋਂ ਵੀ ਉੱਪਰ ਹੋ ਗਿਆ ਹੈ ?**

ਪਿਛਲੇ ਮਹੀਨੇ ਜਦੋਂ ਇਹ ਗੱਲ ਸਾਹਮਣੇ ਆਈ ਕਿ ਪੀ.ਟੀ.ਸੀ. ਵੱਲੋਂ ਗੁਰਬਾਣੀ ਨੂੰ ਆਪਣੀ ਬੌਧਿਕ ਜਗੀਰ ਦੱਸ ਕੇ ਗੁਰਬਾਣੀ ਦੀ ਘੋਰ ਬੇਅਦਬੀ ਕੀਤੀ ਜਾ ਰਹੀ ਹੈ ਤਾਂ ਸ਼੍ਰੋ.ਗੁ.ਪ੍ਰ.ਕ. ਵੱਲੋਂ ਇਸ ਮਾਮਲੇ ਉੱਪਰ ਮੁਕੰਮਲ ਚੁੱਪ ਧਾਰੀ ਗਈ। ਖਬਰਖਾਨੇ ਦੇ ਵੱਖ ਵੱਖ ਹਿੱਸਿਆਂ ਨੇ ਬਕਾਇਦਾ ਇਹ ਗੱਲ ਲਿਖੀ ਕਿ ਸ਼੍ਰੋ.ਗੁ.ਪ੍ਰ.ਕ. ਦੇ ਨੁਮਾਇੰਦੇ ਇਸ ਮਾਮਲੇ ਉੱਪਰ ਪੱਤਰਕਾਰਾਂ ਨਾਲ ਗੱਲ ਕਰਨ ਤੋਂ ਬਚ ਰਹੇ ਹਨ।

ਲੰਘੀ 11 ਜਨਵਰੀ ਨੂੰ ਬਕਾਇਦਾ ਚਿੱਠੀ ਲਿਖ ਕੇ ਪੀ.ਟੀ.ਸੀ. ਵੱਲੋਂ ਗੁਰਬਾਣੀ ਉੱਪਰ ਆਪਣੀ ਅਜਾਰੇਦਾਰੀ ਦਰਸਾਉਣ ਦਾ ਮਾਮਲਾ ਅਦਾਰਾ ਸਿੱਖ ਸਿਆਸਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੋਬਿੰਦ ਸਿੰਘ ਲੌਂਗੋਵਾਲ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਪਰ ਇੱਕ ਮਹੀਨੇ ਤੋਂ ਵੀ ਵੱਧ ਸਮਾਂ ਬੀਤ ਜਾਣ ਉੱਤੇ ਵੀ ਇਸ ਮਾਮਲੇ ਵਿੱਚ ਦੋਵਾਂ ਉੱਚ ਅਧਿਕਾਰੀਆਂ ਵੱਲੋਂ ਕੋਈ ਜਵਾਬ ਨਹੀਂ ਭੇਜਿਆ ਗਿਆ।

ਦੂਜੇ ਬੰਨੇ ਸ਼੍ਰੋ.ਗੁ.ਪ੍ਰ.ਕ. ਪ੍ਰਧਾਨ ਵੱਲੋਂ ਗੁਰਬਾਣੀ ਪ੍ਰਸਾਰਣ ਦੇ ਸੰਗਤੀ ਪ੍ਰਬੰਧ ਸਬੰਧੀ ਸਾਹਮਣੇ ਆਏ ਮਸਲੇ ਉੱਤੇ ਤੁਰੰਤ ਪੀ.ਟੀ.ਸੀ. ਦਾ ਬਚਾਅ ਕੀਤਾ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਗੁਰਬਾਣੀ ਪ੍ਰਸਾਰਣ ਦੇ ਮੌਜੂਦਾ ਪ੍ਰਬੰਧ ਨੂੰ ਬਦਲਣਾ ਅਸੰਭਵ ਹੈ।

ਅਜਿਹੇ ਹਾਲਾਤ ਵਿੱਚ ਇਹ ਸੁਆਲ ਬਹੁਤ ਗੰਭੀਰ ਹੋ ਜਾਂਦਾ ਹੈ ਕਿ ਕੀ ਪੀ.ਟੀ.ਸੀ. ਦਾ ਬਚਾਅ ਕਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਵਾਸਤੇ ਗੁਰਬਾਣੀ ਦੇ ਅਦਬ ਤੋਂ ਵੀ ਉੱਪਰ ਹੋ ਗਿਆ ਹੈ ?

**ਗੁਰਬਾਣੀ ਪ੍ਰਸਾਰਨ ਮਾਮਲੇ ਵਿੱਚ ਬੇਨਿਯਮੀਆਂ ਦੀ ਜਾਂਚ ਕਰ ਰਹੀ ਹੈ ਸਿੱਖ ਸੰਗਤ ਵੱਲੋਂ ਬਣਾਈ ਗਈ ਕਮੇਟੀ:**

ਪਿਛਲੇ ਤਕਰੀਬਨ ਵੀਹ ਸਾਲਾਂ ਦੌਰਾਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਹੁੰਦੇ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਵਿੱਚ ਹੋਈਆਂ ਬੇਨਿਯਮੀਆਂ ਅਤੇ ਉਲੰਘਣਾਵਾਂ ਦੀ ਪੜਤਾਲ ਸਿੱਖ ਸੰਗਤ ਵੱਲੋਂ ਬਣਾਏ ਗਏ ਇੱਕ 6 ਜੀਆਂ ਦੇ ਉੱਚ ਪੱਧਰੀ ਜਾਂਚ ਜਥੇ ਵੱਲੋਂ ਕੀਤੀ ਜਾ ਰਹੀ ਹੈ। ਇਹ ਜਾਂਚ ਜਥਾ ਸਿੱਖ ਸੰਗਤ ਵੱਲੋਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ ਵਿਖੇ 17 ਜਨਵਰੀ ਨੂੰ ਕੀਤੀ ਗਈ ਇਕ ਅਹਿਮ ਇਕੱਤਰਤਾ ਦੌਰਾਨ ਕਾਇਮ ਕੀਤਾ ਗਿਆ ਸੀ ਅਤੇ ਇਸ ਦੀ ਜ਼ਿੰਮੇਵਾਰੀ ਲਗਾਈ ਗਈ ਹੈ ਕਿ ਗੁਰਬਾਣੀ ਪ੍ਰਸਾਰਨ ਮਾਮਲੇ ਵਿੱਚ ਗੁਰਮਤਿ ਕਾਨੂੰਨੀ ਅਤੇ ਵਿੱਤੀ ਪੱਖਾਂ ਤੋਂ ਹੋਈਆਂ ਉਲੰਘਣਾਵਾਂ ਦੀ ਜਾਂਚ ਕਰਕੇ ਇਸ ਸਬੰਧੀ ਤੱਥ ਆਧਾਰਤ ਲੇਖਾ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ ਜਾਵੇ। ਆਉਂਦੇ ਕੁਝ ਕੁ ਦਿਨਾਂ ਵਿੱਚ ਇਹ ਜਾਂਚ ਲੇਖਾ ਸਾਹਮਣੇ ਆ ਜਾਣ ਦੀ ਆਸ ਹੈ।



# ਸਿੱਖਾਂ ਅਤੇ ਕਸ਼ਮੀਰੀਆਂ ਨੇ ਸਾਂਝੇ ਤੌਰ ਤੇ ਮਨਾਇਆ ਕਸ਼ਮੀਰ ਇੱਕਮੁਠਤਾ ਦਿਵਸ




**ਨਿਊਯਾਰਕ/ਹੁਸਨ ਲੜੋਆ ਬੰਗਾ:** ਨਿਊਯਾਰਕ ਵਿੱਚ ਕਸ਼ਮੀਰ ਇੱਕਮੁਠਤਾ ਦਿਵਸ ਵਜੋਂ ਮਨਾਇਆ ਗਿਆ, ਮੋਦੀ ਸਰਕਾਰ ਵੱਲੋਂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਅਮਲਾਂ ਤੋਂ ਬਾਅਦ ਦੁਨੀਆ ਦੀਆਂ ਨਜ਼ਰਾਂ ਕਸ਼ਮੀਰ ਵੱਲ ਲੱਗੀਆਂ ਹੋਈਆਂ ਹਨ। ਇਸ ਸਬੰਧੀ ਪਾਕਿਸਤਾਨ, ਅਜ਼ਾਦ ਕਸ਼ਮੀਰ ਅਤੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਸਮਾਗਮ ਹੋਏ। ਪਾਕਿਸਤਾਨੀ ਅਮੈਰੀਕਨ ਥਿੰਕ ਟੈਂਕ ਵੱਲੋਂ ਇਸ ਸਬੰਧੀ ਇੱਕ ਵਿਸ਼ੇਸ਼ ਸਮਾਗਮ ਨਿਊਯਾਰਕ ਦੇ ਪ੍ਰਸਿੱਧ ਰੈਸਤੋਰਾਂ ਟੇਸਟ ਆਫ ਲਾਹੌਰ ਵਿੱਚ ਕਰਾਇਆ ਗਿਆ। ਇਸ ਸਮਾਗਮ ਵਿੱਚ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਮੁੱਖ ਬੁਲਾਰੇ ਦੇ ਤੌਰ ਤੇ ਅਤੇ ਪਾਕਿਸਤਾਨ ਦੀ ਕੌਂਸਲ ਜਨਰਲ ਆਇਸ਼ਾ ਅਲੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ। ਡਾ.ਅਮਰਜੀਤ ਸਿੰਘ ਨੇ ਕਿਹਾ, "ਮੋਦੀ ਸਰਕਾਰ ਹੁਣ ਨਾਜ਼ੀ ਹੁਕੂਮਤ ਦੀ ਤਰਜ ਤੇ ਚੱਲ ਰਹੀ ਹੈ ਅਤੇ ਸਾਮ, ਦਾਮ, ਦੰਡ, ਭੇਦ ਦੀ ਨੀਤੀ ਤੇ ਚੱਲਦਿਆਂ ਕਸ਼ਮੀਰ ਨੂੰ ਖੁੱਲੀ ਜੇਲ ਬਣਾਇਆ ਹੋਇਆ ਹੈ। ਘੱਟਗਿਣਤੀਆਂ ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ।" ਡਾ.ਅਮਰਜੀਤ ਸਿੰਘ ਨੇ ਪਾਕਿਸਤਾਨ ਦੀ ਸਰਕਾਰ ਵੱਲ ਵੀ ਇਸ਼ਾਰਾ ਕੀਤਾ ਕਿ ਮੋਦੀ ਸਰਕਾਰ ਦੇ ਇਸ ਚੱਕਰਵਿਊ ਨੂੰ ਰੋਕਣ ਲਈ ਕੋਈ ਠੋਸ ਨੀਤੀ ਤੇ ਕੰਮ ਕਰਨ ਦੀ ਸਲਾਹ ਦਿੱਤੀ। ਪਾਕਿਸਤਾਨ ਦੀ ਕੌਂਸਲ ਜਨਰਲ ਅਇਸ਼ਾ ਅਲੀ ਨੇ ਸੰਬੋਧਨ ਕਰਦਿਆਂ ਕਿਹਾ, "ਅਸੀਂ ਇਸ ਮੌਕੇ ਕਸ਼ਮੀਰੀਆਂ ਨਾਲ ਖਲੋਤੇ ਹਾਂ ਅਤੇ ਕਸ਼ਮੀਰ ਮਸਲੇ ਦੇ ਹੱਲ ਲਈ ਹਰ ਸੰਭਵ ਯਤਨ ਕਰ ਰਹੇ ਹਾਂ, ਯੂ.ਐਨ ਤੋਂ ਲੈ ਯੂਰੋਪੀਅਨ ਯੂਨੀਅਨ ਤੱਕ ਅਤੇ ਹੋਰ ਮੁਲਕਾਂ ਨਾਲ ਇਸ ਮਸਲੇ ਦੇ ਹੱਲ ਲਈ ਅਸੀਂ ਹਰ ਪੱਧਰ ਤੇ ਲਾਮਬੰਦੀ ਕਰ ਰਹੇ ਹਾਂ। 5 ਅਗਸਤ ਤੋਂ ਬਾਅਦ ਭਾਰਤ ਦੀ ਮਾਰੂ ਨੀਤੀ ਦੁਨੀਆ ਸਾਹਮਣੇ ਨੰਗੀ ਹੋਈ ਹੈ ਅਤੇ ਦੁਨੀਆ ਭਰ ਦੇ ਮੀਡੀਏ ਵਿੱਚ ਭਾਰਤ ਤੇ ਸਵਾਲ ਉਠਾਏ ਜਾ ਰਹੇ ਹਨ।"

ਨਿਊਯਾਰਕ ਵਿੱਚ ਸਿੱਖ-ਮੁਸਲਮਾਨ ਸਾਂਝ ਦੇ ਅਲੰਬਰਦਾਰ ਸਲੀਮ ਮਲਿਕ ਸਾਹਿਬ ਦੇ ਪਰਿਵਾਰ ਦਾ ਵੀ ਇਸ ਸਮਾਗਮ ਵਿੱਚ ਸਨਮਾਨ ਕੀਤਾ ਗਿਆ। ਮਲਿਕ ਸਾਹਿਬ ਨੇ ਪਿਛਲੇ ਕਈ ਸਾਲਾਂ ਤੋਂ ਦੋਹਾਂ ਭਾਈਚਾਰਿਆਂ ਦਰਮਿਆਨ ਏਕਤਾ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਸੀ। ਇਹ ਸਨਮਾਨ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਦੁਆਬਾ ਸਿੱਖ ਅਸੋਸੀਏਸ਼ਨ ਵੱਲੋਂ ਕੀਤਾ ਗਿਆ। ਸਟੇਜ ਦੀ ਕਾਰਵਾਈ ਰਾਜਾ ਰਜ਼ਾਕ, ਫਰੀਦਾ ਖਾਨ ਜੀ ਵੱਲੋਂ ਨਿਭਾਈ ਗਈ।

# ਬੀਬੀ ਦਲਜੀਤ ਕੌਰ ਪੰਨੂ ਦੇ ਪ੍ਰਧਾਨ ਬਣਨ ਤੇ ਐਨ ਆਰ ਆਈਜ਼ ਵਲੋ ਸੰਤੁਸ਼ਟੀ ਦਾ ਇਜਹਾਰ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਬਰੈਮਪਟਨ ਵੈਸਟ ਤੋਂ ਮੈਂਬਰ ਪਾਰਲੀਮੈਂਟ ਕਮਲ ਖਹਿਰਾ ਵਲੋ ਬੀਬੀ ਦਲਜੀਤ ਕੌਰ ਪੰਨੂ ਨੂੰ ਖਾਲਸਾ ਇੰਟਰਨੈਸ਼ਨਲ ਸਪੋਰਟਸ ਐਂਡ ਐਜੂਕੇਸ਼ਨਲ ਟਰੱਸਟ ਦੇ ਪੰਜਾਬ ਇਕਾਈ ਦੇ ਪ੍ਰਧਾਨ ਬਣਨ ਤੇ ਮੁਬਾਰਕਬਾਦ ਤੇ ਚੋਣ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਆਖਿਆ ਕਿ ਇਹ ਟਰੱਸਟ ਪੰਜਾਬ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੜਾਈ ਅਤੇ ਖੇਡਾਂ ਨੂੰ ਉਤਸ਼ਾਹ ਕਰਨ ਦੇ ਲਈ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ !

ਯੂ.ਕੇ ਤੋਂ ਟਰੱਸਟ ਦੇ ਚੇਅਰਮੈਨ ਸ.ਜਤਿੰਦਰਪਾਲ ਸਿੰਘ ਰੰਧਾਵਾ, ਸੋਨੂ ਜੰਮੂ, ਜੋਬਨ ਸੰਧੂ, ਜਰਮਨਜੀਤ, ਰੰਧਾਵਾ ਬ੍ਰਦਰ,ਹਰਪ੍ਰੀਤ ਜੋਸਨ, ਦੀਪਾ ਘੁਮਾਣ, ਗੈਰੀ ਗੈਂਗਰ, ਬਿੰਦਰ ਗੈਂਗਰ, ਮੌਂਟੀ ਗੈਂਗਰ, ਜੱਸਾ ਗੈਂਗਰ, ਹਰਪੰਥਪ੍ਰੀਤ ਸਿੰਘ, ਬਲਬੀਰ ਸਿੰਘ ਬੈਂਸ ਹਰਜੈਗੋਪਾਲ ਸਿੰਘ ਰੰਧਾਵਾ, ਹਰਸਿਮਰਪਾਲ ਕੌਰ ਰੰਧਾਵਾ, ਹਰਪ੍ਰੀਤ ਕੌਰ ਚਾਨਾ, ਮਨਦੀਪ ਕੌਰ ਸੰਘਾ, ਹਰਪ੍ਰੀਤ ਕੌਰ ਢਿੱਲੋ ਸਾਰੇ ਯੂ. ਕੇ. ਅਤੇ ਕੈਨੇਡਾ ਤੋਂ ਨਿਰਵੈਰ ਸਿੰਘ ਸੋਤਰਾ ਪ੍ਰਧਾਨ, ਸੁੱਖ ਭੌਰਾ, ਗੈਰੀ ਭੌਰਾ, ਜਗਜੀਤ ਸਿੰਘ ਤਾਤਲਾ, ਰਵੀਨ ਸਿੰਘ ਕੰਦੋਲਾ, ਬਲਿਹਾਰ ਸਿੰਘ ਰਾਏ, ਹਰਨੇਕ ਵਿਰਦੀ, ਜੀਤਾ ਰਟੈਂਡਾ, ਸਤਿੰਦਰ ਰੰਧਾਵਾ, ਰਾਜਬੀਰ ਸਿੱਧੂ, ਦਲਵੀਰ ਸਿੱਧੂ, ਆਸਟ੍ਰੇਲੀਆ ਤੋਂ ਅਖਤਿਆਰ ਸਿੱਧੂ, ਯੂ ਐਸ ਏ ਤੋਂ ਜੈਸੀ ਥਾਂਦੀ ਸੀ.ਈ.ਓ., ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਐਸ ਜੀ ਪੀ ਸੀ ਮੈਂਬਰ, ਸਮਾਜਿਕ ਆਗੂ ਐਮ.ਆਰ. ਪਾਲ ਆਦਿ ਨੇ ਬੀਬੀ ਦਲਜੀਤ ਕੌਰ ਪੰਨੂ ਨੂੰ ਮੁਬਾਰਕਬਾਦ ਸੁਨੇਹੇ ਭੇਜੇ। ਵਰਨਣਯੋਗ ਹੈ ਕਿ ਬੀਬੀ ਦਲਜੀਤ ਕੌਰ ਪੰਨੂ ਕਰੀਬ 30 ਸਾਲ ਤੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਵਿੱਚ ਅੱਖਾਂ ਦੇ ਵਿਭਾਗ ਵਿੱਚ ਸੇਵਾ ਕਰ ਰਹੇ ਹਨ ਤੇ ਸਮਾਜਿਕ ਕਾਰਜਾਂ ਵਿੱਚ ਹਿੱਸਾ ਲੈਂਦੇ ਰਹੇ ਹਨ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲਖਵੀਰ ਸਿੰਘ ਕੰਗ ਨੂੰ ਭਾਰੀ ਸਦਮਾ

**ਸ਼ਿਕਾਗੋ/ਮੱਖਣ ਸਿੰਘ ਕਲੇਰ ਸ਼ਿਕਾਗੋ:** ਆਪ ਜੀ ਨੂੰ ਬੜੇ ਦੁੱਖੀ ਹਿਰਦੇ ਨਾਲ ਦੱਸ ਰਹੇ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲਖਵੀਰ ਸਿੰਘ ਕੰਗ ਦੇ ਛੋਟੇ ਭਰਾਤਾ ਬਲਵੀਰ ਸਿੰਘ ਕੰਗ 14 ਫਰਵਰੀ ਸ਼ੁੱਕਰਵਾਰ ਨੂੰ ਦਿਲ ਦਾ ਦੌਰਾ ਪੈਣ ਨਾਲ ਅਚਾਨਕ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਬਰੈਂਮਪਟਨ ਟਰਾਂਟੋ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਉਨਾਂ ਦੇ ਪੰਜ ਭੂਤਕ ਸਰੀਰ ਦਾ ਸਸਕਾਰ 18 ਫਰਵਰੀ ਮੰਗਲ ਵਾਰ ਨੂੰ ਕੀਤਾ ਜਾ ਰਿਹਾ ਹੈ। ਸ੍ਰ ਬਲਵੀਰ ਸਿੰਘ ਕੰਗ ਦਾ ਪਿਛਕੋੜ ਦਸ਼ਮੇਸ਼ ਨਗਰ ਟਾਂਡਾ ਜਿਲਾ ਹੁਸ਼ਿਆਰਪੁਰ ਸੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਤੇ ਕਨੈਡਾ ਦੀ ਸਮੁੱਚੀ ਜਥੇਬੰਦੀ ਕੰਗ ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹੈ। ਇਸ ਦੁੱਖ ਦੀ ਘੜੀ ਵਿੱਚ ਵਾਹਿਗੁਰੂ ਅਗੇ ਅਰਦਾਸ ਕਰਦੇ ਹਾਂ ਕਿ ਸਮੂਹ ਕੰਗ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ।ਸ੍ਰ ਲਖਵੀਰ ਸਿੰਘ ਕੰਗ ਨਾਲ 1-219-779-5450 ਨੰਬਰ ਤੇ ਕਾਲ ਕਰਕੇ ਅਫਸੋਸ ਦਾ ਇਜ਼ਹਾਰ ਕੀਤਾ ਜਾ ਸਕਦਾ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਗੁਰੂ ਅੰਗਦ ਦੇਵ ਕਾਲਜ ਵਲੋਂ 'ਗੁਰਮਤਿ ਸੰਗੀਤ-ਪ੍ਰਾਪਤੀਆਂ ਅਤੇ ਸੰਭਾਵਨਾਵਾਂ' ਵਿਸ਼ੇ 'ਤੇ ਸੈਮੀਨਾਰ ਆਯੋਜਿਤ









**ਖਡੂਰ ਸਾਹਿਬ:** ਬਾਬਾ ਉੱਤਮ ਸਿੰਘ ਜੀ ਵਲੋਂ ਸਥਾਪਤ ਅਤੇ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਦੀ ਸ੍ਰਪਰਸਤੀ ਵਿਚ ਚਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲ ਖਡੂਰ ਸਾਹਿਬ ਵਲੋਂ ਅੱਜ ਕਾਲਜ ਦੇ 50 ਸਾਲਾ ਸਥਾਪਨਾ ਦਿਵਸ ਨੂੰ ਸਮਰਪਤ 'ਗੁਰਮਤਿ ਸੰਗੀਤ-ਪ੍ਰਾਪਤੀਆਂ ਅਤੇ ਸੰਭਾਵਨਾਵਾਂ' ਦੇ ਵਿਸ਼ੇ 'ਤੇ ਇਕ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਵਿਚ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਵਾਲਿਆਂ ਨੇ ਮੁੱਖ ਮਹਿਮਾਨ ਵਜੋਂ ਸ਼ਾਮੂਲੀਅਤ ਕੀਤੀ ਜਦਕਿ ਡਾ.ਗੁਰਨਾਮ ਸਿੰਘ, ਸਾਬਕਾ ਡੀਨ ਅਕਾਦਮਿਕ ਮਾਮਲੇ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੂੰਜੀਵਤ ਭਾਸ਼ਨ ਦਿੱਤਾ।

ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਗੁਰਮਤਿ ਸੰਗੀਤ ਦੀ ਵਿਲੱਖਣਤਾ ਇਹ ਹੈ ਕਿ ਇਹ ਕਲਾ ਪ੍ਰਧਾਨ ਨਹੀਂ ਹੈ ਸ਼ਬਦ ਪ੍ਰਧਾਨ ਹੈ।ਸੰਗੀਤ ਦੀ ਕਲਾ ਦੇ ਮਾਧਿਅਮ ਰਾਹੀਂ ਗੁਰੂ ਸਾਹਿਬ ਨੇ ਗੁਰਬਾਣੀ ਸ਼ਬਦਾਂ ਨੂੰ ਪੇਸ਼ ਕੀਤਾ।ਸ਼ਬਦ ਗੁਰੂ ਹੈ, ਸੰਗੀਤ ਮਾਧਿਅਮ ਹੈ।ਉਨਾਂ ਹੋਰ ਕਿਹਾ ਕਿ ਗੁਰਮਤਿ ਸੰਗਤੀ ਵਿਚ ਗੁਰੂ ਮਾਹਾਰਾਜ ਨੇ ਸ਼ਾਸ਼ਤਰੀ ਅਤੇ ਲੋਕ ਸੰਗੀਤ ਦਾ ਸੁਮੇਲ ਕੀਤਾ ਹੈ। ਉਨਾਂ ਦੱਸਿਆ ਕਿ ਪਿਛਲੀ ਅਧੀ ਕੁ ਸਦੀ ਦੇ ਸਮੇਂ ਵਿਚ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਗਰਮਤਿ ਸੰਗੀਤ ਦੀ ਵਿਲੱਖਣਤਾ ਨੂੰ ਸਥਾਪਤ ਕਰ ਦਿੱਤਾ ਹੈ।ਇਸ ਵਿਸ਼ੇ ਦੇ ਵੱਖ ਵੱਖ ਪਹਿਲੂਆਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਲੇਖ ਲਿਖੇ ਗਏ ਹਨ।ਉਨਾਂ ਕਿਹਾ ਕਿ 1993 ਵਿਚ ਅਸੀਂ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਸਲੇਬਸ ਵਿਚ ਗੁਰਮਤਿ ਸੰਗੀਤ ਨੂੰ ਵਿਸ਼ੇ ਵਜੋਂ ਸ਼ਾਮਲ ਕਰਵਾਉਣ ਵਿਚ ਕਾਮਯਾਬ ਹੋਏ ਸਾਂ,ਹੁਣ ਇਹ ਇਕ ਸੰਪੂਰਨ ਵਿਸ਼ੇ ਵਜੋਂ ਵਿਕਸਤ ਹੋ ਰਿਹਾ ਹੈ।ਉਨਾਂ ਸੰਭਾਵਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਨੌਜਵਾਨ ਬਹੁਤ ਸੁਰੀਲਾ ਸ਼ਬਦ ਗਾਇਨ ਕਰ ਰਹੇ ਹਨ,ਕਠਿਨ ਰਾਗਾਂ ਨੂੰ ਵੀ ਗਾ ਰਹੇ ਹਨ। ਪਰ ਸਾਨੂੰ ਗੁਰਬਾਣੀ ਵਿਚ ਸਥਾਪਤ 31 ਸਥਾਪਤ ਰਾਗਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ ਅਤੇ ਮਰਿਯਾਦਾ ਵਿਚ ਰਹਿੰਦਿਆਂ ਸ਼ਬਦ ਗਾਇਨ ਦੀ ਕਲਾ ਨੂੰ ਹੋਰ ਵਿਕਸਤ ਕਰਨਾ ਚਾਹੀਦਾ ਹੈ। ਅਸੀਂ ਤੰਤੀ ਸਾਜਾਂ ਨੂੰ ਪੁਨਰ ਸੁਰਜੀਤ ਕਰਨ ਵਿਚ ਕਾਮਯਾਬ ਰਹੇ ਹਾਂ ਅਤੇ ਤੰਤੀ ਸਾਜ਼ਾਂ ਨਾਲ ਗੁਰਬਾਣੀ ਗਾਇਨ ਨੂੰ ਹੋਰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਉਭਰ ਰਹੇ ਨਵੇਂ ਸਾਜ਼ਕਾਰਾਂ,ਕੀਰਤਨੀਆ,ਵਿਆਖਿਆਕਾਰਾਂ ਅਤੇ ਵਿਚਾਰਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ।ਸਾਰੀਆਂ ਯੂਨੀਵਰਸਟੀਆਂ ਅਤੇ ਸੰਸਥਾਵਾਂ ਦਾ ਸਲੇਬਸ ਇਕ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

ਇਸ ਸਮਾਗਮ ਵਿਚ ਬੋਲਦਿਆਂ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਨੇ ਕਿਹਾ ਕਿ ਸਾਰੀ ਬਾਣੀ ਰਾਗਾਂ ਵਿਚ ਹੈ।ਕਲਜੁਗ ਵਿਚ ਕੀਰਤਨ ਦੀ ਹੀ ਪ੍ਰਧਾਨਤਾ ਹੈ ਪਰ ਗੁਰੂ ਸਾਹਿਬ ਵਲੋਂ ਧਿਆਨ ਨਾਲ ਜਪਣ ਦੀ ਵੀ ਹਦਾਇਤ ਹੈ।ਉਨਾਂ ਕਿਹਾ ਕਿ ਸਾਡੇ ਕੀਰਤਨੀਆਂ ਨੂੰ ਰਾਗ ਵਿਚ ਨਿਪੁੰਨਤਾ ਹਾਸਲ ਕਰਨੀ ਚਾਹੀਦੀ ਹੈ।ਉਨਾਂ ਕਿਹਾ ਕਿ ਵਿਦਿਆ ਨਾਲ ਹੀ ਛੋਟੀਆਂ ਕੌਮਾਂ ਆਪਣੀ ਹੋਂਦ ਬਚਾ ਸਕਦੀਆਂ ਹਨ।ਉਨਾਂ ਕਾਰ ਸੇਵਾ ਖਡੂਰ ਸਾਹਿਬ ਵਲੋਂ ਵਿਦਿਆ ਦੇ ਖੇਤਰ ਵਿਚ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਮੈਡਮ ਨਵੇਦਤਾ ਸਿੰਘ ਨੇ ਸੈਮੀਨਾਰ ਸੈਸ਼ਨ ਦੀ ਪ੍ਰਧਾਨਗੀ ਕੀਤੀ।ਸੈਮੀਨਾਰ ਵਿਚ ਪ੍ਰੋ. ਹਰਭਜਨ ਸਿੰਘ ਧਾਲੀਵਾਲ, ਡਾ.ਕਮਲੇਸ਼ਇੰਦਰ ਸਿੰਘ, ਗੁਰੂ ਨਾਨਾਕ ਦੇਵ ਯੂਨੀਵਰਸਿਟੀ ਦੇ ਪ੍ਰੋ.ਹਰਮੀਤ ਸਿੰਘ, ਸਰਕਾਰੀ ਕਾਲਜ ਰੋਪੜ ਦੇ ਪ੍ਰੋ.ਗੁਰਪ੍ਰੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਤੋਂ ਰਮਨਦੀਪ ਕੌਰ, ਗੁਰੂ ਨਾਨਕ ਖਾਲਸਾ ਕਾਲਜ ਦੀ ਅਸਿਸਟੈਂਟ ਪ੍ਰੋਫੈਸਰ ਮੈਡਮ ਗੁਰਪ੍ਰੀਤ ਕੌਰ ਆਦਿ ਵਿਦਵਾਨਾਂ ਨੇ ਗੁਰਮਤਿ ਸੰਗੀਤ ਬਾਰੇ ਆਪਣੇ ਪਰਚੇ ਪੇਸ਼ ਕੀਤੇ।

ਇਸ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਕੰਵਲਜੀਤ ਸਿੰਘ ਨੇ ਆਏ ਵਿਦਵਾਨਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਉਨਾਂ ਦੱਸਿਆ ਕਿ ਕਾਲਜ ਦੇ 50 ਸਾਲਾ ਸਥਾਪਨਾ ਦਿਵਸ 'ਤੇ ਗੁਰਮਤਿ ਸੰਗੀਤ ਬਾਰੇ ਤਿੰਨ ਸੈਮੀਨਾਰਾਂ ਦੀ ਲੜੀ ਆਯੋਜਿਤ ਕੀਤੀ ਜਾਵੇਗੀ।ਇਸ ਯਤਨ ਵਿਚ ਸਾਨੂੰ ਬਹੁਤ ਵੱਡਾ ਹੁੰਘਾਰਾ ਮਿਲਿਆ ਹੈ।ਉਨਾਂ ਕਿਹਾ ਕਿ ਸਾਡਾ ਇਹ ਯਤਨ ਗੁਰੂ ਸਾਹਿਬ ਵੇਲੇ ਸੁਰਜੀਤ ਹੋਈ ਅਤੇ ਬਾਅਦ ਵਿਚ ਅਲੋਪ ਹੋ ਗਈ ਕੀਰਤਨ ਦੀ ਖਡੂਰੀਆ ਪ੍ਰੰਪਰਾ ਨੂੰ ਪੁਨਰਸੁਰਜੀਤ ਕਰਨ ਵੱਲ ਵੀ ਸੇਧਿਤ ਹੈ।ਇਸ ਸਾਰੇ ਸਮਾਗਮ ਦੌਰਾਨ ਪ੍ਰੋ.ਹਰਮੀਤ ਕੌਰ ਨੇ ਸਟੇਜ ਦਾ ਪ੍ਰਬੰਧ ਸੰਭਾਲਿਆ।ਪ੍ਰੋ. ਪ੍ਰਭਦੀਪ ਸਿੰਘ ਨੇ ਸੈਮੀਨਾਰ ਨੂੰ ਆਯੋਜਿਤ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਇਸ ਮੌਕੇ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਤੋਂ ਇਲਾਵਾ ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਹਿਬਾਨ,ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਮੌਜੂਦ ਸਨ











Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਕੈਪਟਨ ਅਮਰਿੰਦਰ ਸਿੰਘ ਸਰਕਾਰੀ ਵਿਭਾਗਾਂ ਦੀ ਢਿਲੀ ਕਾਰਗੁਜਾਰੀ ਨੂੰ ਦਰੁਸਤ ਕਰਨ ਲਈ ਯੋਗ ਕਾਰਵਾਈ ਕਰਨ-ਸਤਨਾਮ ਸਿੰਘ ਚਾਹਲ

**ਜਲੰਧਰ :** ਦੇਸ਼ ਵਿਦੇਸ਼ ਵਿਚ ਵਸਦੇ ਪੰਜਾਬੀਆਂ ਦੇ ਮਸਲਿਆਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਦੇ ਵਿਭਾਗਾਂ ਦੀ ਕਾਰਗੁਜ਼ਾਰੀ ਬਹੁਤ ਮਾੜੀ ਤੇ ਨਿੰਦਣਯੋਗ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਇਹ ਚਿੰਤਾ ਦਾ ਵਿਸ਼ਾ ਵੀ ਹੋਣਾ ਚਾਹੀਦਾ ਹੈ। ਇਹ ਪ੍ਰਗਟਾਵਾ ਸਤਨਾਮ ਸਿੰਘ ਚਾਹਲ ਕਾਰਜਕਾਰੀ ਡਾਇਰੈਕਟਰ ਨੌਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਅੱਜ ਇਥੋਂ ਜਾਰੀ ਕੀਤੇ ਗਏ ਇਕ ਪ੍ਰੈਸ ਬਿਆਨ ਰਾਹੀਂ ਕੀਤਾ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਸ: ਚਾਹਲ ਨੇ ਦੱਸਿਆ ਕਿ ਉਸ ਦੀ ਐਨ.ਆਰ.ਆਈ ਬੇਟੀ ਮਨਦੀਪ ਕੌਰ ਨੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਪੰਜਾਬ ਨੂੰ ਇਨਸਾਫ ਲੈਣ ਦੀ ਬੇਨਤੀ ਕਰਨ ਲਈ ਇਕ ਬਿਨੈ ਪੱਤਰ ਭੇਜਿਆ ਸੀ ਜਿਸ ਨੂੰ ਜੂਨ 06,2017 ਨੂੰ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਪੰਜਾਬ ਨੇ ਪੀਬੀਐਚਐਮ/ਈ/2017/00014 ਨੰਬਰ ਦੇ ਤਹਿਤ ਪ੍ਰਾਪਤ ਕੀਤਾ ਸੀ। ਸ: ਚਾਹਲ ਨੇ ਦਸਿਆ ਕਿ 17 ਦਸੰਬਰ, 2019 ਨੂੰ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਪੰਜਾਬ ਦੀ ਟਿੱਪਣੀ ਨਾਲ ਇੱਕ ਈਮੇਲ ਉਸਦੀ ਬੇਟੀ ਮਨਦੀਪ ਕੌਰ ਨੂੰ ਮਿਲੀ ਕਿ ਵਿਭਾਗ ਨੂੰ ਉਸਦੇ ਬਿਨੈਪੱਤਰ ਦੇ ਨਾਲ ਕੋਈ ਹੋਰ ਨੱਥੀ ਕੀਤੇ ਗਏ ਕਾਗਜ ਨਹੀਂ ਮਿਲੇ ਜਿਸ ਕਾਰਣ ਹੋਰ ਜਾਣਕਾਰੀ ਲੋੜੀਂਦੀ ਕਾਰਵਾਈ ਕਰਨ ਦੇ ਯੋਗ ਬਣਾਉਣ ਲਈ ਇਸ ਬਿਨੈਪੱਤਰ ਨੂੰ ਦੁਬਾਰਾ ਭੇਜਣ ਦੀ ਬੇਨਤੀ ਦੇ ਨਾਲ ਸਬੰਧਤ ਦਸਤਾਵੇਜ ਦੁਬਾਰਾ ਭੇਜੇ ਜਾਣ ਕਿਉਂਕਿ ਅਜਿਹੇ ਦਸਤਾਵੇਜ ਫਾਈਲ ਦੇ ਨਾਲ ਨਹੀਂ ਹਨ. ਸ: ਚਾਹਲ ਨੇ ਦਸਿਆ ਕਿ ਇੰਝ ਵਿਭਾਗ ਵਲੋਂ ਸ਼ਿਕਾਇਤਕਰਤਾ ਨੂੰ ਇਹ ਦੱਸਣ ਲਈ ਤਕਰੀਬਨ ਢਾਈ ਸਾਲ ਦਾ ਸਮਾਂ ਲਗ ਗਿਆ ਕਿ ਵਿਭਾਗ ਨੂੰ ਬਿਨੈਪੱਤਰ ਦੇ ਨਾਲ ਹੋਰ ਜਾਣਕਾਰੀ ਲੋੜੀਂਦੇ ਦਸਤਾਵੇਜ ਪਰਾਪਤ ਨਹੀਂ ਹੋਏ ਹਨ। ਚਾਹਲ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਜੇਕਰ ਸਾਡੇ ਸਰਕਾਰੀ ਵਿਭਾਗਾਂ ਦੀ ਕਾਰਗੁਜ਼ਾਰੀ ਇਸ ਤਰਾਂ ਦੀ ਹੀ ਰਹੇਗੀ ਤਾਂ ਇਹ ਸਰਕਾਰੀ ਵਿਭਾਗ ਸ਼ਿਕਾਇਤਕਰਤਾ ਨੂੰ ਇਨਸਾਫ ਕਿਸ ਤਰਾਂ ਦੇ ਸਕਣਗੇ।

ਸ: ਚਾਹਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਸਰਕਾਰੀ ਵਿਭਾਗਾਂ ਦੀ ਢਿਲੀ ਕਾਰਗੁਜਾਰੀ ਦਾ ਸਖਤ ਨੋਟਿਸ ਲੈ ਕੇ ਇਹਨਾਂ ਸਰਕਾਰੀ ਵਿਭਾਗਾਂ ਦੀ ਢਿਲੀ ਕਾਰਗੁਜਾਰੀ ਨੂੰ ਦਰੁਸਤ ਬਣਾਉਣ ਲਈ ਹਰ ਸੰਭਵ ਕਾਰਵਾਈ ਕਰਨ ਤਾਂ ਕਿ ਪੰਜਾਬ ਸਰਕਾਰ ਦੇ ਵਕਾਰ ਨੂੰ ਖਤਮ ਹੋਣ ਤੋਂ ਬਚਾਇਆ ਜਾ ਸਕੇ।



12/17/2019 STATUS QUERY FORM

Government of Punjab INDIA

Your Grievance Status

| | |
|---|---|
| Registration No. | : PBHOM/E/2017/00014 |
| Name of Complainant | : Mandeep Kaur |
| Received By | : Home Affairs and Justice Department |
| Received On | : 06-06-2017 |
| Case Presently with | : Home Affairs and Justice Department |
| Current Status | : FINAL DISPOSAL |
| Details/Reason | : |

Details

FINAL REPLY DETAILS: attachment and other information needed to us is not with file,kindly send it again to take nessarry action.

Action History Table

| Action Date | Description | Sent By | Case Presently Dealt | Action Taken Report Attachment |
|---|---|---|---|---|
| 17-12-2019 | FINAL DISPOSAL | Home Affairs and Justice Department | Home Affairs and Justice Department | |
| 17-12-2019 | EXAMINED AT OUR LEVEL | Home Affairs and Justice Department | Home Affairs and Justice Department | |
| 29-08-2018 | NOT PERTAINING TO THIS ORGANISATION | Director General of Police Investigation | Home Affairs and Justice Department | |
| 22-08-2018 | NOT PERTAINING TO THIS ORGANISATION | SSP Office Jalandhar Rural | Director General of Police Investigation | |
| 14-08-2018 | REDIRECTED TO OTHER ORGANISATION | Director General of Police Investigation | SSP Office Jalandhar Rural | |
| 13-08-2018 | NOT PERTAINING TO THIS ORGANISATION | SSP Office Tarn Taran | Director General of Police Investigation | |
| 27-06-2018 | TAKEN UP WITH SUBORDINATE ORGANISATION | Director General of Police Investigation | SSP Office Tarn Taran | |
| 15-02-2018 | TAKEN UP WITH SUBORDINATE ORGANISATION | Home Affairs and Justice Department Forwarding Remarks: Please take an immediate action. | Director General of Police Investigation | |
| 06-06-2017 | RECEIVED THE GRIEVANCE | Citizen | Home Affairs and Justice Department | |

# ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ ਸਾਲਾਨਾ ਅਖੰਡ ਪਾਠਾਂ ਦੀ ਸਮਾਪਤੀ ‘ਤੇ ਕੀਰਤਨ ਸਮਾਗਮ ਹੋਏ



**ਫਰਿਜ਼ਨ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਹਰ ਸਾਲ ਦੀ ਤਰਾਂ ਬਾਬਾ ਨੰਦ ਸਿੰਘ ਜੀ ਅਤੇ ਬਾਬਾ ਈਸ਼ਰ ਸਿੰਘ ਜੀ ਦੀ ਨਿੱਘੀ ਯਾਦ ਅੰਦਰ ਵਰੋਸਾਏ ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਮਾਘ ਮਹੀਨੇ ਤੋਂ ਲਗਾਤਾਰ ਚਲ ਰਹੀ ਅਖੰਡ ਪਾਠਾ ਦੀ ਲੜੀ ਦੀ ਸਮਾਪਤੀ ਦੌਰਾਨ ਮਹਾਨ ਕੀਰਤਨ ਸਮਾਗਮ ਕਰਵਾਏ ਗਏ। ਜਿਸ ਦੌਰਾਨ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਧਰਮ ਪ੍ਰਚਾਰਕ ਬੁੱਧੀ ਜੀਵੀਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾ ਹੋਈਆ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਤਤਨੀ ਜੱਥੇ ਹੋਰ ਕੀਰਤਨੀ ਜੱਥਿਆ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਜਦ ਕਿ ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ‘ਤੇ ਪਹੁੰਚੇ ਭਾਈ ਅਮਰਜੀਤ ਸਿੰਘ ਤਾਨ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਨਿਰੋਲ ਸਬਦ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਭਾਈ ਸਾਹਿਬ ਨੇ ਜੀਵਨ ਦੀ ਜਾਂਚ ਅਤੇ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਲੜ ਲੱਗਣ ਦੀ ਗੱਲ ਕੀਤੀ। ਜਦ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪਣੀ ਹਾਜ਼ਰੀ ਭਰੀ। ਇਸ ਸਮੇਂ ਦਾ ਮਹੌਲ ਇਕ ਧਾਰਮਿਕ ਸਮਾਗਮ ਦੇ ਨਾਲ-ਨਾਲ ਮੇਲੇ ਵਾਂਗ ਲੱਗ ਰਿਹਾ ਸੀ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਘੱਟ ਅਤੇ ਲੰਗਰਾਂ ਦੇ ਵਿੱਚ ਜੁੜੀਆਂ ਵੱਧ ਨਜ਼ਰ ਆ ਰਹੀਆਂ ਸਨ। ਇੱਥੇ ਸਮਾਗਮ ਦੌਰਾਨ ਸੰਗਤਾਂ ਨੇ ਆਪਣੀ-ਆਪਣੀ ਸਰਧਾ ਅਨੁਸਾਰ ਗੁਰਬਾਣੀ, ਗੁਰਮਤਿ ਵਿਚਾਰਾ ਦਾ ਅਨੰਦ ਮਾਣਿਆ। ਇਸ ਅਖੰਡ ਪਾਠਾਂ ਦੀ ਲੜੀ ਵਿੱਚ ਸਮੁੱਚੇ ਇਲਾਕੇ ਦੀਆ ਸੰਗਤਾਂ ਨੇ ਮਨ, ਤਨ ਅਤੇ ਧਨ ਨਾਲ ਸੇਵਾਵਾ ਨਿਭਾਈਆ। ਸਮਾਪਤੀ ਦੇ ਸਮਾਗਮ ਦੌਰਾਨ ਫਰਿਜ਼ਨੋ ਦੇ ਟਰੱਕਾ ਵਾਲੇ ਪਰਿਵਾਰਾ ਨੇ ਬਾਕੀ ਸੰਗਤ ਨਾਲ ਰਲ ਕੇ ਅਖੰਡਪਾਠ ਸਾਹਿਬ ਅਤੇ ਲੰਗਰਾਂ ਦੀਆ ਸੇਵਾਵਾ ਕੀਤੀਆਂ। ਅੰਤ ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਇਆਂ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## 20-21 ਫਰਵਰੀ ਨੂੰ ਸਾਕਾ ਨਨਕਾਣਾ ਸਾਹਿਬ 'ਤੇ ਵਿਸ਼ੇਸ਼

# ਜਿਨਾਂ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ...



ਇਕਵਾਕ ਸਿੰਘ ਪੱਟੀ

ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਪਾਵਣ ਜਨਮ ਅਸਥਾਨ ਗੁ. ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਆਜ਼ਾਦ ਕਰਵਾਉਣ ਵੇਲੇ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਣ ਦੇ ਕੇਂਦਰ ਵੱਜੋਂ ਪੇਸ਼ ਕਰਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ। ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬੱਦਤਰ ਹਾਲਾਤ ਉਸ ਸਥਾਨ ਤੇ ਬਣਾ ਛੱਡੇ ਸਨ। ਹੁਣ ਕੇਵਲ ਉੱਥੇ ਨਾਚੀਆਂ ਦਾ ਨਾਚ ਹੀ ਨਹੀਂ ਸੀ ਹੁੰਦਾ ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੇ ਇੱਜ਼ਤ ਵੀ ਮਹਿਫੂਸ ਨਹੀਂ ਸੀ ਰਹੀ। ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਵਰਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਘਟੀਆ ਕੁਕਰਮ (ਬਲਾਤਕਾਰ) ਕੀਤਾ। ਇਸੇ ਹੀ ਸਾਲ ਪੂਰਨਮਾਸੀ ਦੀ ਇੱਕ ਰਾਤ ਨੂੰ ਜਿਲਾ ਲਾਇਲਪੁਰ ਦੇ ਜੜਾਂ ਵਾਲੇ ਇਲਾਕੇ ਦੀਆਂ 6 ਬੀਬੀਆਂ ਜੋ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿੱਤ ਪੁਜੀਆਂ ਉਹਨਾਂ ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜੱਦ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਹਿੱਤ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4,5,6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸਦਣ ਬਾਰੇ ਵੀਚਾਰ ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਮਹੰਤ ਨਰਾਇਣ ਦਾਸ ਬਾਰੇ ਵੀਚਾਰ ਕੀਤਾ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ ਕਿਉਂ ਜੁ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰਾਂ ਕਿਸੇ ਵੀ ਤਰਾਂ ਦੀ ਕੋਈ ਸ਼ਿਕਾਇਤਿ ਨਹੀਂ ਆਵੇਗੀ।

ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ



ਕਰਕੇ ਸੱਭ ਗੁਰਮਤ ਸੁਧਾਰਕਾਂ ਨੂੰ ਖਤਮ ਕਰ ਦੇਣਾ ਹੈ। ਇਸ ਲਈ ਉਸਨੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖਾਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਹਨਾਂ ਨੇ 17 ਫਰਵਰੀ 1921 ਨੂੰ ਇੱਕ ਵਿਸ਼ੇਟਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ। ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿੱਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿੱਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ।

ਮਿਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥' ਅਤੇ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥' ਦੇ ਮਾਹਾਂਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ ਤੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ "ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ।" ਇਸ ਤਰਾਂ ਭਾਈ ਲਛਮਣ ਸਿੰਘ ਜੀ ਦਾ ਜੱਥਾ ਸ਼ਬਦ ਪੜਦਾ ਹੋਇਆ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਣ ਸਰੂਪ ਵਿੱਚ ਵੀ ਕਈ ਗੋਲੀਆਂ ਲੰਘੀਆਂ। ਇਹ ਸੀ ਜੁਲਮ ਦੀ ਇੰਤਹਾ ਸੀ। ਇਸੇ ਤਰਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ ਤਾਂ ਉਹਨਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ ਜੋ ਕਿ ਇੱਕ ਅਲਮਾਰੀ ਵਿੱਚ ਬੰਦ ਸੀ ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਸੀ।

ਗੁ. ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਤਰਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖਾਂ ਨੂੰ ਸੌਂਪੀਆਂ ਅਤੇ ਅੰਗਰੇਜ ਸਰਕਾਰ ਵੱਲੋਂ ਮੌਕੇ ਤੇ ਫਰਾਰ ਹੋਏ ਮਹੰਤ ਨੂੰ ਵੀ ਸਖਤ ਸਜ਼ਾ ਦਿੱਤੀ ਗਈ। ਇਸ ਤਰਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰਮਰਿਯਾਦਾ ਬਹਾਲ ਕੀਤੀ ਗਈ।

ਉਪਰੋਕਤ ਅਭੁੱਲ ਸਾਕੇ ਨੂੰ ਅੱਜ ਵੀ ਰੋਜ਼ਾਨਾ ਅਰਦਾਸ ਕਰਨ ਵੇਲੇ ਯਾਦ ਕੀਤਾ ਜਾਂਦਾ ਹੈ, 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

---

# ਡੁੱਲੇ ਬੇਰ ਹਾਲੇ ਵੀ ਚੁੱਕਣ ਦੇ ਕਾਬਿਲ



\- ਮਿੰਟੂ ਬਰਾੜ ਆਸਟ੍ਰੇਲੀਆ

ਦਿੱਲੀ 'ਚ ਕੰਮ ਦੀ ਜਿੱਤ ਹੋਈ ਤੇ ਨਫਰਤ ਦੀ ਹਾਰ। ਭਾਜਪਾ ਨੇ ਆਪਣੀ ਸਾਰੀ ਤਾਕਤ ਝੋਕ ਕੇ ਚੋਣਾਂ ਦੇ ਅਖੀਰਲੇ ਦਿਨਾਂ 'ਚ ਹਰ ਇਕ ਨੂੰ ਸੋਚੀਂ ਪਾ ਦਿੱਤਾ ਸੀ। ਪਰ ਇਕੱਲੇ ਮਨੋਜ ਤਿਵਾੜੀ ਤੋਂ ਬਿਨਾਂ ਕਿਸੇ ਹੋਰ ਨੇ ਕਦੇ ਵੀ ਇਹ ਨਹੀਂ ਸੋਚਿਆ ਸੀ ਕਿ ਕੇਜਰੀਵਾਲ ਅਗਲੇ ਮੁੱਖਮੰਤਰੀ ਨਹੀਂ ਬਣ ਸਕਦੇ। ਬੱਸ ਹਰ ਇਕ ਦੀ ਸੋਚ ਸੀ ਕਿ ਦੇਖੋ ਕਿੰਨੀਆਂ ਸੀਟਾਂ ਲੈ ਕੇ ਆਪ ਤੀਜੀ ਬਾਰ ਸੱਤਾ 'ਚ ਆਉਂਦੀ ਹੈ। ਭਾਵੇਂ ਸਰਵੇ ਕੇਜਰੀਵਾਲ ਨੂੰ ਪੰਜਾਹ ਤੋਂ ਵੱਧ ਸੀਟਾਂ ਦਿੰਦੇ ਰਹੇ ਪਰ ਬੁੱਧੀਜੀਵੀ ਵਰਗ ਅਮਿਤ ਸਾਹ ਦੀਆਂ ਚਾਲਾਂ ਤੋਂ ਭੈਭੀਤ ਦਿਸ ਰਿਹਾ ਸੀ। ਉਨਾਂ ਦਾ ਕਹਿਣਾ ਸੀ ਕੁਝ ਵੀ ਹੋ ਸਕਦਾ। ਪਰ ਅਖੀਰ 'ਚ 62 ਸੀਟਾਂ ਤੇ ਜਿੱਤ ਦਰਜ ਕਰ ਕੇ ਆਪ ਨੇ ਸਭ ਨੂੰ ਹੈਰਾਨ ਕਰ ਦਿੱਤਾ ਤੇ ਨਾਲੇ ਸੋਚੀ ਪਾ ਦਿੱਤਾ ਕਿ ਹੁਣ ਸਹੀ ਸਮਾਂ ਹੈ ਆਪ ਦਾ ਦਿੱਲੀ ਤੋਂ ਬਾਹਰ ਖੰਭ ਖਿਲਾਰਨ ਦਾ। ਜਦੋਂ ਇਹ ਗੱਲ ਉੱਠਦੀ ਹੈ ਤਾਂ ਸਭ ਤੋਂ ਪਹਿਲਾਂ ਅੱਖ ਪੰਜਾਬ 'ਤੇ ਆਉਂਦੀ ਹੈ।

ਇਕ ਵੇਲਾ ਸੀ ਜਦੋਂ ਪੰਜਾਬ ਨੇ ਵੀ ਆਪ ਨੂੰ ਅੱਖੀਂ ਬਿਠਾ ਲਿਆ ਸੀ। ਪਰ ਬੱਜਰ ਗਲਤੀਆਂ ਕਾਰਨ ਪੰਜਾਬ 'ਚ ਆਉਂਦਿਆਂ ਅੱਸੀ ਤੋਂ ਵੀ ਵੱਧ ਸੀਟਾਂ ਵੀਹ 'ਚ ਸਿਮਟ ਕੇ ਰਹਿ ਗਈਆਂ ਸਨ। ਜੋ ਬਾਅਦ 'ਚ ਹੋਰ ਵੀ ਖੇਰੂੰ-ਖੇਰੂੰ ਹੋ ਗਈਆਂ ਸਨ।

ਪਿਛੋਕੜ ਦੀਆਂ ਹੋਈਆਂ ਗਲਤੀਆਂ ਤੋਂ ਸਿੱਖ ਕੇ ਜੇ ਹੁਣ ਵੀ ਆਪ ਕੁਝ ਵੱਡੇ ਫੈਸਲੇ ਕਰ ਲਵੇ ਤਾਂ ਹੋ ਸਕਦਾ ਪੰਜਾਬ ਵੀ ਜਿੱਤ ਲਵੇ। ਜੋ ਕੋਈ ਅਸੰਭਵ ਕੰਮ ਨਹੀਂ ਦਿਸ ਰਿਹਾ। ਨਵਜੋਤ ਸਿੱਧੂ ਅੱਜ ਵੀ ਚੌਰਾਹੇ ਤੇ ਖੜਾ। ਉਨਾਂ ਦੀ ਕਾਬਲੀਅਤ ਤੇ ਭਰੋਸਾ ਕੀਤਾ ਜਾ ਸਕਦਾ ਹੈ। ਉਨਾਂ ਨੂੰ ਨਾ ਕਿ ਸਟਾਰ ਪ੍ਰਚਾਰਕ ਬਲਕਿ ਮੁੱਖਮੰਤਰੀ ਦਾ ਚਿਹਰਾ ਬਣਾ ਕੇ ਆਪ ਅੱਧੇ ਯੁੱਧ ਨੂੰ ਜਿੱਤ ਸਕਦੀ ਹੈ। ਸਿੱਧੂ ਨਾਲ ਹੋਣਹਾਰ ਪਰਗਟ ਸਿੰਘ ਤੇ ਹੋ ਸਕਦਾ ਬੈਂਸ ਭਰਾ ਵੀ ਆ ਜਾਣ। ਡਾ ਧਰਮਵੀਰ ਗਾਂਧੀ ਜਿਹੇ ਬੇਦਾਗ ਇਨਸਾਨਾਂ ਨੂੰ ਮਨਾਇਆ ਜਾ ਸਕਦਾ ਹੈ। ਸੁਖਪਾਲ ਸਿੰਘ ਖਹਿਰਾ ਵੀ ਬੱਸ ਬਹਾਨਾ ਹੀ ਭਾਲਦਾ ਕਿ ਕੇਜਰੀਵਾਲ ਉਨਾਂ ਨੂੰ ਕਹਿਣ ਕਿ ਤੁਹਾਡਾ ਆਪ 'ਚ ਦੁਆਰਾ ਸੁਆਗਤ ਹੈ। ਮੇਰੇ ਹਿਸਾਬ ਨਾਲ ਤਾਂ ਸੁੱਚਾ ਸਿੰਘ ਛੋਟੇਪੁਰ ਨੂੰ ਵੀ ਵਾਪਸ ਬੁਲਾਇਆ ਜਾ ਸਕਦਾ ਹੈ।



ਆਪ ਪਾਰਟੀ ਲਈ ਭਗਵੰਤ ਮਾਨ ਦੀ ਕੁਰਬਾਨੀ ਵੱਡੀ ਹੈ ਤੇ ਵੱਡੀ ਰਹੇਗੀ। ਪਰ ਉਨਾਂ ਨੂੰ ਵੀ ਇਕ ਟੀਮ ਪਲੇਅਰ ਵਾਲੀ ਭੂਮਿਕਾ 'ਚ ਆਉਣਾ ਪਵੇਗਾ। ਕਿਉਂਕਿ ਪਿਛਲੇ ਵਾਰ ਇਹ ਦੋਸ ਲੱਗਿਆ ਸੀ ਕਿ ਭਗਵੰਤ ਮਾਨ ਨੇ ਵੱਡੇ ਦਿੱਗਜਾਂ ਨੂੰ ਜਾਣ ਬੁੱਝ ਕੇ ਆਪ 'ਚ ਨਹੀਂ ਆਉਣ ਦਿੱਤਾ। ਸਾਇਦ ਉਨਾਂ ਨੂੰ ਮੁੱਖਮੰਤਰੀ ਦੀ ਕੁਰਸੀ ਦਿਸਣ ਲੱਗ ਪਈ ਸੀ।

ਸੁਣਨ 'ਚ ਤਾਂ ਇਹ ਵੀ ਆ ਰਿਹਾ ਸੀ ਕਿ ਹੋ ਸਕਦਾ ਕੇਜਰੀਵਾਲ ਦਿੱਲੀ ਦੀ ਡੋਰ ਮਨੀਸ ਸਿਸੋਦੀਆ ਨੂੰ ਫੜਾ ਕੇ ਖੁਦ ਆਪਣਾ ਰਥ ਪੰਜਾਬ ਵੱਲ ਕਰ ਲੈਣ। ਪਰ ਇਨਾਂ ਕੁ ਤਾਂ ਤਹਿ ਹੈ ਕਿ ਲੰਮੇ ਵਕਫੇ ਮਗਰੋਂ ਕੇਜਰੀਵਾਲ ਪੰਜਾਬ 'ਚ ਰੋਡ ਸੋਅ ਕਰਨ ਆ ਰਹੇ ਹਨ। ਜੇ ਕਰ ਉਹ ਸੱਚੀ ਆ ਰਹੇ ਹਨ, ਤਾਂ ਮੇਰਾ ਮੰਨਣਾ ਹੈ ਇਕ ਉਨਾਂ ਨੂੰ ਪਹਿਲਾਂ ਉਪਰੋਕਤ ਦਿੱਗਜਾਂ ਨੂੰ ਖੁਦ ਸੰਪਰਕ ਕਰਨਾ ਚਾਹੀਦਾ ਹੈ ਤੇ ਇਸ ਰੋਡ ਸੋਅ ਨੂੰ ਇਸ ਤਰਾਂ ਉਲੀਕਿਆ ਜਾਵੇ ਕਿ ਇਸ ਦੌਰਾਨ ਚੰਗੇ ਲੋਕਾਂ ਨੂੰ ਤੇ ਲੀਡਰਾਂ ਨੂੰ ਆਪ 'ਚ ਭਾਰਤੀ ਕੀਤਾ ਜਾਵੇ।

ਪਟਿਆਲੇ ਸਿੱਧੂ ਅਤੇ ਗਾਂਧੀ ਕੇਜਰੀਵਾਲ ਦੀ ਉਡੀਕ 'ਚ ਖੜੇ ਹੋਣ, ਲੁਧਿਆਣੇ ਬੈਂਸ ਤੇ ਖਹਿਰਾ, ਮੁਹਾਲੀ ਕੰਵਰ ਸੰਧੂ, ਗੁਰਦਾਸਪੁਰ 'ਚ ਸੁੱਚਾ ਸਿੰਘ ਛੋਟੇਪੁਰ ਅਤੇ ਗੁਰਪ੍ਰੀਤ ਘੁੱਗੀ, ਅਤੇ ਜਲੰਧਰ 'ਚ ਪਰਗਟ ਸਿੰਘ ਹੱਥ 'ਚ ਫੁੱਲਾਂ ਦਾ ਹਾਰ ਲਈ ਖੜੇ ਹੋਣ। ਭਾਵੇਂ ਪਹਿਲਾਂ ਲੱਖ ਮਨਮੁਟਾਅ ਹੋ ਗਏ ਹੋਣ ਪਰ ਸੱਚ ਇਹੀ ਹੈ ਕਿ ਉਪਰੋਕਤ ਸਾਰੇ ਨਾਵਾਂ ਉੱਤੇ ਪੰਜਾਬ ਦੀ ਜਨਤਾ ਹਾਲੇ ਵੀ ਭਰੋਸਾ ਕਰਦੀ ਹੈ। ਇਤਿਹਾਸ ਗਵਾਹ ਹੈ ਕਿ ਪੰਜਾਬੀ ਕਦੇ ਵੀ ਬਾਹਰਲੀਆਂ ਦੀ ਚੌਧਰ ਸਵੀਕਾਰ ਨਹੀਂ ਕਰਦੇ।

ਜੇ ਇਹ ਸਾਰੇ 2017 ਦਿਆਂ ਚੋਣਾ 'ਚ ਇਕੱਠੇ ਹੋ ਜਾਂਦੇ ਤਾਂ ਨਤੀਜੇ ਕੁੱਝ ਹੋਰ ਹੀ ਹੋਣੇ ਸਨ। ਪਰ ਡੁੱਲੇ ਬੇਰ ਹਾਲੇ ਵੀ ਚੁੱਕਣ ਦੇ ਕਾਬਿਲ ਹਨ। ਪੰਜਾਬ ਦੀ ਜਨਤਾ ਕੋਲ ਹੁਣ ਬੱਸ ਇਹ ਆਖਰੀ ਆਸ ਬਚੀ ਹੈ। ਕੇਜਰੀਵਾਲ ਜੇ ਪਹਿਲ ਕਰ ਲਵੇ ਝੁਕਣ ਦੀ, ਤਾਂ ਫਲ ਵੀ ਉਸੇ ਦੇ ਲੱਗੂ।

ਇੱਥੇ ਇਹ ਵੀ ਜਕਿਰਯੋਗ ਹੈ ਕਿ ਇਹ ਸਾਰੇ ਇਕੱਠੇ ਤਾਂ ਲੱਖ ਦੇ ਹੋ ਸਕਦੇ ਹਨ ਪਰ ਇਕੱਲਾ ਇਕੱਲਾ ਤਾਂ ਰੋਲ ਕੇ ਰੱਖ ਦਿੱਤਾ ਹੈ ਘਾਣ ਸਿਆਸਤਦਾਨਾਂ ਨੇ। ਭਾਵੇਂ ਉਹ ਸਿੱਧੂ ਹੋਵੇ ਭਾਵੇਂ ਖਹਿਰਾ। ਬੈਂਸ ਭਰਾਵਾਂ ਨੇ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀ ਜਾਨ ਲੜਾ ਰੱਖੀ ਹੈ ਪਰ ਉਹ ਵੀ ਇਕੱਲੇ ਪੰਜਾਬ ਦੀ ਕਿਸਮਤ ਨਹੀਂ ਬਦਲ ਸਕਦੇ। ਹਾਲ ਦੀ ਘੜੀ ਪਿਛਲੀ ਤਿੰਨ ਸਾਲ ਦੀ ਕੈਪਟਨ ਦੀ ਕਾਰਗੁਜਾਰੀ ਦੁਬਾਰਾ ਜਿੱਤਣ ਵਾਲੀ ਨਹੀਂ ਦਿਖਾਈ ਦੇ ਰਹੀ। ਟਕਸਾਲੀ ਅਕਾਲੀ ਸੁਖਬੀਰ ਥੱਲੇ ਲੱਗਣ ਨੂੰ ਤਿਆਰ ਨਹੀਂ। ਸੋ ਭਾਵੇਂ ਆਪ ਨੇ ਪਿਛਲੇ ਸਾਲਾਂ 'ਚ ਪੰਜਾਬ 'ਚ ਆਪਣਾ ਆਧਾਰ ਗੁਆਇਆ ਹੀ ਹੈ। ਪਰ ਫੇਰ ਵੀ ਜੇ ਉਪਰੋਕਤ ਤਰੀਕੇ ਦਾ ਇਕ ਰੋਡ ਸੋਅ ਹੁਣ ਕੇਜਰੀਵਾਲ ਕਰਦੇ ਹਨ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਦਸ ਕੁ ਦਿਨਾਂ 'ਚ ਕੇਜਰੀਵਾਲ ਦੇ ਬਰਾਬਰ ਪੰਜਾਬ ਦੇ ਹਾਲੇ ਵੀ ਚਹੇਤੇ ਉਪਰੋਕਤ ਨੇਤਾ ਮੋਢੇ ਨਾਲ ਮੋਢਾ ਮਿਲਾ ਕੇ ਖੜ ਸਕਦੇ ਹਨ।

ਇੱਥੇ ਮਤਲਬ ਕੇਜਰੀਵਾਲ ਦੇ ਮਗਰ ਲੱਗਣ ਦਾ ਨਹੀਂ ਹੈ ਬੱਸ ਇਕ ਬਹਾਨਾ ਹੈ ਚੰਗੀ ਸੋਚ ਅਤੇ ਚੰਗੇ ਅਤੇ ਬੇਦਾਗ ਲੋਕਾਂ ਨੂੰ ਮੂਹਰੇ ਲਿਆਉਣ ਦਾ। ਪੰਜਾਬ 'ਚ 2022 ਦੀ ਇਬਾਰਤ ਲਿਖਣ ਦਾ ਹੁਣ ਸੁਨਹਿਰੀ ਮੌਕਾ ਹੈ। ਲੋਹਾ ਗਰਮ ਆ, ਹਥੌੜਾ ਤਿਆਰ ਪਿਆ, ਬੱਸ ਲੋੜ ਹੈ ਹੋਮੇ ਤਿਆਗ ਕੇ ਇਕ ਜੋਰਦਾਰ ਸੱਟ ਮਾਰਨ ਦੀ।

# ਸਿੱਖੀ ਦਾ ਕੱਚ-ਘਰੜ ਵਿਸ਼ਲੇਸ਼ਣ ਕਰਨ ਵਾਲੇ ਉੱਜਲ ਦੁਸਾਂਝ ਨੂੰ ਬਹਿਸ ਦੀ ਸਿੱਧੀ ਚੁਣੌਤੀ

**- ਡਾ. ਗੁਰਵਿੰਦਰ ਸਿੰਘ,ਵੈਨਕੂਵਰ**

ਕਿਸੇ ਸਮੇਂ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰਹਿ ਚੁੱਕੇ ਉੱਜਲ ਦੁਸਾਂਝ ਅੱਜ ਕੱਲ ਟਿੱਪਣੀਕਾਰ ਵਜੋਂ ਚਰਚਾ 'ਚ ਰਹਿੰਦੇ ਹਨ। ਮਸਲਾ ਚਾਹੇ ਰਾਜਸੀ ਹੋਵੇ ਤੇ ਚਾਹੇ ਸਮਾਜਿਕ, ਚਾਹੇ ਕੈਨੇਡਾ ਦਾ ਹੋਵੇ ਤੇ ਚਾਹੇ ਭਾਰਤ ਦਾ, ਚਾਹੇ ਮੋਦੀ ਦਾ ਹੋਵੇ ਤੇ ਚਾਹੇ ਇਮਰਾਨ ਖਾਨ ਦਾ, ਦੁਸਾਂਝ ਆਪਣੇ 'ਕੀਮਤੀ ਵਿਚਾਰ' ਜ਼ਰੂਰ ਪੇਸ਼ ਕਰਦੇ ਹਨ। ਉਂਞ ਚਾਹੇ ਉਹ ਧਰਮ 'ਚ ਵਿਸ਼ਵਾਸ ਨਹੀਂ ਰੱਖਦੇ ਤੇ ਸਿੱਖਾਂ ਦੇ ਘਰ ਜੰਮਣ ਦੇ ਬਾਵਜੂਦ, ਕਦੇ ਵੀ ਖੁਦ ਨੂੰ 'ਸਿੱਖ" ਨਹੀਂ ਅਖਵਾਉਂਦੇ, ਪਰ ਸਿੱਖ ਧਰਮ ਜਾਂ ਸਿੱਖੀ ਸਿਧਾਂਤਾਂ ਬਾਰੇ ਟੀਕਾ- ਟਿੱਪਣੀ ਕਰਨਾ ਉਹ ਆਪਣਾ 'ਜਨਮ ਸਿੱਧ ਅਧਿਕਾਰ' ਸਮਝਦੇ ਹਨ। ਉਜੱਲ ਦੁਸਾਂਝ ਦੀਆਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਧਰਮ ਦੇ ਭਗਤੀ ਤੇ ਸਕਤੀ ਦੇ ਸੰਦੇਸ਼ ਅਤੇ ਉਪਦੇਸ ਬਾਰੇ ਟਿੱਪਣੀਆਂ ਵੀ ਇਸੇ ਖਿਆਲ ਵਿਚੋਂ ਹੀ ਆਈਆਂ ਹਨ।

ਉਜੱਲ ਦੁਸਾਂਝ ਦਾ ਇਹ ਕਹਿਣਾ ਹੈ ਕਿ ਜਿਹੜਾ ਮਨੁੱਖ ਦੁਨੀਆਂ ਨੂੰ ਤਬਦੀਲ ਕਰਨਾ ਚਾਹੁੰਦਾ ਹੈ, ਉਹ ਐਕਟਵਿਸਟ ਹੈ ਅਤੇ ਗੁਰੂ ਨਾਨਕ ਇਕ 'ਐਕਟਿਵਿਸਟ' ਅਤੇ 'ਸੁਧਾਰਕ' ਸਨ। ਨਾ ਕਿ ਸਿੱਖ ਧਰਮ ਦਾ ਨਵਾਂ 'ਗਾਡੀ ਰਾਹ' ਤੇ 'ਨਿਰਮਲ ਪੰਥ' ਸ਼ੁਰੂ ਕਰਨ ਵਾਲੇ ਧਰਮ ਗੁਰੂ। ਦੁਸਾਂਝ ਦਾ ਇਹ ਕਹਿਣਾ ਹੈ ਕਿ ਜੇ ਓਹ ਐਕਟਵਿਸਟ ਨਾ ਹੁੰਦੇ, ਬਾਣੀ ਲਿਖੀ ਜਾਂਦੇ, ਬਾਣੀ ਪੜੀ ਜਾਂਦੇ ਤੇ ਪ੍ਰਚਾਰ ਕਰੀ ਜਾਂਦੇ। ਗੁਰੂ ਨਾਨਕ ਸਾਹਿਬ ਬਾਰੇ ਸਤਿਕਾਰਤ ਸੰਬੋਧਨੀ ਲਹਿਜੇ ਨੂੰ ਗਲਤ ਕਰਾਰ ਦਿੰਦਿਆਂ ਦੁਸਾਂਝ ਦਾ ਇਹ ਵੀ ਕਹਿਣਾ ਹੈ ਕਿ 'ਨਾਨਕ ਹੁੰਦਾ' ਜਾਂ 'ਨਾਨਕ ਕਹਿੰਦਾ' ਆਦਿ ਸ਼ਬਦ ਬਾਬੇ ਨਾਨਕ ਨੂੰ ਜ਼ਿਆਦਾ ਨੇੜੇ ਮਹਿਸੂਸ ਕਰਵਾਉਂਦੇ ਹਨ, ਜਦ ਕਿ ਮੱਥੇ ਟੇਕ ਕੇ ਅਸੀਂ ਉਨਾਂ ਦੀ ਸਿੱਖਿਆ ਤੋਂ ਦੂਰ ਹੋ ਰਹੇ ਹਾਂ। ਕੁੱਲ ਮਿਲਾ ਕੇ ਦੁਸਾਂਝ ਦੀਆਂ ਸਾਰੀਆਂ ਟਿੱਪਣੀਆਂ ਗੁਰੂ ਸਾਹਿਬ ਨੂੰ ਇੱਕ 'ਐਕਟਵਿਸਟ' ਤੇ 'ਰੀਫਾਰਮਰ' ਤੱਕ ਆਖਣ ਦੀ ਸੀਮਤ ਸੋਚ 'ਚੋਂ ਹੀ ਉਪਜਦੀਆਂ ਹਨ, ਕਿਉਂਕਿ ਉੱਜਲ ਦੁਸਾਂਝ ਦੀ ਦ੍ਰਿਸ਼ਟੀ ਅਤੇ ਸੋਚਣੀ ਇਸ ਤੋਂ ਅਗਾਂਹ ਦੇਖਣ ਦੇ ਸਮਰੱਥ ਨਹੀਂ।

ਅਜਿਹਾ ਪਹਿਲੀ ਵਾਰ ਨਹੀਂ ਹੋਇਆ ਜਦੋਂ ਦੁਸਾਂਝ ਨੇ ਸਿੱਖ ਗੁਰੂਆਂ ਅਤੇ ਸਿੱਖੀ ਸਿਧਾਂਤ ਬਾਰੇ ਊਲ-ਜਲੂਲ ਬੋਲਿਆ ਹੋਵੇ। ਆਪਣੀ ਇਕ ਕਿਤਾਬ 'ਜਰਨੀ ਆਫਟਰ ਮਿਡ ਨਾਈਟ' ਵਿੱਚ ਤਾਂ ਉਨਾਂ ਦੋ ਕਦਮ ਹੋਰ ਅੱਗੇ ਜਾਂਦਿਆਂ ਮੂਰਖਤਾ ਦਾ ਖੁੱਲ ਕੇ ਪ੍ਰਦਰਸ਼ਨ ਕੀਤਾ ਹੈ। ਇਸ ਵਿੱਚ ਦੁਸਾਂਝ ਨੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਧਾਂਤਕ ਰੂਪ ਵਿੱਚ ਵੀ ਵੱਖੋ- ਵੱਖ ਪੇਸ਼ ਕਰਦਿਆ ਇੱਕ ਗੁਰੂ ਦੀ ਹਮਾਇਤ ਅਤੇ ਦੂਸਰੇ ਗੁਰੂ ਸਾਹਿਬ ਖਿਲਾਫ ਬੇਵਕੂਫਾਨਾ ਬਿਆਨਬਾਜ਼ੀ ਕੀਤੀ ਹੈ। ਇੱਥੇ ਦੁਸਾਂਝ ਹਿੰਸਾ ਅਤੇ ਅਹਿੰਸਾ ਦੀ ਰਾਹਾਂ ਵਿਚਕਾਰ ਫਰਕ ਦੱਸਦੇ ਹੋਏ, ਪਹਿਲਾਂ ਮਹਾਤਮਾ ਬੁੱਧ ਅਤੇ ਉਸ ਤੋਂ ਪ੍ਰੇਰਨਾ ਲੈਣ ਵਾਲੇ ਰਾਜਾ ਅਸ਼ੋਕ ਦੀ ਗੱਲ ਕਰਦੇ ਹਨ। ਦੂਜੀ ਉਦਾਹਰਨ ਗੁਰੂ ਸਾਹਿਬਾਨ ਬਾਰੇ ਦਿੰਦਿਆਂ ਦੁਸਾਂਝ ਦਾ ਆਖਣਾ ਹੈ ਕਿ 'ਗੁਰੂ ਨਾਨਕ' ਨੇ ਸ਼ਾਂਤੀ ਦੇ ਢੰਗ ਰਾਹੀਂ ਉਪਦੇਸ਼ ਦਿੱਤਾ, ਜਦਕਿ 'ਗੁਰੂ ਗੋਬਿੰਦ' (ਦੁਸਾਂਝ ਇੱਥੇ ਗੁਰੂ ਸਾਹਿਬ ਨਾਲ ਵੀ ਉਵੇਂ ਹੀ 'ਸਿੰਘ" ਸ਼ਬਦ ਨਹੀਂ ਵਰਤਦਾ, ਜਿਵੇਂ ਆਪ ਖੁਦ ਸਿੱਖਾਂ ਦੇ ਘਰ ਜੰਮਣ ਦੇ ਬਾਵਜੂਦ ਨਾਂ ਵਿੱਚੋਂ ਸਿੰਘ ਸ਼ਬਦ ਹਟਾ ਕੇ, 'ਨਾ ਘਰ ਦਾ ਨਾ ਘਾਟ ਦਾ' ਬਣਿਆ ਹੋਇਆ ਹੈ) ਨੇ ਖੂਨ ਡੋਲਣ, ਭਾਵ ਹਿੰਸਾ ਦੇ ਢੰਗ ਰਾਹੀਂ ਇਨਸਾਫ ਲਈ ਤਿਆਰ ਕੀਤਾ। ਇੱਥੇ ਹੀ ਹੋਰ ਮਿਸਾਲਾਂ ਪੇਸ ਕਰਦਿਆਂ ਉਹ ਮੋਹਨਦਾਸ ਕਰਮਚੰਦ ਗਾਂਧੀ ਦਾ ਭਗਤ ਬਣ ਕੇ ਸੁਭਾਸ਼ ਚੰਦਰ ਬੋਸ ਦੀ ਨਿਖੇਧੀ ਕਰਦੇ ਹਨ। ਆਪਣੀ ਅਕਲ ਦਾ ਜਨਾਜਾ ਕਢਦੇ ਹੋਏ ਬੇਤੁੱਕੀ ਤੁਲਨਾ ਰਾਹੀਂ, ਦੁਸਾਂਝ ਵਿੱਚੇ ਹੀ ਗੁਰੂ ਸਾਹਿਬਾਨ ਅਤੇ ਵਿੱਚੇ ਹੀ ਗਾਂਧੀ- ਭਗਤ ਸਿੰਘ ਦੀਆਂ ਉਦਾਹਰਨਾਂ ਰਲਗੱਡ ਕਰਕੇ, ਆਖਰਕਾਰ ਖੁਦ ਨੂੰ 'ਅਹਿੰਸਾਵਾਦੀ' ਦੱਸਣ ਦਾ ਪਾਖੰਡ ਰਚਦੇ ਹਨ ਅਤੇ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਜੀ ਅਤੇ ਗਾਂਧੀ-ਭਗਤ ਸਿੰਘ ਨੂੰ ਇੱਕ ਧਰਾਤਲ 'ਤੇ ਖੜੇ ਕਰਕੇ ਅਮੇਚ, ਅਜੋੜ ਅਤੇ ਅਰਥਹੀਣ ਵਿਸ਼ਲੇਸ਼ਣ ਪੇਸ਼ ਕਰਦੇ ਹਨ।

ਉੱਜਲ ਦੁਸਾਂਝ ਦੀਆਂ ਇਹ ਸਾਰੀਆਂ ਮਿਸਾਲਾਂ ਉਵੇਂ ਹੀ ਗਲਤ ਹਨ ਜਿਵੇਂ ਓਸ ਦਾ ਮੈਡੀਕਲ ਖੇਤਰ ਤੋਂ ਕੋਰਾ ਸੱਖਣਾ ਹੋਣ ਦੇ ਬਾਵਜੂਦ , ਕੈਨੇਡਾ ਦਾ ਸਿਹਤ ਮੰਤਰੀ ਬਣਨਾ। ਜਿਥੋਂ ਤੱਕ ਸਿੱਖ ਧਰਮ ਦੇ ਮੋਢੀ ਵਜੋਂ ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਦੀ ਗੱਲ ਹੈ, ਉਹਨਾਂ ਵੱਲੋਂ ਧਾਰਮਿਕ ਪਾਖੰਡ, ਸਮਾਜਿਕ ਨਾਬਰਾਬਰੀ ਅਤੇ ਰਾਜਸੀ ਤਾਨਾਸ਼ਾਹੀ ਦੇ ਖਿਲਾਫ ਸਿੰਘ ਗਰਜ ਰਾਹੀਂ ਇਤਿਹਾਸਕ ਪਹਿਲਕਦਮੀ ਕਰਦਿਆਂ, ਇਨਾਂ ਨੂੰ ਪੂਰੀ ਤਰਾਂ ਮੂਲੋਂ ਹੀ ਰੱਦ ਕੀਤਾ ਹੈ ਅਤੇ ਨਵੇਂ ਬਦਲਵੇਂ ਸਿਧਾਂਤ ਦਿੱਤੇ ਹਨ। ਦੂਸਰੇ ਪਾਸੇ ਧਾਰਮਿਕ ਅਤੇ ਰੂਹਾਨੀ ਪੱਖ ਤੋਂ ਗੁਰੂ ਨਾਨਕ ਸਾਹਿਬ ਵਲੋਂ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।।" ਦੇ



ਰੂਪ 'ਚ ਰੱਬ ਦੇ ਸਕੰਲਪ ਦੀ ਅਸਲੋਂ ਨਵੀਂ ਵਿਆਖਿਆ, ਰੂਹਾਨੀ ਹਕੀਕਤ ਦੀ ਤਰਜਮਾਨੀ ਕਰਦੀ ਹੈ। 'ਕਿਰਤ ਕਰਨ' ਅਤੇ 'ਵੰਡ ਛਕਣ' ਦੇ ਨਾਲ ਹੀ 'ਨਾਮ ਜਪਣ' ਦਾ ਮੂਲ ਉਪਦੇਸ਼ ਵੀ ਸਿੱਖ ਧਰਮ ਦੀ ਬੁਨਿਆਦ ਹੈ, ਜਿਸ ਨੂੰ ਜਾਨਣ ਲਈ ਗੁਰੂ ਨਾਨਕ ਬਾਣੀ ਤੋਂ ਸੇਧ ਲੈਣ ਦੀ ਲੋੜ ਹੈ।ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਦਾ 'ਇੱਕ ਜੋਤ ਅਤੇ ਇੱਕ ਜੁਗਤ' ਰੂਪੀ ਨਿਰੰਤਰ ਸਫ਼ਰ, ਇੱਕ ਦੂਜੇ ਤੋਂ ਅੱਡ ਕਰਕੇ ਵੇਖਣਾ ਨਿਰੀ ਮੂਰਖਤਾ ਕਹੀ ਜਾ ਸਕਦੀ ਹੈ। ਗੁਰੂ ਨਾਨਕ ਬਾਣੀ ਬਾਬਰ ਨੂੰ ਜਾਬਰ ਅਤੇ ਸਾਰੇ ਜੁਲਮੀ ਰਾਜਿਆਂ ਅਤੇ ਉਨਾਂ ਦੇ ਵਜ਼ੀਰਾਂ ਨੂੰ ਲੋਕਾਂ ਦਾ ਖੂਨ ਪੀਣ ਵਾਲੇ ਬਘਿਆੜ ਤੇ ਕੁੱਤੇ ਕਰਾਰ ਦਿੰਦੀ ਹੈ ਅਤੇ ਉਨਾਂ ਖਿਲਾਫ ਭਗਤੀ ਤੇ ਸ਼ਕਤੀ, ਧਰਮ ਤੇ ਰਾਜਨੀਤੀ, ਮਾਲਾ ਅਤੇ ਕਿਰਪਾਨ ਦੇ ਰੂਪ ਵਿੱਚ ਸਿਰ ਤਲੀ 'ਤੇ ਧਰ ਕੇ ਲੜਨ ਦੀ ਸੇਧ ਦਿੰਦੀ ਹੋਈ' ਪ੍ਰੇਮ ਦੇ ਸੱਚੇ ਮਾਰਗ ਨੂੰ ਬਿਆਨ ਕਰਦੀ ਹੈ। ਇਹ ਸੰਕਲਪ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਭ ਗੁਰੂ ਸਹਿਬਾਨ ਦਾ ਸਾਂਝਾ ਹੈ, ਜਿਸ ਨੂੰ ਇੱਕ ਦੂਜੇ ਤੋਂ ਨਿਖੇੜਨਾ ਸੰਭਵ ਹੀ ਨਹੀਂ ਹੈ।

ਸਿੱਖੀ ਸਿਧਾਂਤ ਤੋਂ ਬੇਸਮਝ ਦੁਸਾਂਝ ਨੂੰ ਇਹ ਵੀ ਨਹੀਂ ਪਤਾ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੇ 'ਮੀਰੀ ਤੇ ਪੀਰੀ' ਦੀਆਂ ਦੋ ਕਿਰਪਾਨਾਂ ਸਜਾਈਆਂ ਸਨ ਅਤੇ ਮੌਕੇ ਦੀ ਜ਼ਾਲਮ ਰਾਜਿਆਂ ਖ਼ਿਲਾਫ਼ ਯੁੱਧ ਕੀਤੇ ਸਨ। ਉਸ ਨੂੰ ਏਨੀ ਇਤਿਹਾਸਕ ਸੋਝੀ ਵੀ ਨਹੀਂ ਕਿ ਗੁਰੂ ਤੇਗ ਬਹਾਦਰ ਜੀ ਨੇ ਵੀ ਆਪਣੇ ਸਮੇਂ ਦੀ ਜ਼ਾਲਮ ਬਾਦਸ਼ਾਹ ਦੇ ਖਲਿਫ਼ ਲੋਕਾਂ ਦੇ ਅਧਿਕਾਰਾਂ ਲਈ ਮੈਦਾਨੇ-ਜੰਗ ਵਿੱਚ ਤੇਗ' ਭਾਵ ਕਿਰਪਾਨ ਚਲਾਈ ਅਤੇ ਮਗਰੋਂ ਮਨੁੱਖੀ ਅਧਿਕਾਰਾਂ ਲਈ ਅਤੇ ਧਾਰਮਿਕ ਆਜ਼ਾਦੀ ਲਈ ਸ਼ਹਾਦਤ ਦਿੱਤੀ। ਬੌਧਿਕ ਕੰਗਾਲੀ ਦੀ ਸੋਚ ਵਾਲੇ ਦੁਸਾਂਝ ਨੂੰ ਇਹ ਵੀ ਨਹੀਂ ਪਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਜਾਤ, ਰੰਗ, ਨਸਲ ਅਤੇ ਸਭ ਵਿਤਕਰਿਆਂ ਨੂੰ ਖਤਮ ਕਰਨ ਅਤੇ ਨਾਲੋ-ਨਾਲ ਜ਼ੁਲਮ ਤੇ ਜ਼ਾਲਮ ਦਾ ਨਾਸ਼ ਕਰਨ ਲਈ ਸਾਜਿਆ ਸੀ, ਨਾ ਕਿ ਲਹੂ ਡੋਲਣ ਜਾਂ ਖੂਨ ਦੀ ਹੋਲੀ ਖੇਡਣ ਲਈ। ਮਹਾਂ-ਮੂੜ ਦੁਸਾਂਝ ਜਿਸ ਨੂੰ ਆਪਣੀ ਕਿਤਾਬ ਵਿੱਚ 'ਬਲੱਡ ਸ਼ੈਡ' ਕਹਿੰਦੇ ਹਨ, ਦਰਅਸਲ ਉਹ ਸਮੇਂ ਦੇ ਜ਼ਾਲਮ ਮੁਗ਼ਲ ਹਾਕਮਾਂ ਅਤੇ ਹਿੰਦੂ ਪਹਾੜੀ ਰਾਜਿਆਂ ਦੇ ਸਾਂਝੇ ਹਮਲੇ ਦਾ ਸਾਹਮਣਾ ਕਰਨ ਲਈ, ਜਾਨ ਤਲੀ 'ਤੇ ਧਰ ਕੇ ਚਾਰੇ ਸਾਹਿਬਜ਼ਾਦੇ ਵਾਰਨ ਅਤੇ ਸੱਚ ਲਈ ਸ਼ਹਾਦਤ ਦੇਣ ਦੀ ਦਾਸਤਾਨ ਹੈ। ਗੁਰੂ ਸਾਹਿਬ ਦਾ ਇਹ ਫੁਰਮਾਨ ਕਿ ਜਬਰ -ਜੁਲਮ ਨੂੰ ਖਤਮ ਕਰਨ ਲਈ ਸ਼ਾਂਤੀ ਦੇ ਜਦ ਸਾਰੇ ਹੀਲੇ -ਵਸੀਲੇ ਵਿਅਰਥ ਹੋਣ, ਤਾਂ ਫਿਰ ਹਥਿਆਰ ਚੁੱਕਣਾ ਕਿਸੇ ਵੀ ਤਰਾਂ ਨਾਜਾਇਜ਼ ਅਤੇ ਗਲਤ ਨਹੀਂ। ਗੁਰੂ ਨਾਨਕ ਸਾਹਿਬ ਨੇ ਜਿੱਥੇ 'ਸਿੱਖ' ਦੇ ਰੂਪ ਵਿੱਚ ਨਵੇਂ ਮਨੁੱਖ ਦੀ ਸਿਰਜਣਾ ਕੀਤੀ, ਉੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮਾਂ ਖ਼ਿਲਾਫ਼ 'ਖ਼ਾਲਸੇ' ਨੂੰ ਸੂਰਬੀਰ ਕਰਮਵੀਰ ਧਰਮਵੀਰ ਦਾਨਵੀਰ ਯੁੱਧਵੀਰ ਅਤੇ ਰਾਜਵੀਰ ਦੇ ਰੂਪ ਵਿੱਚ ਮੁਕੰਮਲ ਕੀਤਾ। ਇੱਥੋਂ ਹੀ ਸੇਧ ਅਤੇ ਅਸੀਸ ਲੈ ਕੇ ਸ਼ਹੀਦ ਬਾਬਾ ਬੰਦਾ ਸਿੰਘ ਸਿੰਘ ਬਹਾਦਰ ਨੇ 'ਖਾਲਸਾ ਰਾਜ' ਕਾਇਮ ਕੀਤਾ ਅਤੇ ਭੂਮੀਹੀਣ ਲੋਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਇਹ 'ਖ਼ਾਲਸਾ ਰਾਜ' ਦੁਨੀਆਂ ਦੇ ਇਤਿਹਾਸ ਵਿੱਚ ਬੁਰਜੁਆ ਢਾਂਚੇ ਨੂੰ ਖਤਮ ਕਰਕੇ, ਲੋਕ ਹੱਕਾਂ ਦੀ ਪ੍ਰਾਪਤੀ ਦਾ ਪਹਿਲਾ 'ਲੋਕ ਰਾਜ' ਸੀ, ਜਿਸ ਦੀ ਸਹੀ ਵਿਆਖਿਆ 'ਖਾਲਸਾ' ਜਾਂ 'ਖ਼ਾਲਸਾ ਰਾਜ' ਜਿਹੇ ਸ਼ਬਦਾਂ ਤੇ ਸੰਕਲਪਾਂ ਨਾਲ ਮੁੱਢੋਂ ਹੀ ਈਰਖਾ ਰੱਖਣ ਵਾਲੇ ਵਿਰੋਧੀਆਂ ਵਲੋਂ ਸਾਰਥਕ ਸਹੀ ਰੂਪ ਵਿੱਚ ਪਹੁੰਚਣ ਨਹੀਂ ਦਿੱਤੀ ਗਈ। ਦੁਸਾਂਝ ਦੀ ਸੋਚ ਵਾਲੇ ਇੱਕ ਹੋਰ ਸਰਕਾਰੀ ਲੇਖਕ ਬਲਦੇਵ ਸੜਕਨਾਮੇ ਨੇ ਤਾਂ ਬੰਦਾ ਸਿੰਘ ਬਹਾਦਰ ਦੇ ਰਾਜ ਸੰਕਲਪ ਬਾਰੇ 'ਸਿੱਖਾਂ ਦੇ ਮੂੰਹ ਨੂੰ ਰਾਜ ਕਰਨ ਦਾ ਲਹੂ ਲਗਣ' ਵਰਗੀ ਸ਼ਰਮਨਾਕ ਟਿੱਪਣੀ ਕਰਦਿਆਂ ਅਰਥਾਂ ਦੇ ਅਨਰਥ ਕੀਤੇ ਹਨ, ਜਿਸ ਦੇ ਬਦਲੇ ਨੂੰ ਸਰਕਾਰਾਂ ਤੇ ਉਨਾਂ ਦੇ ਹਮਾਇਤੀ 'ਭਗਵੇਂ -ਕਾਮਰੇਡ' ਸ੍ਰੇਣੀ ਦੇ ਹਕੂਮਤ ਪੱਖੀ ਲੇਖਕ ਸੜਕਨਾਮੇ ਨੂੰ ਪੱਚੀ ਹਜ਼ਾਰ ਦੇ 'ਢਾਹਾਂ ਇਨਾਮ' ਦੇ ਕੇ ਸਨਮਾਨਿਤ ਕਰਦੇ ਹਨ।

ਦੁਖਾਂਤ ਇਸ ਗੱਲ ਦਾ ਹੈ ਕਿ ਦੁਸਾਂਝ ਨੇ ਕੱਚ - ਘਰੜ ਵਿਸ਼ਲੇਸ਼ਣ ਤੇ 'ਭਗਵੀਂ - ਕਾਮਰੇਡੀ' ਕਰਦਿਆ, ਨਾ ਸਿਰਫ ਗੁਰੂ ਸਹਿਬਨ ਦੀ ਸ਼ਖਸੀਅਤ ਨੂੰ ਛੁਟਿਆਉਣ ਦੀ ਕੋਝੀ ਹਰਕਤ ਕੀਤੀ ਹੈ, ਬਲਕਿ ਸਿੱਖ ਧਰਮ ਦੀ ਵਖਰੀ ਹੋਂਦ ਨੂੰ ਮੰਨਣ ਤੋਂ ਵੀ ਇਨਕਾਰ ਕੀਤਾ ਹੈ। ਇਹ ਟਿੱਪਣੀ ਉਜਲ ਦੁਸਾਂਝ ਦੀ ਸਿੱਖੀ ਬਾਰੇ ਬੇਸਮਝੀ ਤੇ ਅਗਿਆਨਤਾ ਭਰੀ ਸੋਚ ਤੋਂ ਵੀ ਵੱਧ, ਡੂੰਘੀ ਸਾਜ਼ਿਸ਼ ਕਹੀ ਜਾ ਸਕਦੀ ਹੈ। ਪਹਿਲੀ ਗੱਲ ਦੁਸਾਂਝ ਨੇ ਆਪਣੀ ਕਿਤਾਬ ਵਿੱਚ ਬੇਤੁਕੀਆਂ ਗੱਲਾਂ ਕਰਕੇ ਗੁਰੂ ਸਾਹਿਬਾਨ ਦੇ ਸਿਧਾਂਤ ਨੂੰ 'ਟੁਕੜਿਆਂ' 'ਚ ਵੰਡ ਕੇ ਤਕਸੀਮ ਕਰਦਿਆਂ,ਡੂੰਘੀ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਤੋਂ ਵੱਡੀ ਗੱਲ ਇਹ ਹੈ ਕਿ ਦੁਸਾਂਝ ਨੇ ਗੁਰੂ ਨਾਨਕ ਸਾਹਿਬ ਦੇ ਸੰਬੰਧ ਵਿੱਚ ਤਾਜ਼ਾ ਘਟਨਾਕ੍ਰਮ ਵਿੱਚ ਬੌਧਿਕਹੀਣਤਾ ਵਾਲੇ ਬਿਆਨ ਦੇ ਕੇ, ਇਹ ਭੰਬਲਭੂਸਾ ਉਸ ਜਗਾ ਤੇ ਉਸ ਸਮੇਂ ਖੜਾ ਕੀਤਾ ਹੈ, ਜਿੱਥੇ ਅਤੇ ਜਦੋਂ ਗੁਰੂ ਨਾਨਕ ਸਾਹਿਬ ਦੇ 550 ਸਾਲਾ ਆਗਮਨ ਪੁਰਬ 'ਤੇ ਵਿਸ਼ੇਸ਼ ਸਮਾਗਮ ਮੌਕੇ, ਦੁਨੀਆ ਭਰ ਦੀਆਂ ਸੁਪਰੀਮ ਕੋਰਟਾਂ ਦੇ ਜੱਜ, ਇਕ ਥਾਂ ਇੱਕਠੇ ਹੋਏ ਹੋਣ ਅਤੇ ਗੁਰੂ ਨਾਨਕ ਸਾਹਿਬ ਅਤੇ ਸਿੱਖ ਧਰਮ ਬਾਰੇ ਜਾਨਣ ਦੇ ਚਾਹਵਾਨ ਹੋਣ। ਉਂਞ ਇਹ ਵੀ ਹੈਰਾਨੀਜਨਕ ਗੱਲ ਹੈ ਕਿ ਪ੍ਰਬੰਧਕਾਂ ਨੇ ਚੋਟੀ ਦੇ ਕਾਨੂੰਨਦਾਨਾਂ ਨੂੰ ਗੁਰੂ ਨਾਨਕ ਸਾਹਿਬ ਬਾਰੇ ਜਾਣਕਾਰੀ ਦੇਣ ਲਈ, ਕੈਨੇਡਾ ਦੇ ਸਿੱਖੀ ਪ੍ਰਤੀ ਕੱਚੀ ਸੋਚ ਵਾਲੇ ਵਿਅਕਤੀ ਨੂੰ ਹੀ ਕਿਉਂ ਸੱਦਾ ਦਿੱਤਾ ? ਜੇ ਕੈਨੇਡਾ ਤੋਂ ਉਨਾਂ ਕਿਸੇ ਗਿਆਨਵਾਨ ਕਾਨੂੰਨਦਾਨ ਨੂੰ, ਗੁਰੂ ਸਾਹਿਬ ਬਾਰੇ ਬੋਲਣ ਲਈ ਸੱਦਣਾ ਹੀ ਸੀ, ਤਾਂ ਕੈਨੇਡਾ ਦੀ ਪਹਿਲੀ ਸਿੱਖ ਅੰਮ੍ਰਿਤਧਾਰੀ ਜੱਜ ਪਲਵਿੰਦਰ ਕੌਰ ਸ਼ੇਰਗਿੱਲ ਨੂੰ ਬੁਲਾਉਂਦੇ,ਜਿਸ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਬਾਣੀ - ਉਪਦੇਸ਼ ਤੋਂ ਸੇਧ ਲੈ ਕੇ ਕੈਨੇਡਾ ਦੇ ਸਿੱਖਾਂ ਦੀ ਹੀ ਨਹੀਂ, ਬਲਕਿ ਸਮੁੱਚੀ ਨੌਜਵਾਨ ਪੀੜੀ ਨੂੰ ਚੰਗੀ ਸੇਧ ਦਿੱਤੀ ਹੈ।

ਦੁਸਾਂਝ ਨੂੰ ਧਰਮ ਬਾਰੇ ਤਾਂ ਕੀ, ਮਾਰਕਸਵਾਦ ਬਾਰੇ ਵੀ ਅਧੂਰੀ ਸਮਝ ਹੈ, ਜਿਸ ਬਾਰੇ ਉਨਾਂ ਦੇ ਰਾਜਨੀਤਕ ਉਪਦੇਸ਼ਕ ਮੰਨੇ ਜਾਂਦੇ , ਉਘੇ ਕਮਿਊਨਿਸਟ ਆਗੂ ਪ੍ਰੋ. ਹਰੀ ਸ਼ਰਮਾ ਦੀ ਟਿੱਪਣੀ ਚੇਤੇ ਆਉਂਦੀ ਹੈ। ਇਕ ਵਾਰ ਉਨਾਂ ਭਰੀ ਸਭਾ 'ਚ ਇਥੋਂ ਤੱਕ ਕਹਿ ਦਿੱਤਾ ਸੀ ਕਿ ਉਜੱਲ ਸਿਆਸੀ ਕਾਰਕੁਨ ਵਜੋਂ ਚੇਲਾ ਤਾਂ ਉਸਦਾ (ਪ੍ਰੋ. ਹਰੀ ਸ਼ਰਮਾ) ਹੀ ਹੈ, ਪਰ 'ਵਿਗੜਿਆ ਚੇਲਾ' ਹੈ। ਕੁਝ ਵਿਅਕਤੀ ਅਜਿਹੇ ਹੁੰਦੇ ਹਨ, ਜੋ ਕਿਸੇ ਅਹੁਦੇ 'ਤੇ ਪਹੁੰਚ ਕੇ ਉਸਦੀ ਅਹਿਮੀਅਤ ਨੂੰ ਚਾਰ ਚੰਦ ਲਾ ਦਿੰਦੇ ਹਨ, ਪਰ ਕੁਝ ਅਜਿਹੇ ਵਿਅਕਤੀ ਵੀ ਹੁੰਦੇ ਹਨ, ਜੋ ਅਹੁਦੇ ਜਾਂ ਰੁਤਬੇ ਦੀ ਕਦਰ ਮਿੱਟੀ ਵਿੱਚ ਰੋਲ ਦਿੰਦੇ ਹਨ। ਅਜਿਹੀ ਮਿਸਾਲ ਹੀ ਦਲ - ਬਦਲੂ ਸਿਆਸਤਦਾਨ ਉੱਜਲ ਦੁਸਾਂਝ ਦੀ ਹੈ। ਜੋੜ-ਤੋੜ ਦੀ ਮੌਕਾਪ੍ਰਸਤ ਰਾਜਨੀਤਕ ਚਾਲਬਾਜ਼ੀ ਕਰਕੇ ਉਹਨਾਂ ਇਕ ਵਾਰ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਬਣਨ ਦਾ ਤੁਕਾ ਤਾਂ ਲਾ ਲਿਆ, ਪਰ ਉਸ ਤੋਂ ਬਾਅਦ ਅਜਿਹਾ ਮਾਹੌਲ ਸਿਰਜ ਦਿੱਤਾ ਕਿ ਕਿਸੇ ਪੰਜਾਬੀ ਮੂਲ ਦੇ ਵਿਅਕਤੀ ਦੇ ਮੁੜਕੇ ਪ੍ਰੀਮੀਅਰ ਬਣਨ ਦੀ ਗੱਲ ਤਾਂ ਦੂਰ ਰਹੀ, ਬਲਕਿ ਦੁਸਾਂਝ ਨੇ ਆਪਣੇ ਰਾਜਸੀ ਦਲ 'ਨਿਊ ਡੈਮੋਕਰੇਟਿਕ ਪਾਰਟੀ' ਨੂੰ ਵੀ ਡੇਢ ਦਹਾਕੇ ਤੋਂ ਵੱਧ ਸਮੇਂ ਤੱਕ ਬੀ.ਸੀ. ਦੀ ਸੱਤਾ ਦੀ ਕੁਰਸੀ ਦੇ ਨੇੜੇ ਨਹੀਂ ਲੱਗਣ ਦਿੱਤਾ।

ਸਿਧਾਂਤਹੀਣ ਸਿਆਸਤ ਦੇ ਮਾਹਿਰ ਹੋਣ ਦੇ ਰੂਪ ਵਿੱਚ ਉਨਾਂ ਖੁਦਗਰਜ਼ੀ ਦੀ ਖੇਡ ਵੀ ਇਸ ਕਦਰ ਖੇਡੀ ਕਿ ਐਨ.ਡੀ.ਪੀ. ਦੇ ਮੁਖੀ ਹੋਣ ਦੇ ਬਾਵਜੂਦ, ਹਾਰਨ ਦੀ ਸੂਰਤ 'ਚ ਆਪਣੀ ਪਾਰਟੀ ਨੂੰ ਹੀ ਅਲਵਿਦਾ ਆਖ ਦਿੱਤਾ। ਸਿਆਣਿਆਂ ਦੇ ਕਥਨ ਕਿ ਜਦੋਂ ਜਹਾਜ਼ ਡੁਬਦਾ ਹੈ, ਤਾਂ ਸਭ ਤੋਂ ਪਹਿਲਾਂ ਚੂਹੇ ਹੀ ਛਾਲਾਂ ਮਾਰ ਕੇ ਨੱਸਦੇ ਹਨ। ਨਿਊ ਡੈਮੋਕਰੈਟਿਕ ਪਾਰਟੀ ਦੇ ਡੁੱਬ ਰਹੇ ਬੇੜੇ 'ਚੋਂ ਉਹ ਛਾਲ ਮਾਰ ਕੇ, 'ਟਰਨ-ਕੋਟ' ਉੱਜਲ ਦੁਸਾਂਝ ਫੈਡਰਲ ਲਿਬਰਲ ਪਾਰਟੀ ਦੇ ਜਹਾਜ਼ 'ਚ ਸਵਾਰ ਹੋ ਗਏ। 'ਚੜਦੇ ਸੂਰਜ ਨੂੰ ਸਲਾਮ' ਦੇ ਕਥਨ ਵਾਂਗ ਇਸ ਵਾਰ ਵੀ ਉਜਲ ਦੁਸਾਂਝ ਨੇ ਅਜਿਹਾ ਦਾਅ- ਪੇਚ ਖੇਡਿਆ ਕਿ ਪਾਰਟੀ 'ਚ 'ਛਤਰੀ' ਰਾਹੀ ਉਤਰਦਿਆਂ ਸਾਰੇ ਹੀ, ਉਹ ਪਾਲ ਮਾਰਟਿਨ ਦੀ ਲਿਬਰਲ ਸਰਕਾਰ 'ਚ ਕੇਂਦਰੀ ਮੰਤਰੀ ਦੇ ਟੰਬੇ 'ਤੇ ਜਾ ਚੜੇ , ਜਦਕਿ 'ਟਕਸਾਲੀ' ਲਿਬਰਲ ਆਗੂ ਹੱਥ ਮਲਦੇ ਹੀ ਰਹਿ ਗਏ। ਇਥੇ ਵੀ ਛੇਤੀ ਹੀ ਪਾਲ ਮਾਰਟਿਨ ਦੀ ਲਿਬਰਲ ਵਜ਼ਾਰਤ ਦਾ ਬੇੜਾ ਐਸਾ ਬਿਠਾਇਆ ਕਿ ਆਉਂਦੇ ਦਸ ਸਾਲ ਤੱਕ ਲਿਬਰਲ ਸੱਤਾ ਤੋਂ ਬਾਹਰ ਹੀ ਰਹੇ। ਜਸਟਿਨ ਟਰੂਡੋ ਦੇ ਪ੍ਰਧਾਨ ਮੰਤਰੀ ਵਜੋਂ ਸੱਤਾਂ 'ਚ ਆਉਣ ਨਾਲ ਕਿਤੇ ਜਾ ਕੇ ਲਿਬਰਲ ਪਾਰਟੀ ਦਾ ਦੁਸਾਂਝ ਤੋਂ ਖਹਿੜਾ ਛੁੱਟਿਆ ਤੇ ਤਦ ' ਟਕਸਾਲੀ' ਲਿਬਰਲ ਮੈਂਬਰਾਂ ਨੇ ਸੁੱਖ ਦਾ ਸਾਹ ਲਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਅਸੂਲਾਂ ਤੋਂ ਸੱਖਣੀ ਰਾਜਨੀਤੀ ਖੇਡਦਿਆਂ ਦੁਸਾਂਝ ਨੇ ਟਰੂਡੋ ਨੂੰ ਵੀ ਨਾ ਬਖਸ਼ਿਆ। 'ਜਿਸ ਥਾਲ਼ੀ 'ਚ ਖਾਣਾ ਉਸੇ 'ਚ ਛੇਕ ਕਰਨਾ ' ਦੇ ਮੁਹਾਵਰੇ ਵਾਂਗ ਉਨਾਂ ਉਸੇ ਲਿਬਰਲ ਪਾਰਟੀ ਨੂੰ ਭੰਡਣ ਦਾ ਕੋਈ ਵੀ ਮੌਕਾ ਹੱਥੋਂ ਨਾ ਜਾਣ ਦਿੱਤਾ, ਜਿਸਨੇ ਦੁਸਾਂਝ ਹੁਰਾਂ ਨੂੰ ਰਾਤੋ- ਰਾਤ , ਬਿਨਾਂ ਨੌਮੀਨੇਸ਼ਨ ਲੜਨ ਦੇ, ਪਾਰਟੀ ਉਮੀਦਵਾਰ ਬਣਾ ਕੇ ਜਿਤਾਉਦਿਆਂ ਸਾਰ, ਸਿੱਧਾ ਕੇਂਦਰੀ ਮੰਤਰੀ ਬਣਾ ਦਿੱਤਾ ਸੀ।

ਬਾਕੀ ਸਫ਼ਾ 32 'ਤੇ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES

19 ਫਰਵਰੀ 2020 ਤੋਂ 25 ਫਰਵਰੀ 2020

# ਅਮਨ ਦੇ ਰਾਹ ਨੂੰ ਮੁਬਾਰਕਾਂ !

ਵਿਸ਼ਵ ਦੇ ਸਰਵਉੱਚ ਰਾਜਨੀਤਕ ਸੰਗਠਨ ਸੰਯੁਕਤ ਰਾਸ਼ਟਰ ਨੇ ਜਿੱਥੇ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨ ਦੀਦਾਰ ਲਈ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ’ਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤੱਕ ਬਣੇ ਲਾਂਘੇ ਨੂੰ ਅਮਨ ਦਾ ਮਾਰਗ ਦੱਸਿਆ ਹੈ, ਉੱਥੇ ਪਾਕਿਸਤਾਨ ਵਲੋਂ ਇਹ ਕਾਰੀਡੋਰ ਬਣਾਉਣ ਅਤੇ ਭਾਰਤ ਵਾਲੇ ਪਾਸਿਓਂ ਬਗੈਰ ਵੀਜ਼ਾ ਸ਼ਰਧਾਲੂਆਂ ਲਈ ਦਾਖ਼ਲਾ ਦੇਣ ਤੇ ਇਸ ਦੇਸ਼ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟਰੇਜ਼ ਦੇ ਹਾਲੀਆ ਪਾਕਿਸਤਾਨ ਦੌਰੇ ਨੇ ਇਕ ਵਾਰ ਫਿਰ ਕਰਤਾਰਪੁਰ ਲਾਂਘੇ ਦੀ ਚਰਚਾ ਛੇੜ ਦਿੱਤੀ ਹੈ। ਸ੍ਰੀ ਗੁਟਰੇਜ਼ ਆਪਣੇ ਪਾਕਿਸਤਾਨ ਦੇ ਸਰਕਾਰੀ ਦੌਰੇ ਦੌਰਾਨ ਵਿਸ਼ੇਸ਼ ਤੌਰ ’ਤੇ ਨਾਰੋਵਾਲ ਜ਼ਿਲੇ ਵਿਚ ਕਰਤਾਰਪੁਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਏ ਅਤੇ ਨਤਮਸਤਕ ਹੋਏ।

ਸ੍ਰੀ ਗੁਟਰੇਜ਼ ਨੇ ਇਹ ਲਾਂਘਾ ਖੋਲਣ ਲਈ ਪਾਕਿਸਤਾਨ ਸਰਕਾਰ ਦੀ ਪੂਰੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਰਤ ਵੱਲ ਅਮਨ ਦਾ ਹੱਥ ਵਧਾਉਣ ਦਾ ਇਕ ਵਿਹਾਰਕ ਕਦਮ ਹੈ। ਉਨਾਂ ਦੇ ਨਾਲ ਪਾਕਿਸਤਾਨ ਦੀ ਫੈਡਰਲ ਸਰਕਾਰ ਦੇ ਧਾਰਮਿਕ ਮਾਮਲਿਆਂ ਬਾਰੇ ਵਜ਼ੀਰ ਡਾ. ਨੂਰਉਲ ਹੱਕ ਕਾਦਰੀ ਅਤੇ ਨੈਸ਼ਨਲ ਅਸੈਂਬਲੀ ਦੇ ਮੈਂਬਰ ਰਮੇਸ਼ ਸਿੰਘ ਅਰੋੜਾ ਵੀ ਗੁਰਦੁਆਰਾ ਸਾਹਿਬ ਗਏ ਅਤੇ ਇਸ ਲਾਂਘੇ ਬਾਰੇ ਪੂਰੀ ਜਾਣਕਾਰੀ ਦਿੱਤੀ। ਸੰਯੁਕਤ ਰਾਸ਼ਟਰ ਦੇ ਮੁਖੀ ਨੇ ਕਿਹਾ ਕਿ ਪਾਕਿਸਤਾਨ ਨੇ ਭਾਰਤੀ ਸ਼ਰਧਾਲੂਆਂ ਲਈ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਵਾਸਤੇ ਇਹ ਲਾਂਘਾ ਦੇ ਕੇ ਜਿੱਥੇ ਅਮਨ ਦਾ ਰਾਹ ਖੋਲਿਆ ਹੈ, ਉਥੇ ਲੋਕਾਂ ਦੇ ਦਿਲ ਵੀ ਜਿੱਤੇ ਹਨ ਕਿਉਂਕਿ ਅਵਾਮ ਇਕ ਦੂਜੇ ਮੁਲਕ ਵਿਚ ਜਾ ਕੇ ਆਪਸੀ ਤਾਲਮੇਲ ਨਾਲ ਵਧੇਰੇ ਮਹਿਫ਼ੂਜ਼ ਮਹਿਸੂਸ ਕਰਦਾ ਹੈ।

ਜਿੱਥੇ ਸੰਯੁਕਤ ਰਾਸ਼ਟਰ ਦੇ ਮੁਖੀ ਦੇ ਪਾਕਿਸਤਾਨ ਦੌਰੇ ਖਾਸ ਕਰਕੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਨੂੰ ਅਮਨ ਪਸੰਦ ਲੋਕਾਂ ਵੱਲੋਂ ਹਾਂਪੱਖੀ ਨਜ਼ਰੀਏ ਨਾਲ ਵੇਖਿਆ ਜਾ ਰਿਹਾ ਹੈ, ਉਥੇ ਕੱਟੜਪੰਥੀ ਤਾਕਤਾਂ ਇਸ ਨੂੰ ਤੰਗਨਜ਼ਰੀ ਦੇ ਝਰੋਖੇ ਵਿਚੋਂ ਵੇਖ ਰਹੀਆਂ ਹਨ। ਇਸਲਾਮਾਬਾਦ ਵਿਚ ਬਹੁਤ ਸਾਰੇ ਪੱਤਰਕਾਰਾਂ ਨੇ ਸ੍ਰੀ ਗੁਟਰੇਜ਼ ਨੂੰ ਭਾਰਤ ਵਿਚ ਕਸ਼ਮੀਰੀਆਂ ਦੀ ਹਾਲਤ ਅਤੇ ਕੌਮੀ ਸ਼ਹਿਰੀਅਤ ਰਜਿਸਟਰ ਬਾਰੇ ਤਿੱਖੇ ਸਵਾਲ ਵੀ ਕੀਤੇ। ਪਾਕਿਸਤਾਨ ਦੇ ਕੌਮੀ ਅੰਗਰੇਜ਼ੀ ਅਖ਼ਬਾਰ ‘ਡਾਨ’ ਵਿਚ ਛਪੀ ਸੰਯੁਕਤ ਰਾਸ਼ਟਰੀ ਮੁਖੀ ਦੀ ਇੰਟਰਵਿਊ ਵਿਚ ਉਨਾਂ ਨੇ ਭਾਰਤੀ ਮੁਸਲਮਾਨਾਂ ਦੀ ਹਾਲਤ ਉਪਰ ਚਿੰਤਾ ਦਾ ਪ੍ਰਗਟਾਵਾ ਵੀ ਕੀਤਾ ਹੈ। ਬਕੌਲ ਅਖ਼ਬਾਰ ਸੰਯੁਕਤ ਰਾਸ਼ਟਰ ਮੁਖੀ ਨੇ ਇਥੋਂ ਤੱਕ ਵੀ ਕਿਹਾ ਕਿ ਕਸ਼ਮੀਰੀਆਂ ਉਪਰ ਹੋ ਰਹੇ ਤਸ਼ੱਦਦ ਦਾ ਮਸਲਾ ਪਹਿਲਾਂ ਹੀ ਸੰਯੁਕਤ ਰਾਸ਼ਟਰ ਦੀਆਂ ਮਨੁੱਖੀ ਹੱਕਾਂ ਬਾਰੇ ਸੰਸਥਾਵਾਂ ਦੇ ਜ਼ੇਰੇ ਨਿਗਰਾਨੀ ਹੈ। ਅਖ਼ਬਾਰ ਨੇ ਇਥੋਂ ਤੱਕ ਵੀ ਕਿਹਾ ਕਿ ਭਾਰਤ ਵਿਚ ਕੌਮੀ ਸ਼ਹਿਰੀਅਤ ਕਾਨੂੰਨ (ਸੀ ਏ ਏ) ਲਾਗੂ ਹੋਣ ਨਾਲ 20 ਲੱਖ ਮੁਸਲਮਾਨ ਮੁਲਕ ਵਿਹੂਣੇ ਹੋ ਜਾਣਗੇ। ਅਸਲ ਵਿਚ ਭਾਰਤ ਅਤੇ ਪਾਕਿਸਤਾਨ ਦਾ ਅਵਾਮ ਅਤੇ ਕੁਝ ਅਮਨ ਪਸੰਦ ਆਗੂ ਦੋਹਾਂ ਮੁਲਕਾਂ ਦੀ ਸਾਂਝ ਵਧਾਉਣ ਦੇ ਇਛੁਕ ਹਨ ਪਰ ਜਿੱਥੋਂ ਤੱਕ ਸਿਆਸੀ ਨੇਤਾਵਾਂ, ਫੌਜੀ ਆਗੂਆਂ ਤੇ ਮੀਡੀਆ ਦਾ ਸਬੰਧ ਹੈ ਉਹ ਦੋਹਾਂ ਮੁਲਕਾਂ ਦੀ ਕੁੜੱਤਣ ਵਿਚੋਂ ਹੀ ਆਪਣਾ ‘ਰੋਜ਼ਗਾਰ’ ਲੱਭਦੇ ਹਨ। ਕੋਈ ਸ਼ੱਕ ਨਹੀਂ ਕਿ ਕਰਤਾਰਪੁਰ ਲਾਂਘਾ ਭਾਰਤ ਅਤੇ ਪਾਕਿਸਤਾਨ ਦੇ ਆਮ ਲੋਕਾਂ ਵਿਚਕਾਰ ਮਿਲਵਰਤਨ ਅਤੇ ਅਮਨ ਦਾ ਪ੍ਰਤੀਕ ਬਣ ਗਿਆ ਹੈ। ਪਾਕਿਸਤਾਨ ਨੇ ਆਮ ਦਿਨਾਂ ਵਿਚ ਰੋਜ਼ਾਨਾ 5000 ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਐਂਟਰੀ ਦੀ ਇਜਾਜ਼ਤ ਦਿੱਤੀ ਹੈ ਅਤੇ ਖਾਸ਼ ਤਿੱਥ ਤਿਓਹਾਰਾਂ, ਪੁਰਬਾਂ ਮੌਕੇ 10 ਹਜ਼ਾਰ ਸ਼ਰਧਾਲੂ ਗੁਰਦੁਆਰਾ ਸਾਹਿਬ ਜਾ ਸਕਦੇ ਹਨ ਪਰ ਭਾਰਤ ਸਰਕਾਰ ਨੇ ਇਹ ਅਮਲ ਏਨਾ ਗੁੰਝਲਦਾਰ ਬਣਾ ਦਿੱਤਾ ਹੈ ਕਿ ਰੋਜ਼ਾਨਾ 50 ਫੀਸਦੀ ਸ਼ਰਧਾਲੂ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਨਹੀਂ ਜਾਂਦੇ। ਇਸ ਲਾਂਘੇ ਨੂੰ ਲੈ ਕੇ ਹੁਣ ਤੱਕ ਸਿਆਸੀ ਨੇਤਾ ਆਪਣੀਆਂ ਰੋਟੀਆਂ ਸੇਕ ਰਹੇ ਹਨ। ਭਾਰਤ ਦੀਆਂ ਕੱਟੜ ਹਿੰਦੂ ਜਥੇਬੰਦੀਆਂ ਅਤੇ ਪਾਕਿਸਤਾਨ ਦੇ ਮੌਲਾਣੇ ਇਸ ਲਾਂਘੇ ਦੇ ਬਰਖਿਲਾਫ਼ ਹਨ ਕਿਉਂਕਿ ਉਨਾਂ ਦੀਆਂ ਜਥੇਬੰਦੀਆ ਫਿਰਕੂ ਨਫ਼ਰਤ ਵਿਚੋਂ ਖੁਰਾਕ ਲੈਂਦੀਆਂ ਹਨ। ਹੁਣ ਜਦ ਸੰਯੁਕਤ ਰਾਸ਼ਟਰ ਦੇ ਮੁਖੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਆਏ ਹਨ ਤਾਂ ਪੂਰੀ ਦੁਨੀਆ ਨੂੰ ਵੀ ਇਹ ਸੁਨੇਹਾ ਮਿਲ ਗਿਆ ਹੈ ਕਿ ਸਿੱਖੀ ਦਾ ਰਾਹ ਅਤੇ ਬਾਬੇ ਨਾਨਕ ਦਾ ਸਿਧਾਂਤ ਹੀ ਪੂਰੀ ਦੁਨੀਆ ਨੂੰ ਆਪਸ ਵਿਚ ਜੋੜ ਸਕਦਾ ਹੈ ਅਤੇ ਇਹ ਧੁਰ ਕੀ ਬਾਣੀ ਹੀ ਹੈ ਜੋ ਨਫ਼ਰਤ ਅਤੇ ਕੂੜ ਦੀ ਕੰਧ ਤੋੜ ਕੇ ‘ਸੱਚ ਦੇ ਚਾਨਣ’ ਦਾ ਛੱਟਾ ਦੇ ਸਕਦੀ ਹੈ। ਅਨੇਕਾਂ ਅੜਚਣਾਂ ਅਤੇ ਢੁੱਚਰਾਂ ਦੇ ਬਾਵਜੂਦ ਗੁਰੂ ਨਾਨਕ ਦੇਵ ਜੀ ਦੇ 550ਸਾਲਾ ਪ੍ਰਕਾਸ਼ ਪੁਰਬ ਮੌਕੇ ਦਰਸ਼ਨ ਅਭਿਲਾਸ਼ੀ ਸੰਗਤਾਂ ਦੀਆਂ ਅਰਦਾਸਾਂ ਨੂੰ ਜੋ ਬੂਰ ਪਿਆ ਹੈ ਉਹ ਤੱਤ ਰੂਪ ਵਿਚ ਸਾਹਮਣੇ ਆ ਗਿਆ ਹੈ ਅਤੇ ਵਿਸ਼ਵ ਪੱਧਰ ਦੀ ਮਾਨਤਾ ਮਗਰੋਂ ਅਮਨ ਦਾ ਰਾਹ ਸਮੁੱਚੇ ਸੰਸਾਰ ਦੀ ਸ਼ਾਂਤੀ ਦਾ ਮਾਰਗ ਬਣੇਗਾ।

ਹਾਲਾਤ ਅੱਜ ਵੀ ਉਹੀ ਹਨ ਜੋ ਸਾਢੇ ਪੰਜ ਸੌ ਸਾਲ ਪਹਿਲਾਂ ਸਨ। ਉਦੋਂ ਤੁਰਕਾਂ, ਮੁਗਲਾਂ ਤੇ ਗਾਜ਼ੀਆਂ ਦੇ ਹਮਲੇ ਹੋ ਰਹੇ ਸਨ ਤੇ ਗੁਰੂ ਬਾਬੇ ਨੇ ਮਨੁੱਖੀ ਹੱਕਾਂ ਦੀ ਸਲਾਮਤੀ ਦਾ ਹੋਕਾ ਦਿੰਦਿਆਂ ਬਾਬਰ ਦੀ ਤਲਵਾਰ ਅੱਗੇ ਹਿੱਕ ਤਾਣ ਕੇ ਰਾਜਿਆਂ ਨੂੰ ‘ਸ਼ੀਂਹ’ ਅਤੇ ਮੁਨਸਫ਼ਾਂ ਨੂੰ ‘ਕੁੱਤੇ’ ਆਖਿਆ ਸੀ। ਅੱਜ ਤੁਰਕ ਅਤੇ ਗਾਜ਼ੀ ਹੋਰ ਰੂਪ ਵਿਚ ਨਫ਼ਰਤ ਅਤੇ ਜ਼ੁਲਮ ਦੀ ਹਨੇਰੀ ਲੈ ਕੇ ਆ ਰਹੇ ਹਨ ਅਤੇ ਅੱਜ ਵੀ ਬਾਬੇ ਨਾਨਕ ਦੀ ਬਾਣੀ ਅਤੇ ਵਿਚਾਰਧਾਰਾ ਅਮਨ ਤੇ ਪ੍ਰੇਮ ਦਾ ਰਾਹ ਵਿਖਾ ਰਹੀ ਹੈ। ਸੰਯੁਕਤ ਰਾਸ਼ਟਰ ਦੀ ਇਸ ਪਹਿਲਕਦਮੀ ਨਾਲ ਦੁਨੀਆ ਦੇ ਹੋਰ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਆਗੂ ਵੀ ਕਰਤਾਰਪੁਰ ਸਾਹਿਬ ਦੀ ਪਾਕ ਅਤੇ ਮੁਕੱਦਸ ਧਰਤੀ ਤੇ ਅਮਨ ਤੇ ਸਦਭਾਵਨਾ ਦੀ ਸਾਂਝ ਦਾ ਪਾਠ ਪੜਨ ਲਈ ਆਉਣਗੇ।

# ਕੋਰੋਨਾਵਾਇਰਸ ਬਣਿਆ ਮੌਤ ਦਾ ਦੂਤ: ਉਪਜਣ ਤੋਂ ਹੁਣ ਤਕ

- ਸੁਖਵਿੰਦਰ ਸਿੰਘ

ਵਿਸ਼ਵ ਸਿਹਤ ਸੰਸਥਾ (WHO) ਵੱਲੋਂ ਕੋਰੋਨਾ ਵਾਇਰਸ ਨੂੰ ਵਿਸ਼ਵ ਵਿਆਪੀ ਸਿਹਤ ਐਮਰਜੈਂਸੀ ਐਲਾਨ ਦਿੱਤਾ ਗਿਆ ਹੈ। ਹੁਣ ਤੱਕ ਕੋਰੋਨਾਵਾਇਰਸ ਨਾਲ ਚੀਨ ਵਿਚ 2000 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ ਤੇ ਚੀਨ ਵਿਚ ਇਸ ਵਾਇਰਸ ਨਾਲ 70,500 ਤੋਂ ਵੱਧ ਲੋਕ ਪ੍ਰਭਾਵਤ ਹਨ। ਚੀਨ ਤੋਂ ਬਾਹਰ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਇਸ ਦੇ ਮਾਮਲੇ ਸਾਹਮਣੇ ਆਏ ਹਨ ਹਾਲਾਂਕਿ ਇਸ ਦਾ ਕੇਂਦਰ ਚੀਨ ਹੀ ਹੈ। ਇਹ ਵਾਇਰਸ ਚੀਨ ਦੇ ਸਮੁੰਦਰੀ ਕੰਢੇ ਵਸੇ ਵਪਾਰਕ ਸ਼ਹਿਰ ਵੂਹਾਨ ਤੋਂ ਫੈਲਣਾ ਸ਼ੁਰੂ ਹੋਇਆ। ਵਿਸ਼ਵ ਸਾਹਮਣੇ ਇਕ ਵੱਡੀ ਚੁਣੌਤੀ ਬਣਦੇ ਜਾ ਰਹੇ ਇਸ ਵਾਇਰਸ ਦੇ ਹੁਣ ਤੱਕ ਫੈਲਣ ਦੀ ਸਾਰੀ ਜਾਣਕਾਰੀ ਇਸ ਰਿਪੋਰਟ ਰਾਹੀਂ ਸਾਂਝੀ ਕਰ ਰਹੇ ਹਾਂ।



31 ਦਸੰਬਰ: ਚੀਨ ਨੇ (WHO) ਨੂੰ ਆਪਣੇ ਸ਼ਹਿਰ ਵੂਹਾਨ ਵਿਚ ਫੈਲ ਰਹੇ ਵੱਖਰੀ ਤਰਾਂ ਦੇ ਨਮੂਨੀਏ ਬਾਰੇ ਸੂਚਿਤ ਕੀਤਾ। ਉਸ ਸਮੇਂ ਤੱਕ ਇਸ ਵਾਇਰਸ ਦੀ ਨਿਸ਼ਾਨਦੇਹੀ ਨਹੀਂ ਹੋਈ ਸੀ।

1 ਜਨਵਰੀ: ਇਸ ਵਾਇਰਸ ਨਾਲ ਪੀੜਤ ਜ਼ਿਆਦਾ ਲੋਕ ਸ਼ਹਿਰ ਦੀ ਇਕ ਸਮੁੰਦਰੀ ਭੋਜਨ ਵਾਲੀ ਮਾਰਕੀਟ ਨਾਲ ਜੁੜੇ ਹੋਣ ਦੀ ਗੱਲ ਸਾਹਮਣੇ ਆਉਣ ਮਗਰੋਂ ਇਸ ਮਾਰਕੀਟ ਨੂੰ ਬੰਦ ਕਰ ਦਿੱਤਾ ਗਿਆ।

7 ਜਨਵਰੀ: ਇਸ ਵਾਇਰਸ ਦੀ ਨਿਸ਼ਾਨਦੇਹੀ ਕਰ ਲਈ ਗਈ ਤੇ (WHO) ਨੇ ਐਲਾਨ ਕੀਤਾ ਕਿ ਇਹ ਕੋਰੋਨਾਵਾਇਰਸ ਪਰਿਵਾਰ ਨਾਲ ਸਬੰਧਤ ਵਾਇਰਸ ਹੈ ਜਿਸ ਨੂੰ 2019-○3○○ ਵਾਇਰਸ ਦਾ ਨਾ ਦਿੱਤਾ ਗਿਆ। ਇਸ ਵਾਇਰਸ ਨਾਲ ਸਾਹ ਦੀ ਸਮੱਸਿਆ ਅਤੇ ਜ਼ੁਖਾਮ ਦੀ ਸਮੱਸਿਆ ਹੁੰਦੀ ਹੈ। ਇਹ ਵਾਇਰਸ ਇੱਕ ਤੋਂ ਦੂਜੇ ਵਿਅਕਤੀ ਤਕ ਛਿੱਕਣ ਅਤੇ ਖੰਘਣ ਨਾਲ ਫੈਲਦਾ ਹੈ। ਜਦੋਂ ਪੀੜਤ ਵਿਅਕਤੀ ਛਿੱਕਦਾ ਜਾਂ ਖੰਘਦਾ ਹੈ ਤਾਂ ਉਸ ਦੇ ਸੰਪਰਕ ਵਿਚ ਆਉਣ ਨਾਲ ਕਿਸੇ ਦੂਜੇ ਬੰਦੇ ਤਕ ਇਹ ਵਾਇਰਸ ਜਾਂਦਾ ਹੈ।

11 ਜਨਵਰੀ: ਚੀਨ ਨੇ ਵਾਇਰਸ ਨਾਲ ਪਹਿਲੀ ਮੌਤ ਦੀ ਪੁਸ਼ਟੀ ਕੀਤੀ। ਵੂਹਾਨ ਸਥਿਤ ਉਪਰੋਕਤ ਮਾਰਕੀਟ ਤੋਂ ਸਮਾਨ ਲਿਆਉਣ ਵਾਲਾ ਇਕ 61 ਸਾਲਾ ਬੰਦਾ ਇਸ ਵਾਇਰਸ ਨਾਲ ਮਾਰਿਆ ਗਿਆ। ਉਸ ‘ਤੇ ਕਿਸੇ ਦਵਾਈ ਨੇ ਕੋਈ ਅਸਰ ਨਹੀਂ ਕੀਤਾ ਤੇ 9 ਜਨਵਰੀ ਦੀ ਸ਼ਾਮ ਧੜਕਨ ਰੁਕਣਾ ਕਰਕੇ ਉਸਦੀ ਮੌਤ ਹੋ ਗਈ।

13 ਜਨਵਰੀ: ਚੀਨ ਤੋਂ ਬਾਹਰ ਪਹਿਲਾ ਕੇਸ ਥਾਈਲੈਂਡ ਵਿਚ ਦਰਜ ਕੀਤਾ ਗਿਆ। ਇਹ ਪੀੜਤ ਬੀਬੀ ਕੁੱਝ ਦਿਨ ਪਹਿਲਾਂ ਚੀਨ ਦੇ ਸ਼ਹਿਰ ਵੂਹਾਨ ਤੋਂ ਹੋ ਕੇ ਗਈ ਸੀ।

16 ਜਨਵਰੀ: ਵੂਹਾਨ ਤੋਂ ਪਰਤੇ ਇਕ ਜਪਾਨੀ ਨਾਗਰਿਕ ਨੂੰ ਵੀ ਇਸ ਵਾਇਰਸ ਤੋਂ ਪੀੜਤ ਪਾਇਆ ਗਿਆ।

17 ਜਨਵਰੀ: ਚੀਨ ਦੇ ਸ਼ਹਿਰ ਵੂਹਾਨ ਵਿਚ ਇਸ ਵਾਇਰਸ ਨਾਲ ਦੂਜੀ ਮੌਤ ਹੋਈ। ਅਮਰੀਕਾ, ਨੇਪਾਲ, ਫਰਾਂਸ, ਅਸਟ੍ਰੇਲੀਆ, ਮਲੇਸ਼ੀਆ, ਸਿੰਗਾਪੋਰ, ਦੱਖਣੀ ਕੋਰੀਆ, ਵੀਅਤਨਾਮ ਅਤੇ ਤਾਈਵਾਨ ਵਿਚ ਵੀ ਇਸ ਵਾਇਰਸ ਤੋਂ ਪੀੜਤ ਮਾਮਲੇ ਸਾਹਮਣੇ ਆ ਗਏ।

20 ਜਨਵਰੀ: ਚੀਨ ਵਿਚ ਤੀਜੀ ਮੌਤ ਦਰਜ ਹੋਈ ਅਤੇ ਵੂਹਾਨ ਸ਼ਹਿਰ ਦੇ ਹੁਬਈ ਸੂਬੇ ਤੋਂ ਬਾਹਰ ਵੀ ਮਾਮਲੇ ਸਾਹਮਣੇ ਆ ਗਏ। ਇਸ ਸਮੇਂ ਤਕ ਵਾਇਰਸ ਤੋਂ ਪ੍ਰਭਾਵਿਤ 200 ਲੋਕਾਂ ਦੀ ਪੁਸ਼ਟੀ ਹੋ ਗਈ ਸੀ।

22 ਜਨਵਰੀ: ਚੀਨ ਵਿਚ ਵਾਇਰਸ ਨਾਲ 17 ਮੌਤਾਂ ਦੀ ਪੁਸ਼ਟੀ ਹੋ ਗਈ ਤੇ ਪ੍ਰਭਾਵਤ ਲੋਕਾਂ ਦੀ ਦਰਜ ਗਿਣਤੀ 550 ਨੂੰ ਪਾਰ ਕਰ ਗਈ। 23 ਜਨਵਰੀ: ਵੂਹਾਨ ਸ਼ਹਿਰ ਨੂੰ ਸਾਰੇ ਸੰਪਰਕਾਂ ਤੋਂ ਤੋੜ ਦਿੱਤਾ ਗਿਆ। ਹੁਬਈ ਸੂਬੇ ਦੇ ਦੋ ਹੋਰ ਸ਼ਹਿਰਾਂ ਵਿਚ ਵੀ ਪਾਬੰਦੀਆਂ ਲਾਈਆਂ ਗਈਆਂ।

26 ਜਨਵਰੀ: ਚੀਨ ਵਿਚ ਮੌਤਾਂ ਦੀ ਗਿਣਤੀ 56 ਹੋ ਗਈ। ਦਰਜ ਪ੍ਰਭਾਵਿਤ ਮਾਮਲੇ 2000 ਤੋਂ ਪਾਰ ਕਰ ਗਏ। ਚੀਨ ਦੇ ਕਈ ਸ਼ਹਿਰਾਂ ਵਿਚ ਪਾਬੰਦੀਆਂ ਦਾ ਐਲਾਨ ਕਰ ਦਿੱਤਾ ਗਿਆ ਜਿਸ ਨਾਲ ਲੱਖਾਂ ਲੋਕ ਪ੍ਰਭਾਵਤ ਹੋਏ।

30 ਜਨਵਰੀ: ਮੌਤਾਂ ਦੀ ਗਿਣਤੀ 170 ਪਾਰ ਕਰ ਗਈ ਤੇ ਦਰਜ ਪ੍ਰਭਾਵਿਤ ਮਾਮਲੇ 7000 ਤੋਂ ਪਾਰ ਕਰ ਗਏ। (WHO) ਨੇ ਇਸ ਵਾਇਰਸ ਨੂੰ ਵਿਸ਼ਵ ਵਿਆਪੀ ਸਿਹਤ ਸੰਕਟ ਐਲਾਨ ਦਿੱਤਾ। ਭਾਰਤ ਅਤੇ ਫਿਲੀਪੀਨਸ ਵਿਚ ਵੀ ਪ੍ਰਭਾਵਤ ਮਾਮਲੇ ਸਾਹਮਣੇ ਆਏ।

1 ਫਰਵਰੀ: ਮੌਤਾਂ ਦੀ ਗਿਣਤੀ-259 ਪ੍ਰਭਾਵਤ ਮਾਮਲੇ- 11,000 ਤੋਂ ਪਾਰ ਅਸਟ੍ਰੇਲੀਆ, ਕਨੇਡਾ, ਜਰਮਨੀ, ਜਪਾਨ, ਸਿੰਗਾਪੋਰ, ਅਮਰੀਕਾ, ਦੁਬਈ ਅਤੇ ਵੀਅਤਨਾਮ ਵਿਚ ਨਵੇਂ ਮਾਮਲੇ ਸਾਹਮਣੇ ਆਏ।

2 ਫਰਵਰੀ: ਚੀਨ ਤੋਂ ਬਾਹਰ ਫਿਲੀਪੀਨਜ਼ ਵਿਚ ਪਹਿਲੀ ਮੌਤ ਹੋਈ। ਮਰਨ ਵਾਲਾ ਬੰਦਾ ਚੀਨੀ ਨਾਗਰਿਕ ਸੀ। ਚੀਨ ਵਿਚ ਮਰਨ ਵਾਲਿਆਂ ਦੀ ਗਿਣਤੀ- 304 ਤੇ ਕੁੱਲ ਪ੍ਰਭਾਵਤ ਲੋਕ 14,000 ਤੋਂ ਪਾਰ।

5 ਫਰਵਰੀ: (WHO) ਨੇ ਮੁੜ ਕਿਹਾ ਕਿ ਇਸ ਵਾਇਰਸ ਦੇ ਇਲਾਜ ਲਈ ਅਜੇ ਤਕ ਕੋਈ ਪੁਖਤਾ ਦਵਾਈ ਨਹੀਂ ਬਣ ਸਕੀ। ਚੀਨ ਵਿਚ ਮੌਤਾਂ ਦੀ ਗਿਣਤੀ- 490 ਅਤੇ ਪ੍ਰਭਾਵਿਤ ਲੋਕ- 24,000 ਤੋਂ ਪਾਰ

8 ਫਰਵਰੀ: ਚੀਨ ਦੇ ਵੂਹਾਨ ਵਿਚ ਅਮਰੀਕੀ ਨਾਗਰਿਕ ਦੀ ਵਾਇਰਸ ਨਾਲ ਮੌਤ ਹੋ ਗਈ। ਇਕ ਜਪਾਨੀ ਨਾਗਰਿਕ ਵੀ ਮਾਰਿਆ ਗਿਆ। ਚੀਨ ਵਿਚ ਮੌਤਾਂ ਦੀ ਗਿਣਤੀ- 722 ਅਤੇ ਪ੍ਰਭਾਵਤ ਲੋਕ- 34,000 ਤੋਂ ਪਾਰ ਹੋਏ।

10 ਫਰਵਰੀ: ਚੀਨ ਦੇ ਰਾਸ਼ਟਰਪਤੀ ਨੇ ਵਾਇਰਸ ਫੈਲਣ ਤੋਂ ਬਾਅਦ ਪਹਿਲੀ ਵਾਰ ਲੋਕਾਂ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਹਿੰਮਤ ਨਾਲ ਇਸ ਸਮੱਸਿਆ ਸਾਹਮਣੇ ਡਟਣ ਲਈ ਕਿਹਾ। ਕੁੱਲ ਮੌਤਾਂ ਦੀ ਗਿਣਤੀ- 908 ਅਤੇ ਪ੍ਰਭਾਵਿਤ ਲੋਕ- 40,000 ਤੋਂ ਪਾਰ।

17 ਫਰਵਰੀ: ਚੀਨ ਵਿਚ ਮੌਤਾਂ ਦੀ ਗਿਣਤੀ- 1770 ਅਤੇ ਪ੍ਰਭਾਵਿਤ ਲੋਕ- 70,000 ਤੋਂ ਪਾਰ।

ਇਸ ਤਰਾਂ ਇਹ ਵਾਇਰਸ ਹੁਣ ਤੱਕ 2000 ਦੇ ਕਰੀਬ ਲੋਕਾਂ ਦੀ ਮੌਤ ਦਾ ਕਾਰਨ ਬਣ ਚੁੱਕਿਆ ਹੈ ਜਿਸ ਵਿਚ ਕੁੱਝ ਮਾਮਲਿਆਂ ਨੂੰ ਛੱਡ ਕੇ ਬਾਕੀ ਸਾਰੀਆਂ ਮੌਤਾਂ ਚੀਨ ਵਿਚ ਹੀ ਦਰਜ ਕੀਤੀਆਂ ਗਈਆਂ ਹਨ। ਹੋਰ ਦੇਸ਼ਾਂ ਵਿਚ ਮਾਮਲੇ ਸਾਹਮਣੇ ਆਉਣ ਕਰਕੇ ਹੁਣ ਚੀਨ ਤੋਂ ਆ ਰਹੇ ਲੋਕਾਂ ਨੂੰ ਖਾਸ ਨਿਗਰਾਨੀ ਵਿਚ ਰੱਖਿਆ ਜਾ ਰਿਹਾ ਹੈ। ਅਜੇ ਤਕ (WHO) ਇਸ ਵਾਇਰਸ ਦਾ ਕੋਈ ਪੁਖਤਾ ਇਲਾਜ ਲੱਭਣ ਵਿਚ ਕਾਮਯਾਬ ਨਹੀਂ ਹੋ ਸਕਿਆ ਹੈ।

# ਭਾਰਤ ਵਿਚ ਘੱਟਗਿਣਤੀਆਂ ਖਿਲਾਫ ਵੱਧ ਰਹੇ ਵਿਤਕਰੇ ਬਾਰੇ ਬਹੁਤ ਫਿਕਰਮੰਦ ਹਾਂ: ਯੂ.ਐਨ ਮੁਖੀ

ਪਾਕਿਸਤਾਨ ਦਾ ਦੌਰਾ ਖਤਮ ਕਰਦਿਆਂ ਯੂ.ਐਨ ਮੁਖੀ ਐਂਟੋਨੀਓ ਗੁਟਰਸ ਨੇ ਭਾਰਤ ਵਿਚ ਘੱਟਗਿਣਤੀਆਂ ਖਿਲਾਫ ਵੱਧ ਰਹੀ ਵਿਤਕਰੇ ‘ਤੇ ਫਿਕਰਮੰਦੀ ਪ੍ਰਗਟ ਕਰਦਿਆਂ ਕਿਹਾ ਕਿ ਭਾਰਤੀ ਪਾਰਲੀਮੈਂਟ ਵੱਲੋਂ ਬਣਾਏ ਗਏ ਵੰਡਪਾਊ ਨਾਗਰਿਕਤਾ ਸੋਧ ਕਾਨੂੰਨ ਨਾਲ 20 ਲੱਖ ਦੇ ਕਰੀਬ ਲੋਕ ਅਸਰਅੰਦਾਜ਼ ਹੋਣਗੇ ਜਿਹਨਾਂ ਵਿਚ ਜ਼ਿਆਦਾਤਰ ਮੁਸਲਿਮ ਹਨ। ਉਹਨਾਂ ਕਿਹਾ ਕਿ ਇਸ ਕਾਨੂੰਨ ਕਰਕੇ ਇਹ ਲੋਕ ਬੇਵਤਨੇ ਹੋ ਜਾਣਗੇ।

ਪਾਕਿਸਤਾਨ ਦੇ ਅਖਬਾਰ ‘ਡਾਅਨ’ ਨੂੰ ਦਿੱਤੀ ਇੰਟਰਵਿਊ ਵਿਚ ਯੂ.ਐਨ ਮੁਖੀ ਨੇ ਕਿਹਾ ਕਿ ਭਾਰਤ ਵਿਚ ਘੱਟਗਿਣਤੀਆਂ ਖਿਲਾਫ ਵਧ ਰਹੀ ਵਿਤਕਰੇਬਾਜ਼ੀ ਬਾਰੇ ਉਹ ਬਹੁਤ ਫਿਕਰਮੰਦ ਹਨ।

ਜਦੋਂ ਉਹਨਾਂ ਨੂੰ ਕਸ਼ਮੀਰ ਵਿਚ ਭਾਰਤੀ ਫੋਰਸਾਂ ਵੱਲੋਂ ਕਸ਼ਮੀਰੀਆਂ ‘ਤੇ ਤਸ਼ੱਦਦ, ਸ਼ਰੀਰਕ ਸੋਸ਼ਣ ਅਤੇ ਬੱਚਿਆਂ ਤੋਂ ਬੁੱਢਿਆਂ



ਤੱਕ ਦੀਆਂ ਜੇਲ ਨਜ਼ਰਬੰਦੀਆਂ ਸਬੰਧੀ ਕੌਮਾਂਤਰੀ ਮੀਡੀਆ ਵਿਚ ਛਪੀਆਂ ਰਿਪੋਰਟਾਂ, ਐਮਨੈਸਟੀ ਦੀਆਂ ਰਿਪੋਰਟਾਂ, ਹਿਊਮਨ ਰਾਈਟਸ ਵਾਚ ਦੀਆਂ ਰਿਪੋਰਟਾਂ ਤੇ ਪਿਛੇ ਜਿਹੇ ਜਾਰੀ ਹੋਈ ਕਸ਼ਮੀਰ ਬਾਰੇ ਤੱਥ ਖੋਜ ਰਿਪੋਰਟ ਸਬੰਧੀ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਕਸ਼ਮੀਰ ਵਿਚ ਚੱਲ ਰਹੇ ਹਾਲਾਤਾਂ ਨੂੰ ਸਹੀ ਰੂਪ ‘ਚ ਦੁਨੀਆ ਸਾਹਮਣੇ ਲਿਆਉਣ ਵਿਚ ਇਹਨਾਂ ਰਿਪੋਰਟਾਂ ਨੇ ਵੱਡੀ ਭੂਮਿਕਾ ਨਿਭਾਈ ਹੈ ਤੇ ਇਨਾਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਜਦੋਂ ਉਨਾਂ ਨੂੰ ਪੁੱਛਿਆ ਗਿਆ ਕਿ ਇਹਨਾਂ ਰਿਪੋਰਟਾਂ ਦੇ ਬਾਵਜੂਦ ਵੀ ਯੂ.ਐਨ ਭਾਰਤੀ ਪ੍ਰਬੰਧ ਹੇਠਲੇ ਕਸ਼ਮੀਰ ਵਿਚ ਹੋ ਰਹੇ ਜ਼ੁਲਮਾਂ ਦੀ ਜਾਂਚ ਲਈ ਉੱਚ-ਤਾਕਤੀ ਜਾਂਚ ਟੀਮ ਕਿਉਂ ਨਹੀਂ ਭੇਜ ਰਿਹਾ ਤਾਂ ਉਹਨਾਂ ਕਿਹਾ ਕਿ ਇਸ ਸਬੰਧੀ ਫੈਸਲਾ ਯੂ.ਐਨ ਦੀਆਂ ਗਵਰਨਿੰਗ ਬਾਡੀਆਂ ਜਾਂ ਸੁਰੱਖਿਆ ਪ੍ਰੀਸ਼ਦ ਹੀ ਲੈ ਸਕਦਾ ਹੈ ਪਰ ਇਹ ਰਿਪੋਰਟਾਂ ਬਿਲਕੁਲ ਭਰੋਸੇਯੋਗ, ਢੁਕਵੀਆਂ ਅਤੇ ਬਹੁਤ ਮਹੱਤਵਪੂਰਨ ਹਨ।

# ਕੈਪਟਨ ਸਰਕਾਰ ਵਿਰੁੱਧ ਕਾਂਗਰਸੀ ਵਿਧਾਇਕਾਂ ਦਾ ਬਾਗੀ ਰੁਖ

ਕਾਂਗਰਸ ਸਰਕਾਰ ਬਣਨ ’ਤੇ ਕਾਂਗਰਸੀਆਂ ਨੂੰ ਆਸ ਸੀ ਕਿ ਉਹ ਵੀ ਕਿਸੇ ਰਾਜ ਪੱਧਰੀ ਚੇਅਰਮੈਨੀ ਜਾਂ ਡਾਇਰੈਕਟਰੀ ਦਾ ਸੁੱਖ ਭੋਗਣਗੇ ਪਰ ਉਨਾਂ ਦੇ ਹੱਥ ਨਿਰਾਸ਼ਾ ਹੀ ਲੱਗ ਰਹੀ ਹੈ। ਰਾਜ ਪੱਧਰੀ ਸਭ ਚੇਅਰਮੈਨੀਆਂ ਹੋਰ ਜ਼ਿਲਿਆਂ ਦੇ ਆਗੂਆਂ ਤੇ ਅਸਰ ਰਸੂਖ਼ ਵਾਲੇ ਕਾਂਗਰਸੀਆਂ ਨੂੰ ਮਿਲਣ ਕਾਰਨ ਜ਼ਿਲੇ ਦੇ ਦਰਜਨ ਦੇ ਕਰੀਬ ਕਾਂਗਰਸੀਆਂ ਦੀ ਆਸ ਜ਼ਿਲਾ ਯੋਜਨਾ ਬੋਰਡ ’ਤੇ ਟਿਕੀ ਸੀ ਪਰ ਉਹ ਵੀ ਅਕਾਲੀ ਤੋਂ ਕਾਂਗਰਸੀ ਬਣੇ ਸਾਬਕਾ ਵਿਧਾਇਕ ਪ੍ਰੇਮ ਮਿੱਤਲ ਨੂੰ ਮਿਲਣ ਕਾਰਨ ਉਨਾਂ ਦੇ ਸੁਪਨੇ ਚਕਨਾਚੂਰ ਹੋ ਗਏ। ਇਸ ਅਹੁਦੇ ਦੇ ਸਭ ਤੋਂ ਵੱਡੇ ਦਾਅਵੇਦਾਰ ਇਕ ਉੱਚੇ ਕੱਦ ਵਾਲੇ ਕਾਂਗਰਸੀ ਆਗੂ ਨੂੰ ਦੇਣ ਦਾ ਦਮ ਭਰਨ ਵਾਲੇ ਉੱਚ ਕਾਂਗਰਸੀਆਂ ਵਲੋਂ ਇਕ ਦਮ ਪੈਂਤੜਾ ਬਦਲਣ ਨਾਲ ਉਹ ਕਾਫ਼ੀ ਹੈਰਾਨ ਪ੍ਰੇਸ਼ਾਨ ਹਨ। ਇਸੇ ਤਰਾਂ ਇਕ ਹੋਰ ਯੂਥ ਕਾਂਗਰਸੀ ਆਗੂ ਵੀ ਨਿਰਾਸ਼ ਹੋ ਕੇ ਆਮ ਆਦਮੀ ਪਾਰਟੀ ਦੇ ਸੰਪਰਕ ਵਿਚ ਦੱਸਿਆ ਜਾਂਦਾ ਹੈ। ਸਰਕਾਰ ਦਾ 3 ਸਾਲ ਦਾ ਸਮਾਂ ਬੀਤਣ ਦੇ ਬਾਵਜੂਦ ਅਜੇ ਤੱਕ ਮਾਰਕੀਟ ਕਮੇਟੀਆਂ ਦੇ ਚੇਅਰਮੈਨ ਨਾ ਲਗਾਉਣਾ ਵੀ ਸਰਕਾਰ ਦੇ ਵਰਕਰਾਂ ਪ੍ਰਤੀ ਉਦਾਸੀਨ ਰਵੱਈਏ ਨੂੰ ਹੀ ਪ੍ਰਗਟ ਕਰਦਾ ਹੈ। ਬਹੁਤ ਸਾਰੇ ਕਾਂਗਰਸੀ ਜਾਂ ਕਾਂਗਰਸੀ ਪੱਖੀ ਵਿਅਕਤੀਆਂ ਨੂੰ ਆਸ ਹੈ ਕਿ ਸਰਕਾਰ ਹੋਣ ਕਾਰਨ ਨਗਰ ਕਾਸਲ/ਪੰਚਾਇਤ ਦੇ ਪ੍ਰਧਾਨ ਦੇ ਅਹੁਦੇ ’ਤੇ ਬਿਰਾਜਮਾਨ ਹੋ ਜਾਣਗੇ ਪਰ ਉਨਾਂ ਦੇ ਸੁਪਨਿਆਂ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ ? ਵਿਰੋਧੀ ਇਸ ਮਾਮਲੇ ਨੂੰ ਲੈ ਕੇ ਕਾਂਗਰਸੀਆਂ ’ਤੇ ‘ਟਕੋਰਾਂ’ ਕਰਦੇ ਵੇਖੇ ਜਾ ਸਕਦੇ ਹਨ।

ਹੁਣ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਬੀਤੇ ਹਫ਼ਤੇ ਮੁੱਖ ਮੰਤਰੀ ਦੀ ਕਾਰਜਸ਼ੈਲੀ ਨੂੰ ਨਿਸ਼ਾਨੇ ਉੱਪਰ ਲੈਣ ਬਾਅਦ ਲਗਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨਾਂ ਦੀ ਚਹੇਤੀ ਅਫ਼ਸਰਸ਼ਾਹੀ ਏਨੀ ਖਫ਼ਾ ਹੈ ਕਿ ਪਤਾ ਲੱਗਾ ਹੈ ਕਿ ਜਾਖੜ ਤਿੰਨ ਦਿਨ ਮੁੱਖ ਮੰਤਰੀ ਨੂੰ ਮਿਲਣ ਲਈ ਸਮਾਂ ਮੰਗਦੇ ਰਹੇ, ਪਰ ਮਿਲਣ ਲਈ ਸਮਾਂ ਮੰਗਣ ਦੀ ਕੀਤੀ ਅਪੀਲ ਹਰ ਵਾਰ ਠੁਕਰਾ ਦਿੱਤੀ ਗਈ। ਜਾਖੜ ਨੇ ਬਿਜਲੀ ਸਮਝੌਤਿਆਂ ਬਾਰੇ ਮੁੱਖ ਮੰਤਰੀ ਖ਼ਿਲਾਫ਼ ਮੋਰਚਾ ਖੋਲਦਿਆਂ 9 ਫਰਵਰੀ ਨੂੰ ਨਿੱਜੀ ਥਰਮਲ ਪਲਾਂਟ ਵਣਾਂਵਾਲੀ (ਤਲਵੰਡੀ ਸਾਬੋ) ਜਾ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਸਨ ਤੇ ਉੱਥੇ ਐਲਾਨ ਕੀਤਾ ਸੀ ਕਿ ਉਹ 11 ਫਰਵਰੀ ਨੂੰ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਕੇ ਇਹ ਸਾਰੇ ਮਾਮਲੇ ਉਨਾਂ ਅੱਗੇ ਉਠਾਉਣਗੇ। ਪਤਾ ਲੱਗਾ ਹੈ ਕਿ ਜਾਖੜ 11 ਤੋਂ 13 ਫਰਵਰੀ ਤੱਕ ਲਗਾਤਾਰ ਤਿੰਨ ਦਿਨ ਮੁੱਖ ਮੰਤਰੀ ਨਾਲ ਮੁਲਾਕਾਤ ਲਈ ਸਮਾਂ ਮੰਗਦੇ ਰਹੇ, ਪਰ ਉਨਾਂ ਨੂੰ ਮਿਲਣ ਲਈ ਸਮਾਂ ਨਹੀਂ ਦਿੱਤਾ ਗਿਆ। ਆਖ਼ਰ ਭਰੇ ਪੀਤੇ ਜਾਖੜ 14 ਫਰਵਰੀ ਨੂੰ ਦਿੱਲੀ ਰਵਾਨਾ ਹੋ ਗਏ। ਵਰਨਣਯੋਗ ਹੈ ਕਿ ਮੁੱਖ ਮੰਤਰੀ ਦੀ ਕਾਰਜਸ਼ੈਲੀ ਤੇ ਬਿਜਲੀ ਸਮਝੌਤਿਆਂ ਬਾਰੇ ਰਿਵਿਊ ਕਰਨ ਦਾ ਮੁੱਦਾ ਉਠਾਉਣ ਤੋਂ ਪਹਿਲਾਂ ਜਾਖੜ ਦੇ ਨਿਸ਼ਾਨੇ ਉੱਪਰ ਮੁੱਖ ਮੰਤਰੀ ਦੇ ਚਹੇਤੇ ਕਈ ਅਫ਼ਸਰ ਵੀ ਆ ਚੁੱਕੇ ਹਨ।



**ਪਰਗਟ ਸਿੰਘ ਦਾ ਬਾਗੀ ਰੁਖ**

ਕੈਪਟਨ ਸਰਕਾਰ ਦੀ ਤਿੰਨ ਸਾਲ ਦੀ ਕਾਰਗੁਜ਼ਾਰੀ ਨੂੰ ਲੈ ਕੇ ਕਾਂਗਰਸ ਵਿਧਾਇਕ ਦਲ ਵਿਚ ਬਾਗ਼ੀ ਸੁਰਾਂ ਮੁੜ ਫਿਰ ਉੱਭਰ ਰਹੀਆਂ ਹਨ। ਹੁਣ ਜਲੰਧਰ ਛਾਉਣੀ ਹਲਕੇ ਦੇ ਵਿਧਾਇਕ ਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਸ: ਪਰਗਟ ਸਿੰਘ ਨੇ ਪੰਜਾਬ ਸਰਕਾਰ ਖ਼ਾਸ ਕਰ ਮੁੱਖ ਮੰਤਰੀ ਦੀ ਭਰੋਸੇਯੋਗਤਾ ਨੂੰ ਖੋਰਾ ਲੱਗਣ ਉੱਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸਰਕਾਰ ਦੀ ਸਮੁੱਚੀ ਕਾਰਗੁਜ਼ਾਰੀ ਉੱਪਰ ਹੀ ਵੱਡੇ ਸਵਾਲ ਖੜੇ ਕੀਤੇ ਹਨ। ਪੰਜਾਬੀ ਵਿਚ ਲਿਖੇ ਚਾਰ ਸਫ਼ਿਆਂ ਦੇ ਪੱਤਰ ਵਿਚ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਪਰਗਟ ਸਿੰਘ ਨੇ ਕਿਹਾ ਹੈ ਕਿ ਕੀਤੇ ਵਾਅਦੇ ਮੁਤਾਬਕ ਰਾਜ ਅੰਦਰ ਨਸ਼ਿਆਂ ਦੇ ਚਲਨ ਨੂੰ ਠੱਲਣ ਵਿਚ ਅਸੀਂ ਸਫ਼ਲ ਨਹੀਂ ਹੋਏ। ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਰੇਤ, ਟਰਾਂਸਪੋਰਟ ਤੇ ਸ਼ਰਾਬ ਮਾਫੀਏ ਉੱਪਰ ਸ਼ਿਕੰਜਾ ਕੱਸਣ ਦੀ ਗੱਲ ਤਾਂ ਸ਼ੁਰੂ ਨਹੀਂ ਹੋ ਸਕੀ। ਅਕਾਲੀ-ਭਾਜਪਾ ਸਰਕਾਰ ਵਲੋਂ ਅਨਾਜ ਖ਼ਰੀਦ ਵਿਚੋਂ 31 ਹਜ਼ਾਰ ਕਰੋੜ ਰੁਪਏ ਦੇ ਕਸਾਰੇ ਨੂੰ ਕਰਜ਼ੇ ਵਿਚ ਬਦਲਣ ਦੇ ਵੱਡੇ ਘੁਟਾਲੇ ਦੀ ਜਾਂਚ ਦੇ ਵਾਅਦੇ ਉੱਪਰ ਵੀ ਅਮਲ ਹੋਣਾ ਅਜੇ ਬਾਕੀ ਹੈ। ਨਿੱਜੀ ਬਿਜਲੀ ਕੰਪਨੀਆਂ ਨਾਲ ਹੋਏ ਸਮਝੌਤਿਆਂ ਬਾਰੇ ਲਾਏ ਵੱਡੇ ਦੋਸ਼ਾਂ ਬਾਰੇ ਤਾਂ ਚੁੱਪ ਹੀ ਧਾਰੀ ਹੋਈ ਹੈ। ਉਨਾਂ ਲਿਖਿਆ ਹੈ ਕਿ 77 ਸੀਟਾਂ ਜਿਤਾ ਕੇ ਤੁਹਾਡੀ ਸਰਕਾਰ ਬਣਾਉਣ ਵਾਲੇ ਪੰਜਾਬੀ ਅਫ਼ਸੋਸ ਦੀ ਗੱਲ ਹੈ ਕਿ ਤੁਹਾਡੀ ਅਗਵਾਈ ਵਾਲੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਰਹੇ ਹਨ। ਉਨਾਂ ਲਿਖਿਆ ਹੈ ਕਿ ਕਾਂਗਰਸ ਦੀ ਸਰਕਾਰ ਬਣਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੇ ਸਭ ਤੋਂ ਵੱਧ ਹਿੱਸਾ ਪਾਇਆ ਸੀ। ਉਨਾਂ ਸਵਾਲ ਕੀਤਾ ਹੈ ਕਿ ਬੇਅਦਬੀ ਦੇ ਮੁਜਰਮਾਂ ਨੂੰ ਕਟਹਿਰੇ ਵਿਚ ਖੜਾ ਕਰਨ ਅਤੇ ਜ਼ੁਲਮ ਕਰਨ ਵਾਲੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜਾ ਕਰਨ ਲਈ ਸਾਡੀ ਸਰਕਾਰ ਦੇ ਯਤਨ ਲੋਕ ਮਨਾਂ ਵਿਚ ਸ਼ੱਕ ਦੇ ਘੇਰੇ ਵਿਚ ਕਿਉਂ ਆ ਰਹੇ ਹਨ। ਪਰਗਟ ਸਿੰਘ ਨੇ ਚੋਣਾਂ ਸਮੇਂ ਕੀਤੇ ਵਾਅਦਿਆਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਨਸ਼ਿਆਂ ਦੇ ਚਲਨ ਨੂੰ ਕੋਈ ਠੱਲ ਨਹੀਂ ਪੈ ਰਹੀ। ਬਾਦਲਾਂ ਦੇ ਰਾਜ ਸਮੇਂ ਖ਼ਜ਼ਾਨਾ ਲੁੱਟਣ ਲਈ ਰੱਖੀਆਂ ਚੋਰ ਮੋਰੀਆਂ ਬੰਦ ਕਰਨ ਵੱਲ ਧਿਆਨ ਕੇਂਦਰਤ ਨਹੀਂ ਕੀਤਾ ਗਿਆ। ਸ਼ਰਾਬ ਤੇ ਰੇਤੇ ਦੇ ਵਪਾਰ ਵਿਚ ਸਰਕਾਰੀ ਕਾਰਪੋਰੇਸ਼ਨ ਬਣਾਉਣ ਲਈ ਸਾਨੂੰ ਮੁੜ ਸੋਚਣ ਦੀ ਲੋੜ ਹੈ। ਉਨਾਂ ਲਿਖਿਆ ਹੈ ਕਿ ਰੇਤੇ ਤੋਂ ਪੈਸੇ ਤਾਂ ਬਹੁਤ ਕਮਾਇਆ ਜਾ ਰਿਹਾ ਹੈ, ਪਰ ਇਹ ਸਰਕਾਰ ਦਾ ਖ਼ਜ਼ਾਨਾ ਭਰਨ ਦੀ ਬਜਾਏ ਨਿੱਜੀ ਹੱਥਾਂ ਵਿਚ ਜਾ ਰਿਹਾ ਹੈ। ਆਖ਼ਰ ਸੋਚਣ ਵਾਲੀ ਗੱਲ ਹੈ ਕਿ ਸ਼ਰਾਬ ਦੀ ਖ਼ਪਤ ਵਿਚ ਅਸੀਂ ਦੇਸ਼ ਦੇ ਮੋਹਰੀ ਸੂਬਿਆਂ ਵਿਚੋਂ ਮੰਨੇ ਜਾਂਦੇ ਹਾਂ, ਪਰ ਆਮਦਨ ਦੇ ਮਾਮਲੇ ਵਿਚ ਫਾਡੀਆਂ ਦੀ ਕਤਾਰ ਵਿਚ ਕਿਉਂ ਆ ਖਲੋਤੇ ਹਾਂ। ਉਨਾਂ ਪੰਜਾਬ ਕਾਂਗਰਸ ਸਰਕਾਰ ਸਮੇਂ ਟਰਾਂਸਪੋਰਟ ਤੋਂ ਬਾਦਲਾਂ ਦਾ ਕਬਜ਼ਾ ਟੁੱਟਣ ਦੀ ਬਜਾਏ ਜਲੰਧਰ-ਦਿੱਲੀ ਹਵਾਈ ਅੱਡਾ ਰੂਟ ਉੱਪਰ ਏਕਾਅਧਿਕਾਰ ਹੋ ਜਾਣ ਦੀ ਗੱਲ ਕਰਦਿਆਂ ਕਿਹਾ ਕਿ ਜ਼ਰਾ ਕਦੇ ਟਰਾਂਸਪੋਰਟ ਮਹਿਕਮੇ ਦੇ ਅਫ਼ਸਰਾਂ ਨੂੰ ਬੁਲਾ ਕੇ ਪੁੱਛੋ ਕਿ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਚੰਡੀਗੜ ਨੂੰ ਮੁਨਾਫ਼ੇ ਵਾਲੇ ਰੂਟਾਂ ’ਤੇ ਕਿਸ ਦੀਆਂ ਬੱਸਾਂ ਦਾ ਰਾਜ ਹੈ। ਸ. ਪਰਗਟ ਸਿੰਘ ਨੇ ਬਾਦਲ ਸਰਕਾਰ ਸਮੇਂ ਅਨਾਜ ਖ਼ਰੀਦ ਵਿਚ 31 ਹਜ਼ਾਰ ਕਰੋੜ ਰੁਪਏ ਦੇ ਹਿਸਾਬ-ਕਿਤਾਬ ਵਿਚ ਆਏ ਫ਼ਰਕ ਨੂੰ ਪੰਜਾਬ ਸਿਰ ਕਰਜ਼ੇ ਦੇ ਰੂਪ ਵਿਚ ਮੜ ਦੇਣ ਦੀ ਜਾਂਚ ਦੇ ਕੀਤੇ ਵਾਅਦੇ ਉੱਪਰ ਅਮਲ ਦਾ ਮਾਮਲਾ ਵੀ ਉਠਾਇਆ ਹੈ। ਬਾਦਲ ਸਮੇਂ ਨਿੱਜੀ ਬਿਜਲੀ ਕੰਪਨੀਆਂ ਨਾਲ ਸਮਝੌਤਿਆਂ ਦੇ ਵੱਡੇ ਦੋਸ਼ ਲਾਏ ਸਨ, ਪਰ ਇਸ ਮਸਲੇ ’ਤੇ ਅਜੇ ਚੁੱਪ ਦਾ ਹੀ ਪਰਦਾ ਹੈ। ਉਨਾਂ ਕਾਂਗਰਸ ਰਾਜ ਵਿਚ ਭ੍ਰਿਸ਼ਟਾਚਾਰੀਆਂ ਖ਼ਿਲਾਫ਼ ਕਾਰਵਾਈ ਤੋਂ ਹੱਥ ਪਿੱਛੇ ਖਿੱਚਣ ਤੇ ਵੱਡੇ ਦੋਸ਼ੀਆਂ ਨੂੰ ਬਚਾਉਣ ਉੱਪਰ ਚਿੰਤਾ ਜ਼ਾਹਰ ਕੀਤੀ। ਉਨਾਂ ਮੁੱਖ ਮੰਤਰੀ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਪਹਿਲੇ ਕਾਰਜਕਾਲ ਵਿਚ ਤੁਸੀਂ ਭ੍ਰਿਸ਼ਟਾਚਾਰੀਆਂ ਨੂੰ ਸਲਾਖਾਂ ਪਿੱਛੇ ਹੀ ਨਹੀਂ ਸੀ ਦਿੱਤਾ, ਸਗੋਂ ਵੱਡੇ ਸਿਆਸਤਦਾਨਾਂ ਨੂੰ ਜੇਲ ਭੇਜਣ ਦੀ ਹਿੰਮਤ ਤੇ ਦਲੇਰੀ ਵੀ ਦਿਖਾਈ ਸੀ ਪਰ ਹੁਣ ਸੱਤਾ ਸੰਭਾਲਣ ਬਾਅਦ ਹਜ਼ਾਰਾਂ ਕਰੋੜ ਦੇ ਸਿੰਚਾਈ ਵਿਭਾਗ ਤੇ ਮੰਡੀ ਬੋਰਡ ਦੇ ਘੁਟਾਲੇ ਸਾਹਮਣੇ ਆਏ। ਇਨਾਂ ਮਾਮਲਿਆਂ ਵਿਚ ਗ੍ਰਿਫ਼ਤਾਰ ਸਿੰਚਾਈ ਵਿਭਾਗ ਦੇ ਠੇਕੇਦਾਰ ਗੁਰਿੰਦਰ ਸਿੰਘ ਤੇ ਮੰਡੀ ਬੋਰਡ ਦੇ ਨਿਗਰਾਨ ਇੰਜੀਨੀਅਰ ਵਲੋਂ ਕੀਤੇ ਗਏ ਖੁਲਾਸਿਆਂ ਉੱਪਰ ਅੱਗੇ ਕਿਉਂ ਕਾਰਵਾਈ ਨਹੀਂ ਹੋਈ। ਉਨਾਂ ਸੰਗਰੂਰ ਦੇ ਤਤਕਾਲੀ ਐੱਸ.ਐੱਸ.ਪੀ. ਨੂੰ ਸੌਂਪੀ ਫਿਰੌਤੀ ਕਾਂਡ ਦੀ ਜਾਂਚ ਤੇ ਫ਼ਰੀਦਕੋਟ ਦੇ ਇਕ ਪੁਲਿਸ ਅਫ਼ਸਰ ਵਲੋਂ ਇਕ ਗੈਂਗਸਟਰ ਦੀ ਮਾਤਾ ਤੋਂ 23 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਵਿਜ਼ੀਲੈਂਸ ਕੋਲ ਗਏ ਮਾਮਲੇ ਦੇ ਠੱਪ ਹਣ ਦਾ ਸਵਾਲ ਵੀ ਉਠਾਇਆ ਹੈ। ਉਨਾਂ ਕਿਹਾ ਹੈ ਕਿ ਡਰੱਗ ਮਾਮਲੇ ਵਿਚ ਫੜੇ ਇੰਸਪੈਕਟਰ ਇੰਦਰਜੀਤ ਸਿੰਘ ਵਾਲੀ ਜਾਂਚ ਵੀ ਅੱਗੇ ਨਹੀਂ ਤੋਰੀ ਗਈ ਅਤੇ ਉਸ ਨੂੰ ਸਰਪ੍ਰਸਤੀ ਦੇਣ ਵਾਲੇ ਲੋਕਾਂ ਦਾ ਪਰਦਾਫਾਸ਼ ਨਹੀਂ ਕੀਤਾ ਗਿਆ। ਉਨਾਂ ਵੱਖ-ਵੱਖ ਸਰਕਾਰੀ ਏਜੰਸੀਆਂ ਵਲੋਂ ਕੇਸ ਦਰਜ ਕਰਕੇ ਤਫ਼ਤੀਸ਼ ਬਾਅਦ ਚਲਾਨ ਪੇਸ਼ ਕੀਤੇ ਜਾਣ ਦੇ ਮਾਮਲੇ ਵਿਚ ਉਸੇ ਏਜੰਸੀ ਵਲੋਂ ਅਦਾਲਤ ਵਿਚ ਸਬੂਤ ਨਾ ਮਿਲਣ ਦਾ ਬਹਾਨਾ ਬਣਾ ਕੇ ਕਲਜ਼ਰ ਰਿਪੋਰਟਾਂ ਪੇਸ਼ ਕਰਨ ਉੱਪਰ ਚਿੰਤਾ ਪ੍ਰਗਟਾਈ ਹੈ। ਉਨਾਂ ਕਿਹਾ ਕਿ ਇਨਾਂ ਗੱਲਾਂ ਤੋਂ ਲੋਕਾਂ ਵਿਚ ਇਹ ਪ੍ਰਭਾਵ ਬਣ ਰਿਹਾ ਹੈ ਕਿ ਵਿਜੀਲੈਂਸ ਵਿਭਾਗ ਘੁਟਾਲਿਆਂ ਨੂੰ ਦਫ਼ਨ ਕਰਨ ਦਾ ਰੋਲ ਅਦਾ ਕਰ ਰਿਹਾ ਹੈ। ਅੰਤ ਵਿਚ ਪਰਗਟ ਸਿੰਘ ਨੇ ਲਿਖਿਆ ਹੈ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਤੁਹਾਨੂੰ ਲੋਕਾਂ ਦੀ ਆਵਾਜ਼ ਸੁਣਨ ਅਤੇ ਪ੍ਰਵਾਨ ਕਰਨ ਵੱਲ ਤਵੱਜੋ ਦੇਣਾ ਅਤੇ ਸਿੱਖ ਭਾਵਨਾਵਾਂ ਨੂੰ ਸਮਝਣ ਵੱਲ ਧਿਆਨ ਦੇਣ ਦੀ ਲੋੜ ਹੈ। ਸਿੱਖ ਜਗਤ ਵਿਚ ਤੁਹਾਡੀ ਭਰੋਸੇਯੋਗਤਾ ਕਿਸੇ ਵੀ ਹੋਰ ਸਿਆਸੀ ਆਗੂ ਨਾਲੋਂ ਵੱਧ ਰਹੀ ਹੈ ਤੇ ਇਸ ਨੂੰ ਖੋਰਾ ਲੱਗਣਾ ਸਾਡੇ ਸਾਰਿਆਂ ਲਈ ਮੰਦਭਾਗਾ ਹੋਵੇਗਾ।

# ਤਿੰਨ ’ਚੋਂ ਇਕ ਅਮਰੀਕੀ ਬੱਚਾ ਗਰੀਬ

**-ਜੈਫ ਮੈਟਰਿਕ**

ਦੁਨੀਆਂ ਦਾ ਸਭ ਤੋਂ ਅਮੀਰ ਦੇਸ ਅਮਰੀਕਾ ਵੀ ਗਰੀਬੀ ਨਾਲ ਜੂਝ ਰਿਹਾ ਹੈ। ਉਸ ਦੇ ਗਰੀਬੀ ਦੇ ਮਾਪਦੰਡ ਤੇ ਆਮਦਨ ਦਾ ਪੱਧਰ ਜ਼ਿਆਦਾਤਰ ਦੇਸਾਂ ਤੋਂ ਅਲੱਗ ਹੈ। ਸਰਕਾਰੀ ਤੌਰ ’ਤੇ ਪੰਜ ਵਿਚੋਂ ਇਕ ਅਮਰੀਕੀ ਬੱਚਾ ਗਰੀਬ ਹੈ। ਇਸ ਤਰਾਂ ਗਰੀਬ ਬੱਚਿਆਂ ਦੀ ਗਿਣਤੀ ਲਗਭਗ ਇਕ ਕਰੋੜ ਪੰਜਾਹ ਲੱਖ ਹੈ। ਪਰ ਸੰਤੁਲਿਤ ਭੋਜਨ ਦੀ ਘਾਟ, ਭੀੜ ਭਰਿਆ ਘਰ, ਸਿਹਤ ਸਹੂਲਤਾਂ ਦੀ ਘਾਟ ਨੂੰ ਦੇਖਿਆ ਜਾਵੇ ਤਾਂ ਇਹ ਗਿਣਤੀ ਬਹੁਤ ਜ਼ਿਆਦਾ ਹੈ। ਤਾਜ਼ਾ ਅਧਿਐਨ ਦੇ ਅਨੁਸਾਰ ਤਿੰਨ ਵਿਚੋਂ ਇਕ ਅਮਰੀਕੀ ਬੱਚਾ ਗਰੀਬ ਦੀ ਸ਼੍ਰੇਣੀ ਵਿਚ ਆਉਂਦਾ ਹੈ। ਲੰਬੇ ਸਮੇਂ ਤੋਂ ਅਮਰੀਕਾ ਗਰੀਬੀ ਹਟਾਉਣ ਦੇ ਲਈ ਯੋਗ ਨੀਤੀਆਂ ਬਣਾਉਣ ਦਾ ਵਿਰੋਧ ਕਰਦਾ ਰਿਹਾ ਹੈ। ਇੱਥੇ ਸੋਚ ਸੀ ਕਿ ਗਰੀਬ ਆਪਣੀ ਸਥਿਤੀ ਦੇ ਲਈ ਆਪ ਜ਼ਿੰਮੇਵਾਰ ਹਨ। ਵੱਡੀ ਗਿਣਤੀ ਵਿਚ ਮਾਹਿਰ ਮੰਨਦੇ ਹਨ ਕਿ ਸਰਕਾਰ ਗਰੀਬ ਪਰਿਵਾਰਾਂ ਨੂੰ ਬਿਨਾਂ ਸ਼ਰਤ ਹਰ ਮਹੀਨੇ ਨਕਦ ਪੈਸਾ ਦੇਵੇ। ਅਮਰੀਕਾ ਵਿਚ ਚਾਰ ਵਿਅਕਤੀਆਂ ਦੇ ਇਕ ਪਰਿਵਾਰ ਦੇ ਲਈ ਗਰੀਬੀ ਰੇਖਾ 18 ਲੱਖ ਰੁਪਏ ਦੀ ਸਾਲਾਨਾ ਆਮਦਨ ਹੈ।

2013 ਦੌਰਾਨ ਗੈਲਪ ਦੇ ਇਕ ਸਰਵੇ ਮੁਤਾਬਕ ਲੋਕ ਸੋਚਦੇ ਹਨ ਕਿ ਚਾਰ ਲੋਕਾਂ ਦੇ ਪਰਿਵਾਰ ਦੇ ਲਈ 41.48 ਲੱਖ ਰੁਪਏ ਦੀ ਆਮਦਨ ਜ਼ਰੂਰੀ ਹੈ।

ਇਸ ਗੱਲ ਦੇ ਕਈ ਸਬੂਤ ਹਨ। ਗਰੀਬੀ ਨਾਲ ਗਿਆਨ ਹਾਸਲ ਕਰਨ ਦੀ ਦਿਮਾਗੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ। ਮਾਨਸਿਕ ਸਥਿਤੀ ’ਤੇ ਵੀ ਅਸਰ ਪੈਂਦਾ ਹੈ। ਗਰੀਬ ਬੱਚੇ ਹੋਰ ਬੱਚਿਆਂ ਦੀ ਤੁਲਨਾ ਵਿਚ ਘੱਟ ਸਿਹਤਮੰਦ ਹੁੰਦੇ ਹਨ। ਉਨਾਂ ਦੇ ਸਕੂਲ ਛੱਡਣ ਦੀ ਦਰ ਵੀ ਜ਼ਿਆਦਾ ਹੁੰਦੀ ਹੈ। ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਬੱਚਿਆਂ ਦੀ ਗਰੀਬੀ ਦੇ ਕਾਰਨ ਅਮਰੀਕਾ ਦੀ ਜੀਡੀਪੀ ਨੂੰ ਹਰ ਸਾਲ 71 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਨੁਕਸਾਨ ਹੁੰਦਾ ਹੈ।




1962 ਦੇ ਦੌਰਾਨ ਮਾਈਕਲ ਹੈਰਿੰਗਟਨ ਦੀ ਪੁਸਤਕ ‘ਦਾ ਅਦਰ ਅਮਰੀਕਾ’ ਵਿਚ ਗਰੀਬੀ ਦੀ ਦਰ 25% ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਦੇ ਬਾਅਦ ਸਰਕਾਰ ਨੇ ਗਰੀਬੀ ਦੂਰ ਕਰਨ ਦੇ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ। ਉਸ ਸਮੇਂ ਤੋਂ ਇਨਕਮ ਟੈਕਸ, ਕ੍ਰੇਡਿਟ ਅਤੇ ਚਾਈਲਡ ਟੈਕਸ ਕ੍ਰੇਡਿਟ ਵਰਗੀਆਂ ਨੀਤੀਆਂ ਲਾਗੂ ਹਨ। ਪਰ ਉਹ ਕਾਫੀ ਨਹੀਂ ਹਨ। ਤਿੰਨ ਵਿਚੋਂ ਇਕ ਬੱਚੇ ਨੂੰ ਇਨਾਂ ਪ੍ਰੋਗਰਾਮਾਂ ਦਾ ਪੂਰਾ ਫਾਇਦਾ ਨਹੀਂ ਮਿਲਦਾ, ਕਿਉਂਕਿ ਉਨਾਂ ਦੇ ਮਾਤਾ ਪਿਤਾ ਇਸ ਦੇ ਯੋਗ ਨਹੀਂ ਹੁੰਦੇ।

ਲੰਡਨ ਸਕੂਲ ਆਫ ਇਕਨਾਮਿਕਸ ਦੇ ਮਾਹਿਰ ਦਰਜਨ ਅਧਿਐਨਾਂ ਦੀ ਸਮੀਖਿਆ ਰਾਹੀਂ ਇਸ ਸਿੱਟੇ ’ਤੇ ਪਹੁੰਚੇ ਕਿ ਗਰੀਬ ਬੱਚਿਆਂ ਦੀ ਮਾਨਸਿਕ ਸਮਰੱਥਾ ਬੇਹੱਦ ਖਰਾਬ ਹੁੰਦੀ ਹੈ, ਸਿਹਤ ਚੰਗੀ ਨਹੀਂ ਹੁੰਦੀ, ਉਨਾਂ ਦਾ ਸਾਮਾਜਿਕ ਵਿਹਾਰ ਵੀ ਪ੍ਰਭਾਵਿਤ ਹੁੰਦਾ ਹੈ। ਦੋ ਬੱਚਿਆਂ ਵਾਲੇ ਇਕ ਪਰਿਵਾਰ ਨੂੰ ਹਰ ਮਹੀਨੇ ਪ੍ਰਤੀ ਬੱਚਾ 210 ਪੌਂਡ ਤੇ 280 ਪੌਂਡ ਪ੍ਰਤੀ ਮਹੀਨਾ ਮਿਲਣ ਨਾਲ ਜੀਵਨ ਪੱਧਰ ਸੁਧਰ ਸਕਦਾ ਹੈ। ਸਟੱਡੀ ਤੋਂ ਪਤਾ ਚੱਲਿਆ ਹੈ ਕਿ ਜ਼ਿਆਦਾ ਪੈਸਾ ਦੇਣ ਨਾਲ ਬੱਚਿਆਂ ਦੀ ਸਰੀਰਕ ਮਾਨਸਿਕ ਸਥਿਤੀ ਤੇਜ਼ ਤੇ ਬੇਹਤਰ ਹੁੰਦੀ ਹੈ।

1990 ਦੇ ਦਹਾਕੇ ਦੇ ਅੰਤ ਵਿਚ ਚੈਰੁਕੀ ਜਨਜਾਤੀ ਦੇ ਲੋਕਾਂ ਨੇ ਕੈਸੀਨੋ ਦੀ ਆਮਦਨ ਨੂੰ ਆਪਣੇ ਬੱਚਿਆਂ ’ਤੇ ਖਰਚ ਕੀਤਾ, ਜਿਸ ਨਾਲ ਉਨਾਂ ਦੇ ਬੱਚਿਆਂ ਦੇ ਸਕੂਲ ਛੱਡਣ ਦੀ ਦਰ ਘੱਟ ਹੋ ਗਈ।

ਖੱਬੇ ਪੱਖੀ ਤੇ ਸੱਜੇ ਪੱਖੀ ਮਾਹਿਰ ਨਕਦ ਸਹਾਇਤਾ ਨੂੰ ਗਲਤ ਮੰਨਦੇ ਹਨ। ਉਨਾਂ ਦਾ ਕਹਿਣਾ ਹੈ ਕਿ ਨਕਦ ਸਹਾਇਤਾ ਨਾਲ ਲੋਕ ਕੰਮ ਨਹੀਂ ਕਰਦੇ, ਵਿਹਲੜ ਹੋ ਜਾਂਦੇ ਹਨ। ਹਾਲਾਂ ਕਿ ਅਮਰੀਕਾ ਦੇ ਰਾਸ਼ਟਰਪਤੀ ਚੋਣ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਦੇ ਦਾਅਵੇਦਾਰ ਐਂਡ੍ਰਿਉ ਯਾਂਗ ਅਧਿਐਨਾਂ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਨਕਦ ਧਨ ਦੇਣ ਨਾਲ ਕੰਮ ਕਰਨ ਦੀ ਪ੍ਰਵਿਰਤੀ ਖਤਮ ਨਹੀਂ ਹੁੰਦੀ।

# ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਨ

**- ਲਵਸ਼ਿੰਦਰ ਸਿੰਘ ਡੱਲੇਵਾਲ**

ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਆਪਣੇ ਜੀਵਨ ਦੇ ਸੈਂਤੀ ਸਾਲਾਂ ਦੌਰਾਨ ਜਿਹੜਾ ਵੀ ਸਾਹ ਲਿਆ ਜਾਂ ਜਿਹੜਾ ਵੀ ਕਦਮ ਪੁੱਟਿਆ ਉਹ ਖਾਲਸਾ ਪੰਥ ਦੀ ਚੜਦੀ ਕਲਾ , ਧਰਮ ਦੇ ਪ੍ਰਚਾਰ ਤੇ ਪਸਾਰ ਲਈ , ਬ੍ਰਾਹਮਣਵਾਦੀ ਗੁਲਾਮੀਂ ਨੂੰ ਕੌਮ ਦੇ ਗਲੋਂ ਲਾਹੁਣ ਲਈ ਪੁੱਟਿਆ । ਜੂਨ ਮਹੀਨੇ ਦੀ 2 ਤਰੀਕ ਸੰਨ 1947 ਵਾਲੇ ਦਿਨ ਸਤਿਕਾਰਯੋਗ ਬਾਬਾ ਜੋਗਿੰਦਰ ਸਿੰਘ ਜੀ ਦੇ ਘਰੇ ਸਤਿਕਾਰਯੋਗ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਜਨਮ ਲੈਣ ਵਾਲੇ ਮਹਾਂਪੁਰਖ ਨੇ ਸਿੱਖ ਮਾਨਸਿਕਤਾ ਵਿੱਚ ਅਜਿਹਾ ਇਨਕਲਾਬ ਲਿਆਂਦਾ ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਸਾਡੇ ਸਾਹਾਂ ਵਿੱਚ ਵਸਦੇ ਉਸ ਸਤਿਕਾਰਯੋਗ ਮਹਾਪੁਰਖ ਨੇ ਦੁਨੀਆਂ ਦੇ ਅਨੇਕਾਂ
ਵਰਤਾਰਿਆਂ ਨੂੰ ਪੁੱਠਾ ਗੇੜਾ ਦੇ ਦਿੰਦਿਆਂ ਅਨੋਖੇ ਅਤੇ ਗੌਰਵਮਈ ਇਤਿਹਾਸ ਦੀ ਸਿਰਜਣਾ ਕੀਤੀ ਹੈ।

ਉਹਨਾਂ ਨੇ ਧਾਰਮਿਕ , ਰਾਜਨੀਤਕ ਅਤੇ ਆਰਥਿਕ ਪੱਖ ਤੋਂ ਕੌਮ ਨੂੰ ਅਜਾਦ ਕਰਵਾ ਕੇ ਅਜਾਦ ਫਿਜ਼ਾ ਲੈਣ ਵਿੱਚ ਸਾਹ ਲੈਣ ਦੇ ਯੋਗ ਬਣਾਉਣ ਲਈ ਸਾਰਾ ਜੀਵਨ ਪੰਥ ਦੇ ਲੇਖੇ ਲਗਾ ਦਿੱਤਾ । ਅੱਜ ਜਿੱਥੇ ਸਮੁੱਚਾ ਸਿੱਖ ਜਗਤ ਉਹਨਾਂ ਦੀ ਲਸਾਨੀ ਕੁਰਬਾਨੀ ਨੂੰ ਸਿਜਦਾ ਕਰਦਾ ਹੈ ਉੱਥੇ ਗੈਰ ਸਿੱਖ ਭਾਵ ਮੁਸਲਮਾਨਾਂ ਨੂੰ ਨਰਾਜ਼ਗੀ ਹੈ ਕਿ ਸਿੱਖੋ ਤੁਸੀਂ ਉਸ ਸੂਰਬੀਰ ਯੋਧੇ ਸੰਤ ਸਿਪਾਹੀ ਨੂੰ ਪਛਾਨਣ ਅਤੇ ਉਸਦੀ ਕਦਰ ਪਾਉਣ ਵਿੱਚ ਬਹੁਤ ਪੱਛੜ ਗਏ ਹੋ । ਇਹ ਭਾਵਨਾ ਹੈ ਲਗਭਗ ਨੱਬੇ ਸਾਲ ਦੀ ਉਮਰ ਹੰਢਾ ਚੁੱਕੇ ਬਜੁਰਗ ਦੀ ਜਿਹੜਾ ਸ੍ਰੀ ਨਨਕਾਣਾ ਸਾਹਿਬ ਤੋਂ ਸੱਤ ਅੱਠ ਮੀਲ ਦੂਰ ਦੱਖਣ ਵਾਲੇ ਪਾਸੇ ਇਕਾਂਤ ਵਿੱਚ ਬਣੀ ਇੱਕ ਝੌਂਪੜੀ ਵਿੱਚ ਰਹਿੰਦਾ ਸੀ । ਜਦੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੇ ਸਿੱਖਾਂ ਦਾ ਜਥਾ ਪਾਕਿਸਤਾਨ ਗਿਆ ਸੀ ਤਾਂ ਇਸ ਬਜੁਰਗ ਨੇ ਜਥੇ ਦੇ ਤਿੰਨ ਮੈਂਬਰਾਂ ਨੂੰ ਪੁੱਛਿਆ ਕਿ ਮੈਂ ਤੁਹਾਡੇ ਵਿੱਚੋਂ ਉਸ ਵਿਆਕਤੀ ਦੇ ਪੈਰੀਂ ਹੱਥ ਲਗਾਉਣਾ ਚਾਹੁੰਦਾ ਹਾਂ ਜਿਸ ਨੇ ਉਸ ਸੂਰਬੀਰ ਯੋਧੇ ਅਤੇ ਸੰਤ ਸਿਪਾਹੀ ਸੰਤ ਭਿੰਡਰਾਂਵਾਲੇ ਦੇ ਦਰਸ਼ਨ ਕੀਤੇ ਹੋਣ । ਫਿਰ ਲੰਮਾ ਹਾਉਕਾ ਲੈਂਦਿਆਂ ਉਕਤ ਬਜ਼ੁਰਗ ਆਖਦਾ ਹੈ ਕਿ ਸਿੱਖੋ ਤੁਸੀਂ ਬੜੇ ਨਦਾਨ ਅਤੇ ਅਹਿਸਾਨ ਫਰੋਸ਼ ਹੋ ਜਿਹਨਾਂ ਨੇ ਉਸ ਸੂਰਬੀਰ ਯੋਧੇ ਅਤੇ ਮਹਾਂਪੁਰਖ ਦੀ ਕਦਰ ਨਹੀਂ ਪਾਈ ਉਸਦਾ ਪੂਰਾ ਸਾਥ ਨਹੀਂ ਦਿੱਤਾ ਜਿਸ ਵਰਗਿਆਂ ਦੀ ਆਮਦ ਨੂੰ ਕੌਮਾਂ ਸਦੀਆਂ ਭਰ ਦੀ ਉਡੀਕ ਦੀਆਂ ਮੁਥਾਜ਼ ਹੋਇਆ ਕਰਦੀਆਂ ਹਨ । ਤੁਹਡੇ ਪੈਗੰਬਰ ਦੀ ਰਹਿਮਤੇ ਨਜ਼ਰ ਤੁਹਾਨੂੰ ਅਜਿਹਾ ਆਗੂ ਨਸੀਬ ਹੋਇਆ ਸੀ ਕਿ ਤੁਸੀਂ ਦਿੱਲੀ ਤਾਂ ਕੀ ਕਈ ਦਿੱਲੀਆਂ ਦੇ ਤਖਤ ਤੇ ਕਾਬਜ਼ ਹੋ ਸਕਦੇ ਸੀ । ਫਿਰ ਇਸੇ ਬਜ਼ੁਰਗ ਨੇ ਰਵਾਇਤੀ ਅਤੇ ਸਿਆਸੀ ਰੂਚੀ ਵਾਲਿਆਂ ਠੱਗ ਆਗੂਆਂ ਪ੍ਰਤੀ ਗਹਿਰੀ ਨਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਸਲ ਬੇੜਾ ਦਾ ਇਹਨਾਂ ਦਾ ਹੀ ਬੈਠਾ ਹੈ ਜਿਹਨਾਂ ਤੁਹਾਡੀ ਕੌਮ ਦੀਆਂ ਬਰੂਹਾਂ ਤੇ ਢੁੱਕ ਰਹੀ ਇਨਕਲਾਬੀ ਤਬਦੀਲੀ ਅਤੇ ਅਜ਼ਾਦੀ ਨੂੰ ਦੇਖ ਕੇ ਬੂਹੇ ਬੰਦ ਕਰ ਲਏ ।

ਪਾਕਿਸਤਾਨੀ ਲੇਖਕ ਮੁਜੀਰ ਉਰ ਰਹਿਮਾਨ ਸ਼ਾਮੀਂ ਦੇ ਲੇਖ ਜਰਨੈਲੀ ਮੌਤ ਅਤੇ ਅਫਜ਼ਲ ਅਹਿਸਾਨ ਰੰਧਾਵਾ ਦੀ ਉੜਕ ਮੱਕੇਗੀ ਇਹ ਰਾਤ ਵਰਗੀਆਂ ਰਚਨਾਵਾਂ ਅੱਜ ਇਤਿਹਾਸ ਦਾ ਅੰਗ ਬਣ ਚੁੱਕੀਆਂ ਹਨ ਪਰ ਸਮੇਂ ਮੁਤਾਬਿਕ ਜਿਆਦਾਤਰ ਸਿੱਖ ਕਲਮਾਂ ਨੇ ਜਾਂ ਤਾਂ ਖਮੋਸ਼ੀ ਧਾਰਨ ਕਰ ਰੱਖੀ ਜਾਂ ਸਮੇਂ ਦੀ ਜਾਲਮ ਹਕੂਮਤ ਦਾ ਪੱਖ ਪੂਰਿਆ । ਵਿਕਾਊ ਅਤੇ ਸੰਗਾਊ ਕਲਮਾਂ ਵਾਲਿਆਂ ਦੇ ਇਸ ਵਰਤਾਰੇ ਤੋਂ ਅੱਕ ਕੇ ਸਾਡੇ ਕੁਝ ਸਤਿਕਾਰਯੋਗ ਵੀਰਾਂ ਨੇ ਇਹ ਉਪਰਾਲਾ ਆਪ ਕੀਤਾ ਅਤੇ ਸਿੱਖ ਸੰਘਰਸ਼ ਦੀ ਸਹੀ ਤਸਵੀਰ ਨੂੰ ਕਲਮਬੰਦ ਕਰਨ ਦਾ ਯਤਨ ਕੀਤਾ । ਸਤਿਕਾਰਯੋਗ ਏ,ਆਰ,ਦਰਸ਼ੀ ਜੋ ਕਿ ਗੈਰ ਸਿੱਖ ਹਨ ਪਰ ਉਹਨਾਂ ਸਿੱਖ ਕੌਮ ਦੇ ਦਰਦ ਨੂੰ ਮਹਿਸੂਸ ਕਰਦਿਆਂ ਸੱਚ ਬਿਆਨ ਕੀਤਾ ਹੈ । ਜੋ ਖੁਦ ਮੈਜਿਸਟਰੇਟ , ਡਿਪਟੀ ਕਮਿਸ਼ਨਰ , ਕਮਿਸ਼ਨਰ ਅਤੇ ਪੰਜਾਬ ਦੇ ਮੁੱਖ ਸਕੱਤਰ ਰਹੇ ਹਨ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਖਸ਼ੀਅਤ ਤੇ ਜਾਂਬਾਜ਼ ਰਾਖਾ ਕਿਤਾਬ ਲਿਖ ਨੇ ਸਿੱਖ ਕੌਮ ਤੇ ਵੱਡਾ ਅਹਿਸਾਨ ਕੀਤਾ ਹੈ । ਜਿਹਨਾਂ ਨੇ ਆਪਣੀ ਇਸ ਕਿਤਾਬ ਵਿੱਚ ਸੰਤ ਭਿੰਡਰਾਂਵਾਲਿਆਂ ਅਤੇ ਸਿੱਖ ਸੰਘਰਸ਼ ਦੀ ਸਹੀ ਤਸਵੀਰ ਪੇਸ਼ ਕੀਤੀ ਹੈ ਉੱਥੇ ਮੌਕਾ ਪ੍ਰਸਤ ਰਵਾਇਤੀ ਅਕਾਲੀ ਆਗੂਆਂ ਦੀਆਂ ਕੌਮ ਘਾਤਕ ਚਾਲਾਂ , ਦੋਗਲੀਆਂ ਨੀਤੀਆਂ ਅਤੇ ਕੌਮ ਨਾਲ ਕੀਤੀਆਂ ਗੱਦਾਰੀਆਂ ਨੂੰ ਵੀ ਬੇਪਰਦ ਕੀਤਾ ਹੈ । ਸ੍ਰੀ ਮਾਨ ਏਥਆਰਥ ਦਰਸ਼ੀ ਨੇ ਇਸ ਕਿਤਾਬ ਵਿੱਚ ਫੈਂਸਲਾ ਦਿੱਤਾ ਹੈ ਕਿ ਸੰਤ ਭਿੰਡਰਾਂਵਾਲੇ ਨੂੰ ਕਿਸੇ ਰਹਿਬਰ ਜਾਂ ਮਸੀਹੇ ਨਾਲੋਂ ਬਹੁਤ ਘੱਟ ਫਰਕ ਨਾਲ ਵੇਖਿਆ ਜਾ ਸਕਦਾ ਹੈ ।

ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਦਾ ਇੰਚਾਰਜ ਜਨਰਲ ਬਰਾੜ ਵੀ ਆਪਣੀ ਕਿਤਾਬ ਅਪ੍ਰੇਸ਼ਨ ਬਲੂ ਸਟਾਰ ਦੀ ਕਹਾਣੀ ਵਿੱਚ ਇਹ ਗੱਲ ਲਿਖਣ ਲਈ ਮਜਬੂਰ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਿੱਚ ਅਨੋਖੀ ਖਿੱਚ ਸੀ ,ਉਹ ਆਪਣੇ ਭਾਸ਼ਨ ਨਾਲ ਲੱਖਾਂ ਲੋਕਾਂ ਨੂੰ ਘੰਟਿਆਂ ਬੱਧੀ ਕੀਲ ਲੈਂਦਾ ਸੀ ਅਤੇ ਉਸ ਦੇ ਦੋ ਬੋਲ ਪੰਜਾਬ ਵਿੱਚ ਤੁਫਾਨ ਲਿਆਉਣ ਦੇ ਸਮਰੱਥ ਸਨ । ਜਿਸ ਮਹਾਨ ਸਖ਼ਸੀਅਤ ਦੀ ਸਿਫਤ ਉਸ ਦੇ ਦੁਸ਼ਮਣ ਵੀ ਕਰਨ ਉਹ ਸਖਸ਼ੀਅਤ ਕਿੰਨੀ ਮਹਾਨ ਹੋਵੇਗੀ ਅੰਦਾਜਾ ਲਗਾਉਣਾ ਅਸੰਭਵ ਹੈ ।

ਇੱਥੇ ਇੱਕ ਦੋ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕਰ ਰਿਹਾ ਹਾਂ ਜੋ ਹਾਲ ਹੀ ਦੌਰਾਨ ਪਾਕਿਸਤਾਨ ਦੀਆਂ ਯਾਤਰਾਵਾਂ ਸਮੇਂ ਖੁਦ ਸਾਡੇ ਨਾਲ ਵਾਪਰੀਆਂ ਹਨ । ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੇ ਪਿਛਲੇ ਕੁੱਝ ਸਾਲਾਂ ਤੋਂ ਲਗਾਤਾਰ ਜਾਇਆ ਜਾਂਦਾ ਹੈ । ਲਹੌਰ ਦੇ ਅਨਾਰਕਲੀ ਬਜਾਰ ਵਿੱਚ ਖਰੀਦੋ ਫਰੋਖਤ ਕੀਤੀ ਜਾ ਰਹੀ ਸੀ । ਸ੍ਰ , ਨਿਰੰਜਨ ਸਿੰਘ ਬਾਸੀ ਨੇ ਆਖਿਆ ਕਿ ਉਹ ਇਥੋਂ ਕੋਟ ਪੈਂਟ ਖਰੀਦਣਾ ਚਾਹੁੰਦੇ ਹਨ ਤਾਂ ਅਸੀਂ ਸਾਰੇ ਹੀ ਸ੍ਰ, ਵਰਿੰਦਰ ਸਿੰਘ ਬਿੱਟੂ ਅਤੇ ਸ੍ਰ, ਬਲਵਿੰਦਰ ਸਿੰਘ ਸਮੇਤ ਸਾਹਮਣੇ ਵਾਲੀ ਦੁਕਾਨ ਵਿੱਚ ਵੜ ਗਏ । ਕਰੀਬ ਦਸ ਦੁਕਾਨਾਂ ਜੋੜ ਕੇ ਬਣਾਇਆ ਗਿਆ ਇਹ ਬਹੁਤ ਵੱਡਾ ਸ਼ੋਅ ਰੂਮ ਸੀ । ਅਖੀਰ ਇੱਕ ਸੂਟ ਪਸੰਦ ਕੀਤਾ ਗਿਆ ਦੁਕਾਨ ਦਾ ਮਾਲਕ ਜੋ ਕਿਸੇ ਜਰੂਰੀ ਮੀਟਿੰਗ ਵਿੱਚ ਮਸ਼ਰੂਫ ਸੀ ਸਿੰਘਾਂ ਨੂੰ ਦੇਖ ਕੇ ਇੱਕ ਦਮ ਦਫਤਰ ਚੋਂ ਬਾਹਰ ਆਇਆ ਚਾਹ ਪਾਣੀ ਪੁੱਛਿਆ । ਸੂਟ ਦੀ ਜੋ ਕੀਮਤ ਉਪਰ ਲਿਖੀ ਗਈ ਹੋਈ ਸੀ ਉਹ ਕੀਮਤ ਅਦਾ ਕਰਨ ਲੱਗੇ ਤਾਂ ਦੁਕਾਨ ਦੇ ਮਾਲਕ ਨੇ ਕਿਹਾ ਕਿ ਮੈਂ ਇਹ ਸੂਟ ਤੁਹਾਨੂੰ ਅੱਧੀ ਤੋਂ ਅੱਧੀ ਕੀਮਤ ਤੇ ਦਿਆਂਗਾਂ । ਇਹ ਨੀਯਤ ਕੀਤੀ ਹੋਈ ਕੀਮਤ ਆਮ ਗਾਹਕਾਂ ਲਈ ਹੈ ਪਰ ਤੁਸੀਂ ਉਸ ਕੌਮ ਨਾਲ ਸਬੰਧਿਤ ਹੋ ਜਿਸਨੂੰ ਮਹਾਂਪੁਰਖ ਸੰਤ ਭਿੰਡਰਾਂਵਾਲੇ ਵਰਗਾ ਸੂਰਬੀਰ ਯੋਧਾ ਨਸੀਬ ਹੋਇਆ ਸੀ । ਇੱਕ ਤੁਸੀਂ ਸਾਡੇ ਮਹਿਮਾਨ ਹੋ ਦੂਸਰਾ ਉਸ ਸ਼ੇਰ ਬਹਾਦਰ ਸੂਰਮੇ ਨਾਲ ਸਬੰਧਿਤ ਹੋ ਇਸ ਤੋਂ ਜਿਆਦਾ ਮੇਰੇ ਵੱਡੇ ਭਾਗ ਭਲਾ ਹੋਰ ਕੀ ਹੋ ਸਕਦੇ ਹਨ ?

ਅੱਗੇ ਗਏ ਤਾਂ ਇੱਕ ਜੱਤੀਆਂ ਦਾ ਵੱਡਾ ਸ਼ੋਅ ਰੂਮ ਸੀ । ਦੁਕਾਨ ਦੇ ਮਾਲਕ ਨੇ ਗੱਲਬਾਤ ਸ਼ੁਰੂ ਕੀਤੀ ਗੱਲ ਲਹੌਰ ਤੋਂ ਤੁਰਦੀ ਹੋਈ ਪੰਜਾਬ ਵਿੱਚ ਚੱਲ ਰਹੀ ਖਾਲਿਸਤਾਨ ਦੀ ਜੰਗੇ ਅਜਾਦੀ ਤੇ ਅੱਪੜ ਗਈ ਚੱਲਣ ਵਾਸਤੇ ਤਿਆਰ ਹੋਏ ਤਾਂ ਦੁਕਾਨ ਦੇ ਮਾਲਕ ਨੇ ਕਿਹਾ ਕਿ ਉਸਦਾ ਕਾਰੋਬਾਰ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਫੈਲਿਆ ਹੋਇਆ ਹੈ ਕਿਸੇ ਵੀ ਵਕਤ ਉਸਦੀ ਲੋੜ ਪਵੇ ਤਾਂ ਖਿਦਮਤ ਦਾ ਮੌਕਾ ਦੇਣਾ ਅਤੇ ਉਸਨੇ ਆਪਣਾ ਕਾਰਡ ਦਿੱਤਾ ਬਟੂਆ ਬੰਦ ਕਰਨ ਤੋਂ ਪਹਿਲਾਂ ਸਾਨੂੰ ਪੁੱਛਣ ਲੱਗਾ ਕਿ ਦੱਸੋ ਖਾਂ ਮੇਰੇ ਬਟੂਏ ਵਿੱਚ ਕਿਸ ਦੀ ਤਸਵੀਰ ਹੋ ਸਕਦੀ ਹੈ । ਸਾਰਿਆਂ ਨੇ ਆਪੋ ਆਪਣੇ ਅੰਦਾਜ਼ੇ ਮੁਤਾਬਿਕ ਦੱਸਿਆ ਜੋ ਕਿ ਗਲਤ ਸਾਬਤ ਹੋਇਆ ਕਿਉਂਕਿ ਉਸਦੇ ਬਟੂਏ ਵਿੱਚ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਸੀ । ਉਸਦੇ ਦੱਸਣ ਅਨੁਸਾਰ ਉਹ ਸੰਤਾਂ ਦੀ ਫੋਟੋ ਆਪਣੇ ਜੇਬ ਵਿੱਚ 1984 ਤੋਂ ਹੀ ਰੱਖ ਰਿਹਾ ਹੈ ਕਿਉਂ ਕਿ ਉਹ ਸੰਤਾਂ ਦੀ ਸਖਸ਼ੀਅਤ ਅਤੇ ਲਾਸਾਨੀ ਕੁਰਬਾਨੀ ਦਾ ਕਾਇਲ ਹੈ।

ਇੱਕ ਵਾਰ ਗੁਰਦਵਾਰਾ ਸੱਚਾ ਸੌਦਾ ਨੂੰ ਜਾ ਰਹੇ ਸੀ ਕਿ ਰਸਤੇ ਵਿੱਚ ਬੱਸ ਦਾ ਟਾਇਰ ਪਾਟ ਗਿਆ । ਨਜਦੀਕ ਹੀ ਇੱਕ ਇੱਟਾਂ ਦਾ ਭੱਠਾ ਸੀ ਉੱਥੇ ਚਲੇ ਗਏ ਤਾਂ ਭੱਠਾ ਮਾਲਕ ਅਤੇ ਮਜਦੂਰਾਂ ਨੇ ਝੱਟ ਮੰਜੇ ਡਾਹ ਕੇ ਸਾਰਿਆਂ ਨੂੰ ਛਾਂਵੇ ਬਿਠਾਇਆ ਚਾਹ ਪਾਣੀ ਪੁੱਛਿਆ । ਉਹਨਾਂ ਸਿੱਖ ਰਾਜਨੀਤੀ ਦੀ ਗੱਲ ਤੋਰ ਲਈ ਭੱਠਾ ਮਾਲਕ ਆਖਣ ਲੱਗਾ ਕਿ ਅਗਰ ਸੰਤ ਭਿੰਡਰਾਂਵਾਲਾ ਸਾਡੀ ਕੌਮ ਨੂੰ ਮਿਲਿਆ ਹੁੰਦਾ ਤਾਂ ਅਸੀਂ ਕਾਂਇਆ ਹੀ ਪਲਟ ਦੇਣੀ ਸੀ ਪਰ ਸਿੱਖ ਉਸਨੂੰ ਪਛਾਣ ਹੀ ਨਹੀਂ ਸਕੇ ਨੌਜਵਾਨਾਂ ਨੇ ਪਛਾਣਿਆ ਉਸਦਾ ਡੱਟ ਕੇ ਸਾਥ ਦਿੱਤਾ ਪਰ ਬੁੱਢਿਆ ਨੇ ਫੌਜ ਸੱਦ ਕੇ ਮਰਵਾ ਹੀ ਧਰਿਆ । ਉੱਥੇ ਬੈਠੇ ਇੱਕ ਬਜੁਰਗ ਨੇ ਆਖਿਆ ਕਿ ਸੰਤ ਭਿੰਡਰਾਂਵਾਲਾ ਬਾਬੇ ਦੀਪ ਸਿੰਘ ਦਾ ਰੂਪ ਸੀ ਜੋ ਬਿਨਾਂ ਸੀਸ ਤੋਂ ਲੜਿਆ ਸੀ । ਫਾਰੂਕ ਅਬਦੁੱਲਾ ਜੰਮੂ ਕਸ਼ਮੀਰ ਦਾ ਮੁੱਖ ਮੰਤਰੀ ਬਣਿਆ ਤਾਂ ਸੰਤ ਭਿੰਡਰਾਂਵਾਲਿਆਂ ਨੂੰ ਮਿਲ ਕੇ ਆਖਣ ਲੱਗਾ ਕਿ ਮੈਨੂੰ ਅਸ਼ੀਰਵਾਦ ਦਿਉ ਕਿ ਮੈਂ ਆਪਣੇ ਪਿਤਾ ਦੇ ਰਸਤੇ ਤੇ ਚੱਲ ਸਕਾਂ ਸਲਾਮ ਹੈ ਅਜਿਹੀ ਅੱਖ ਨੂੰ ਜਿਹਨੇ ਸੱਚ ਨੂੰ ਪਛਾਣਿਆ । ਇਹ ਵੀ ਗੈਰ ਸਿੱਖਾਂ ਵਲੋਂ ਸੰਤਾਂ ਦੀ ਸਹੀ ਪਹਿਚਾਣ ਕਰਨ ਦੀ ਗੱਲ ਹੀ ਸੀ । ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਘਾਟ ਅੱਜ ਸਿੱਖੀ ਨਾਲ ਪਿਆਰ ਰੱਖਣ ਵਾਲੇ ਹਰ ਵਿਅਕਤੀ ਨੂੰ ਮਹਿਸੂਸ ਹੋ ਰਹੀ ਹੈ । ਅੱਜ ਲੋੜ ਹੈ ਕਿ ਕਿ ਉਹਨਾਂ ਦੇ ਪਾਏ ਹੋਏ ਪੂਰਨਿਆਂ ਚੱਲਣ ਦਾ ਪ੍ਰਣ ਕਰੀਏ ਪਰ ਸਭ ਤੋਂ ਪਹਿਲਾਂ ਖਾਲਸਈ ਸਿਧਾਂਤ ਅਪਣਾਉਣ ਦੀ ਬੇਹੱਦ ਜਰੂਰਤ ਹੈ ਦੁਨੀਆਵੀ ਮਿਸਾਲ ਹੈ ਕਿ ਕਿਸੇ ਮਰੀਜ ਨੂੰ ਡਾਕਟਰ ਉਹੀ ਖੂਨ ਚੜਾਉਂਦਾ ਹੈ ਜੋ ਉਸਦੇ ਖੂਨ ਨਾਲ ਮਿਲਦਾ ਹੋਵੇ ਗਲਤ ਖੂਨ ਚੜਾਉਣ ਨਾਲ ਅੱਜ ਤੱਕ ਕੋਈ ਠੀਕ ਨਹੀਂ ਹੋਇਆ ਪਰ ਮਰ ਅਨੇਕਾਂ ਗਏ ਹਨ । ਇਸ ਕਰਕੇ ਵਿਸ਼ੇ ਵਿਕਾਰਾਂ ,ਝੂਠ ,ਫਰੇਬ ,ਬੇਈਮਾਨੀਆਂ , ਈਰਖਾ, ਦੁਵੈਤ, ਕਮੀਨੀਆਂ ਸਜਿਸ਼ਾਂ ਦਾ ਤਿਆਗ ਕਰਨਾ ਜਰੂਰੀ ਹੈ । ਅਗਰ ਦੁਨੀਆ ਦੇ ਇਤਿਹਾਸ ਤੇ ਨਿਗਾਹ ਮਾਰੀਏ ਤਾਂ ਇਹ ਗੱਲ ਸਾਫ ਹੈ ਕਿ ਕਿਸੇ ਕੌਮ ,ਕਿਸੇ ਜਥੇਬੰਦੀ ਜਾਂ ਕਿਸੇ ਪਰਿਵਾਰ ਦਾ ਬੇੜਾ ਗਰਕ ਕੀਤਾ ਹੈ ਤਾਂ ਨਿਕੰਮੇ ਲੋਕਾਂ ਨੇ ਕੀਤਾ ਹੈ । ਜੋ ਖੁਦ ਨਿਕੰਮਾ ਜਾਂ ਅਯੋਗ ਹੋਵੇਗਾ ਉਹ ਆਪਣੇ ਇਸ ਔਗੁਣ ਨੂੰ ਛੁਪਾਉਣ ਲਈ ਈਰਖਾਵਾਦ ਕਰੇਗਾ ਅਤੇ ਇਸ ਮਕਸਦ ਨੂੰ ਅੰਜਾਮ ਦੇਣ ਲਈ ਉਹ ਕਮੀਨੀਆਂ ਸਾਜਿਸ਼ਾਂ ਰਚਣ ਦੀ ਬੇਈਮਾਨੀ ਅਤੇ ਵਿਸ਼ਵਾਸ਼ਘਾਤ ਕਰੇਗਾ । ਇਸ ਨਾਲ ਉਹ ਆਪਣੇ ਮਕਸਦ ਵਿੱਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ ।ਇਹ ਅਟੱਲ ਸੱਚਾਈ ਹੈ ਅਤੇ ਸਤਿਕਾਰਯੋਗ ਸੰਤ ਭਿੰਡਰਾਂਵਾਲੇ ਆਖਿਆ ਕਰਦੇ ਸਨ ਸੀ ਕਿ ਜੋ ਕਿਸੇ ਕੋਲ ਹੈ ਉਹ ਮਹੱਤਵਪੂਰਨ ਨਹੀਂ ਮਹੱਤਵਪੂਰਨ ਤਾਂ ਇਹ ਹੈ ਕਿ ਉਹ ਖੁਦ ਕੀ ਹੈ । ਸੋ ਆਉ ਉਸ ਮਹਾਨ ਯੋਦੇ ਨੂੰ ਸੀਸ ਝੁਕਾਉਂਦੇ ਹੋਏ ਖਾਲਸਈ ਗੁਣਾਂ ਦੇ ਧਾਰਨੀ ਬਣ ਕੇ ਅਜਾਦ ਸਿੱਖ ਰਾਜ ਖਾਲਿਸਤਾਨ ਲਈ ਸੰਘਰਸ਼ੀਸ਼ ਬਣੀਏ , ਜੇਹਲਾਂ ਵਿੱਚ ਬੰਦ ਸਿੰਘਾਂ ਦੀ ਪੈਰਵਈ ਅਤੇ ਲੋੜਵੰਦ ਸ਼ਹੀਦ ਪਰਿਵਾਰਾਂ ਦੀ ਮੱਦਦ ਲਈ ਖੁੱਲ ਦਿਲੀ ਦਾ ਪ੍ਰਗਟਾਵਾ ਕਰੀਏ । ਸਿਆਸਤ ਅਕ੍ਰਿਤਘਣਤਾ ਦਾ ਦੂਜਾ ਨਾਮ ਹੈ ਇਹਨਾਂ ਦੇ ਝਾਂਸੇ ਵਿੱਚ ਆਉਣ ਤੋਂ ਬਚੀਏ । ਗੁਰਮਤਿ ਦੇ ਸੁਨਹਿਰੀ ਅਸੂਲਾਂ ਨੂੰ ਸਮਰਪਤ ਅਤੇ ਮੀਰੀ ਪੀਰੀ ਦੇ ਸਿਧਾਂਤ ਅਨੁਸਾਰ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤ ਹੋਣ ਵਾਲੇ ਵਿਆਕਤੀ ਵਿਸ਼ੇਸ਼ ਜਾਂ ਪਾਰਟੀ ਦੀ ਹਮਾਇਤ ਕਰੀਏ ।

# ਭਾਜਪਾ ਦੇ ਪੰਜਾਬ ਵੱਲ ਵਧਦੇ ਸਿਆਸੀ ਕਦਮ

## ਸਿੱਖ ਮੁੱਦਿਆਂ ’ਤੇ ਨਵੀਂ ਰਣਨੀਤੀ ਦਾ ਆਗਾਜ਼



**- ਮਨਜਿੰਦਰ ਸਿੰਘ ਸਰੌਦ**

ਜਿੱਥੇ ਇੱਕ ਪਾਸੇ 1997 ਦੀ ਵਿਧਾਨ ਸਭਾ ਚੋਣ ਤੋਂ ਸ਼ੁਰੂ ਹੋਏ ਅਕਾਲੀ ਭਾਜਪਾ ਦੇ ਗਠਜੋੜ ਅੰਦਰ ਹਰ ਰੋਜ਼ ਨਵੀਆਂ ਪ੍ਰਸਥਿਤੀਆਂ ਉੱਭਰਕੇ ਸਾਹਮਣੇ ਆ ਰਹੀਆਂ ਹਨ ਉੱਥੇ ਹੀ ਭਾਜਪਾ ਵੱਲੋਂ ਆਉਂਦੇ ਸਮੇਂ ਨੂੰ ਕੇਵਲ ਆਪਣੇ ਬਲਬੂਤੇ ਜ਼ਰੀਏ ਜਾਂ ਆਪਣੇ ਕਿਸੇ ਹੋਰ ਹਮਸਫ਼ਰ ਨਾਲ ਪੰਜਾਬ ‘ਚ ਸਿਆਸਤ ਦੀ ਨਵੀਂ ਪਾਰੀ ਖੇਡਣ ਦੀਆਂ ਪੇਸ਼ੀਨਗੋਈਆਂ ਸ਼ੁਰੂ ਹੋ ਚੁੱਕੀਆਂ ਹਨ । ਲੰਘੇ ਸਮੇਂ ਹਰਿਆਣਾ ਦੇ ਇੱਕੋ ਇੱਕ ਅਕਾਲੀ ਵਿਧਾਇਕ ਬਲਕੌਰ ਸਿੰਘ ਨੂੰ ਭਾਜਪਾ ਵੱਲੋਂ ਆਪਣੇ ‘ਚ ਸ਼ਾਮਲ ਕਰਕੇ ਅਕਾਲੀ ਦਲ ਨੂੰ ਇੱਕ ਤਰਾਂ ਨਾਲ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਗਿਆ ਸੀ ਕਿ ਹੁਣ ਹਾਲਾਤ ਬਦਲ ਚੁੱਕੇ ਨੇ , ਅਕਾਲੀ ਦਲ ਦੇ ਸਹਾਰੇ ਦੀ ਉਨਾਂ ਨੂੰ ਹੁਣ ਕੋਈ ਲੋੜ ਨਹੀਂ ਰਹੀ । ਲੰਬੇ ਸਮੇਂ ਤੋਂ ਸਿੱਖ ਬੰਦੀਆਂ ਦੀ ਰਿਹਾਈ ਨੂੰ ਲੈ ਕੇ ਲਟਕਦੀਆਂ ਮੰਗਾਂ ਨੂੰ ਹੱਲ ਕਰਨ ਦੀ ਕਵਾਇਦ ਵੀ ਇਸੇ ਕੜੀ ਦਾ ਹਿੱਸਾ ਹੈ , ਜੇਕਰ ਕੇਂਦਰ ਸਰਕਾਰ ਵੱਲੋਂ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦੀ ਨੀਤੀ ਨੂੰ ਅਮਲੀ ਰੂਪ ‘ਚ ਬੂਰ ਪੈਂਦਾ ਹੈ ਤਾਂ ਬਿਨਾਂ ਸ਼ੱਕ ਪੰਜਾਬ ਅਤੇ ਵਿਦੇਸ਼ੀ ਸਿੱਖ ਭਾਈਚਾਰੇ ਵਿੱਚ ਭਾਜਪਾ ਦੇ ਅਕਸ ਨੂੰ ਹੁਲਾਰਾ ਜ਼ਰੂਰ ਮਿਲੇਗਾ । ਕਿਤੇ ਨਾ ਕਿਤੇ ਵਿਦੇਸ਼ਾਂ ਵਿੱਚ ਉੱਚੇ ਅਹੁਦਿਆਂ ‘ਤੇ ਤਾਇਨਾਤ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਵਿੱਚ ਭਾਜਪਾ ਵੱਲੋਂ ਆਪਣੀ ਪੈਂਠ ਨੂੰ ਸਥਾਪਤ ਕਰਨ ਦੇ ਲਈ ਅਪਣਾਇਆ ਜਾ ਰਿਹਾ ਇਹ ਪੈਂਤੜਾ ਕਿੰਨਾ ਕੁ ਕਾਰਗਰ ਹੋਵੇਗਾ ਇਹ ਤਾਂ ਹਾਲਾਤ ਅਤੇ ਸਮੇਂ ਦੀ ਕਗਾਰ ‘ਤੇ ਨਿਰਭਰ ਹੋਵੇਗਾ ।

ਬਿਨਾਂ ਸ਼ੱਕ ਕੇਂਦਰ ਦੀ ਭਾਜਪਾ ਲੀਡਰਸ਼ਿਪ ਦੇ ਮਨ ਵਿੱਚ ਇਹ ਗੱਲ ਖਟਕ ਰਹੀ ਹੈ ਕਿ ਹੁਣ ਅਕਾਲੀ ਦਲ ( ਬਾਦਲ ) ਨਾਲ ਗੱਠਜੋੜ ਉਨਾਂ ਲਈ ਲਾਹੇ ਦਾ ਸੌਦਾ ਨਹੀਂ ਰਿਹਾ ਕਿਉਂਕਿ ਬਰਗਾੜੀ ਕਾਂਡ ਸਮੇਤ ਕਈ ਵੱਡੀਆਂ ਘਟਨਾਵਾਂ ਨੇ ਅਕਾਲੀ ਦਲ ਦੇ ਅਕਸ ਨੂੰ ਸਿੱਖ ਹਲਕਿਆਂ ਅੰਦਰ ਭਾਰੀ ਢਾਹ ਲਾਈ ਹੈ ਅਤੇ ਸਮੇਂ-ਸਮੇਂ ‘ਤੇ ਸਹੀ ਸੂਝਬੂਝ ਨਾਲ ਨਾ ਲਏ ਗਏ ਫੈਸਲਿਆਂ ਦੇ ਕਾਰਨ ਪਾਰਟੀ ਦਾ ਅਕਸ ਪ੍ਰਭਾਵਿਤ ਜ਼ਰੂਰ ਹੋਇਆ ਹੈ । ਭਾਜਪਾ ਦੇ ਕੇਂਦਰੀ ਨੇਤਾ ਇਸ ਗੱਲ ਨੂੰ ਵੀ ਭਾਂਪ ਕਿ ਚੱਲ ਰਹੇ ਹਨ ਕਿ ਇੱਕ ਪਾਸੇ ਜਦ ਸਾਰੇ ਦੇਸ ਅੰਦਰ ਭਾਜਪਾ ਦੀ ਤੂਤੀ ਬੋਲ ਰਹੀ ਹੈ ਤਾਂ ਪੰਜਾਬ ਉਨਾਂ ਦੇ ਸਿਆਸੀ ਕਲਾਵੇ ਤੋਂ ਬਾਹਰ ਕਿਉਂ ਹੈ ਜਿਸ ਦਾ ਇੱਕੋ ਇੱਕ ਕਾਰਨ ਉਨਾਂ ਵੱਲੋਂ ਅਕਾਲੀ ਦਲ ਨੂੰ ਮੰਨਿਆ ਜਾ ਰਿਹਾ ਹੈ ।

ਅੰਦਰੂਨੀ ਸਾਫਗੋਈਆਂ ਨੂੰ ਖੰਗਾਲ ਕਿ ਵੇਖੀਏ ਤਾਂ ਭਾਜਪਾ ਵੱਲੋਂ ਅਕਾਲੀ ਦਲ ਦੇ ਬਦਲ ਵਜੋਂ ਪੰਜਾਬ ਦੇ ਕਈ ਸਿੱਖ ਨੇਤਾ ਅਤੇ ਛੋਟੀਆਂ ਸਿਆਸੀ ਪਾਰਟੀਆਂ ਦੇ ਮੋਢਿਆਂ ‘ਤੇ ਰਾਜ ਭਾਗ ਦਾ ਗੁਣੀਆਂ ਪਾਕੇ ਰਾਜਨੀਤੀ ਦੇ ਸਮੁੰਦਰ ਅੰਦਰ ਠਿਲਣ ਦੀ ਕੋਸ਼ਿਸ਼ ਵੀ ਆਉਂਦੇ ਸਮੇਂ ਵਿੱਚ ਕੀਤੀ ਜਾ ਸਕਦੀ ਹੈ ।

ਸਿਆਸੀ ਪੰਡਤਾਂ ਅਨੁਸਾਰ ਇਹ ਵੀ ਹੋ ਸਕਦੈ ਕਿ ਭਾਜਪਾ ਵਲੋਂ ਅਗਲੇ ਦਿਨਾਂ ਨੂੰ ਕਈ ਸਿੱਖ ਚਿਹਰਿਆਂ ਨੂੰ ਅੱਗੇ ਲਾ ਕੇ ਧਾਰਮਿਕ ਮੁੱਦਿਆਂ ਨੂੰ ਹੱਲ ਕਰਨ ਦਾ ਸਿਹਰਾ ਉਨਾਂ ਸਿਰ ਸਜਾਕੇ ਆਪਣੀਆਂ ਸਿਆਸੀ ਗੋਟੀਆਂ ਫਿੱਟ ਕੀਤੀਆਂ ਜਾਣ । ਫਿਲਹਾਲ ਭਾਜਪਾ ਵੱਲੋਂ ਕਈ ਐਸੇ ਸਿੱਖ ਅਤੇ ਸਿਆਸੀ ਆਗੂਆਂ ਦੀ ਭਾਲ ਕੀਤੀ ਜਾ ਰਹੀ ਹੈ ਜੋ ਪਾਰਟੀ ਲਈ ਧਾਰਮਿਕ ਅਤੇ ਰਾਜਨੀਤਕ ਖੇਤਰ ਅੰਦਰ ਬ੍ਰਹਮਅਸਤਰ ਦਾ ਕੰਮ ਕਰ ਸਕਣ । ਇਸ ਸਾਰੇ ਘਟਨਾਕ੍ਰਮ ਦਾ ਇਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਸੱਤਾਧਾਰੀ ਧਿਰ ਕਾਂਗਰਸ ਅਤੇ ਸਿੱਖਾਂ ਦੀ ਨੁਮਾਇੰਦਾ ਜਮਾਤ ਕਹਾਉਣ ਵਾਲਾ ਅਕਾਲੀ ਦਲ ਚਾਹ ਕਿ ਵੀ ਭਾਜਪਾ ਦੇ ਤੇਜ਼ ਹੋਏ ਇਨਾਂ ਸਿਆਸੀ ਕਦਮਾਂ ਦੀ ਆਹਟ ਦਾ ਵਿਰੋਧ ਨਹੀਂ ਕਰ ਸਕੇਗਾ , ਕਿਉਂਕਿ ਜੇਕਰ ਇਨਾਂ ਦੋਵਾਂ ਸਿਆਸੀ ਪਾਰਟੀਆਂ ਵੱਲੋਂ ਇਸ ਮਸਲੇ ‘ਤੇ ਜ਼ਰਾ ਜਿੰਨੀ ਕੁ ਵੀ ਕੁਤਾਹੀ ਹੁੰਦੀ ਹੈ ਤਾਂ ਇਸ ਦਾ ਖਮਿਆਜ਼ਾ ਉਨਾਂ ਨੂੰ ਵੋਟ ਬੈਂਕ ਦੇ ਰੂਪ ਵਿਚ ਭੁਗਤਣਾ ਪੈ ਸਕਦਾ ਹੈ । ਇਸ ਸਾਰੀ ਰਾਜਨੀਤਕ ਸਿਆਸੀ ਵਰਤਾਰੇ ਦੀ ਇੱਕ ਝਲਕ ਦਿੱਲੀ ਅੰਦਰ ਅਸੀਂ ਲੰਘੀਆਂ ਵਿਧਾਨ ਸਭਾ ਚੋਣਾਂ ਮੌਕੇ ਵੇਖ ਚੁੱਕੇ ਹਾਂ ਭਾਵੇਂ ਆਮ ਆਦਮੀ ਪਾਰਟੀ ਨੇ ਭਾਰੀ ਬਹੁਮਤ ਨਾਲ ਦਿੱਲੀ ਦਾ ਮੋਰਚਾ ਫਤਹਿ ਕਰ ਲਿਆ ਪਰ ਪਰ ਬੀਜੇਪੀ ਦੀ ਸਿਆਸੀ ਰਣਨੀਤੀ ਨੂੰ ਇਸ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਣ ਵਾਲਾ ।

ਅਕਾਲੀ ਦਲ ਦੀ ਪਤਲੀ ਹਾਲਤ ਤੋਂ ਭਲੀ ਭਾਂਤ ਜਾਣ ਸਿਆਸੀ ਪੰਡਤ ਤਾਂ ਇੱਥੋਂ ਤੱਕ ਆਖ ਰਹੇ ਨੇ ਕਿ ਆਉਂਦੇ ਦਿਨਾਂ ਨੂੰ ਕੇਂਦਰ ਵੱਲੋਂ ਸੀਨੀਅਰ ਅਕਾਲੀ ਨੇਤਾ ਸੁਖਦੇਵ ਸਿੰਘ ਢੀਂਡਸਾ ਨੂੰ ਵਜੀਰ ਬਣਾ ਕੇ ਪੰਜਾਬ ਦੀ ਫ਼ਿਜ਼ਾ ‘ਤੇ ਰਾਜ ਕਰਨ ਦੀ ਤਮੰਨਾ ਹੇਠ ਇੱਕ ਨਵੀਂ ਸਵੇਰ ਦੀ ਸ਼ੁਰੂਆਤ ਕੀਤੀ ਜਾਵੇਗੀ । ਕੁਝ ਵੀ ਹੋਵੇ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਆਪਣੇ ਕਲਾਵੇ ਅੰਦਰ ਕਰਨ ਦੇ ਲਈ ਇੱਕ ਲੰਬੀ ਉਡਾਰੀ ‘ਤੇ ਨਿਕਲ ਚੁੱਕੀ ਵਿਖਾਈ ਦਿੰਦੀ ਹੈ ਉਨਾਂ ਦੇ ਇਸ ਕਲਾਵੇ ‘ਚ ਕਿਹੜੇ-ਕਿਹੜੇ ਆਗੂ ਆਉਂਦੇ ਨੇ ਇਹ ਗੱਲਾਂ ਅਜੇ ਸਮੇਂ ਦੇ ਗਰਭ ਵਿੱਚ ਜ਼ਰੂਰ ਛੁਪੀਆਂ ਹਨ ।

# ਨਾਗਰਿਕ ਹੱਕਾਂ ਉੱਪਰ ਮੋਦੀ ਸਰਕਾਰ ਦੀ ਫਾਸ਼ੀਵਾਦੀ ਪਹੁੰਚ

**- ਚੰਦਰ ਸ਼ੇਖਰ**

ਮੋਦੀ ਹਕੂਮਤ ਨੇ ਇਸ ਵੇਲੇ ਨਾਗਰਿਕ ਹੱਕਾਂ ਉੱਪਰ ਹੱਲਾ ਬੋਲਿਆ ਹੋਇਆ ਹੈ। ਇਸ ਹੱਲੇ ਵਿਰੁੱਧ ਦੇਸ਼ ਭਰ ਵਿੱਚ ਲੋਕ ਵੀ ਡਟੇ ਹੋਏ ਹਨ ਤੇ ਇਸਦਾ ਜ਼ੋਰਦਾਰ ਵਿਰੋਧ ਹੋ ਰਿਹਾ ਹੈ। ਇਸ ਪੂਰੇ ਮਸਲੇ ਨੂੰ ਸਮਝਣ ਲਈ ਦੋ ਗੱਲਾਂ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਸਮਣਝ ਦੀ ਲੋੜ ਹੈ ਕਿ ਨਾਗਰਿਕਤਾ ਸੋਧ ਕਨੂੰਨ, ਕੌਮੀ ਅਬਾਦੀ ਸੂਚੀ ਤੇ ਕੌਮੀ ਨਾਗਰਿਕਤਾ ਸੂਚੀ ਦੀ ਤਿੱਕੜੀ ਕੀ ਹੈ ਤੇ ਇਹ ਆਪਸ ਵਿੱਚ ਕਿਵੇਂ ਸਬੰਧਿਤ ਹਨ। ਦੂਜੀ ਗੱਲ ਇਹ ਸਮਝਣ ਦੀ ਲੋੜ ਹੈ ਕਿ ਇਸ ਤਿੱਕੜੀ ਪਿਛਲੀ ਤਾਕਤ ਕਿਹੜੀ ਹੈ ਤੇ ਉਹਨਾਂ ਦਾ ਅਸਲ ਮਨੋਰਥ ਕੀ ਹੈ।

ਦਸੰਬਰ 2019 ਵਿਚ ਪਾਸ ਇਹ ਕਨੂੰਨ ਭਾਰਤ ਦੇ ਤਿੰਨ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾ ਦੇਸ਼ ਤੇ ਅਫਗਾਨਿਸਤਾਨ ਵਿਚੋਂ ਆਉਣ ਵਾਲ਼ੇ 6 ਧਰਮਾਂ (ਹਿੰਦੂ, ਸਿੱਖ, ਬੋਧੀ, ਇਸਾਈ, ਪਾਰਸੀ ਤੇ ਜੈਨੀ) ਲੋਕਾਂ ਨੂੰ ਭਾਰਤ ਦੀ ਨਾਗਰਿਕਤਾ ਦਿੰਦਾ ਹੈ। ਇਸ ਤਹਿਤ ਇਹਨਾਂ ਮੁਲਕਾਂ ਤੋਂ 31 ਦਸੰਬਰ 2014 ਤੋਂ ਪਹਿਲਾਂ ਭਾਰਤ ਆਉਣ ਵਾਲ਼ੇ ਲੋਕਾਂ ਨੂੰ ਨਾਗਰਿਕਤਾ ਦਿੱਤੀ ਜਾ ਸਕਦੀ ਹੈ। ਪਰ ਮੁਸਲਮਾਨਾਂ ਨੂੰ ਇਸ ਵਿੱਚੋਂ ਬਾਹਰ ਰੱਖਿਆ ਗਿਆ ਹੈ। ਇੰਝ ਇਹ ਕਨੂੰਨ ਨਾਗਰਿਕਤਾ ਨੂੰ ਧਰਮ ਦੇ ਮਸਲੇ ਨਾਲ਼ ਜੋੜਦਾ ਹੈ ਤੇ ਇਹ ਜਮਹੂਰੀ ਤੇ ਧਰਮ ਨਿਰਪੱਖ ਅਸੂਲਾਂ ਦੇ ਵਿਰੁੱਧ ਹੈ। ਇਸ ਕਨੂੰਨ ਨੂੰ ਪੇਸ਼ ਕਰਦਿਆਂ ਅਮਿਤ ਸ਼ਾਹ ਨੇ ਆਖਿਆ ਕਿ ਉਹ ਗੁਆਂਢੀ ਮੁਲਕਾਂ ਵਿੱਚ ਹੋ ਰਹੀਆਂ ਧਾਰਮਿਕ ਘੱਟਗਿਣਤੀਆਂ ਦੀ ਮਦਦ ਲਈ ਇਹ ਕਨੂੰਨ ਬਣਾ ਰਹੇ ਹਨ। ਪਰ ਜੇ ਅਜਿਹੀ ਗੱਲ ਹੈ ਤਾਂ ਮੀਆਂਮਾਰ ਵਿਚ ਕਤਲੇਆਮ ਤੋਂ ਡਰਦੇ ਭੱਜ ਕੇ ਆਏ ਰੋਹਿੰਗੀਆ ਮੁਸਲਮਾਨ ਭਾਈਚਾਰੇ ਨੂੰ ਇਸ ਵਿੱਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ ? ਉਹਨਾਂ ਨੂੰ ਸ਼ਰਨ ਦੇਣ ਤੋਂ ਮੋਦੀ ਹਕੂਮਤ ਨੇ ਕੋਰਾ ਜੁਆਬ ਦਿੱਤਾ ਹੈ। ਇਉਂ ਹੀ ਪਾਕਿਸਤਾਨ ਵਿਚ ਅਹਿਮਦੀਆ ਭਾਈਚਾਰਾ ਵੀ ਵਿਤਕਰੇ ਦਾ ਸ਼ਿਕਾਰ ਹੈ, ਉਹਦੇ ਪ੍ਰਤੀ ਹਮਦਰਦੀ ਕਿਉਂ ਨਹੀਂ ? ਸ੍ਰੀ ਲੰਕਾ ਵਿਚ ਤਾਮਿਲ ਕੌਮੀਅਤ ਦੇ ਲੋਕਾਂ ਨੂੰ ਉਥੋਂ ਦੀ ਹਕੂਮਤ ਨੇ ਜਬਰੀ ਉਜਾੜਿਆ ਤੇ ਉਹਨਾਂ ਦਾ ਕਤਲੇਆਮ ਕੀਤਾ ਗਿਆ ਸੀ ਤਾਂ ਉਹ ਭਾਰਤ ਵਿਚ ਸ਼ਰਨ ਲਈ ਆਏ। ਤਾਮਿਲਨਾਡੂ ਵਿਚ ਸ੍ਰੀ ਲੰਕਾ ਤੋਂ ਆਏ ਇੱਕ ਲੱਖ ਦੇ ਲਗਭਗ ਤਾਮਿਲ ਸ਼ਰਨਾਰਥੀਆਂ ਵਜੋਂ ਰਹਿ ਰਹੇ ਹਨ ਤੇ ਨਾਗਰਿਕਤਾ ਦੀ ਉਡੀਕ ਕਰ ਰਹੇ ਹਨ ਤਾਂ ਉਹਨਾਂ ਨੂੰ ਇਹ ਹੱਕ ਕਿਉਂ ਨਹੀਂ ਦਿੱਤਾ ਗਿਆ। ਕੌਮੀ ਅਬਾਦੀ ਸੂਚੀ ਭਾਰਤ ਵਿੱਚ ਰਹਿਣ ਵਾਲ਼ੇ ਉਹਨਾਂ ਸਭ ਲੋਕਾਂ ਦੀ ਸੂਚੀ ਹੈ ਜੋ ਭਾਰਤ ਵਿੱਚ ਛੇ ਮਹੀਨੇ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ। ਇਸ ਸੂਚੀ ਵਿੱਚ ਸ਼ਾਮਲ ਲੋਕਾਂ ਵਿੱਚ ਇੱਥੋਂ ਦੇ ਨਾਗਰਿਕ ਵੀ ਹਨ ਤੇ ਗੈਰ-ਨਾਗਰਿਕ ਵੀ। ਪਹਿਲੀ ਵਾਰ ਕੌਮੀ ਅਬਾਦੀ ਸੂਚੀ 2010 ਵਿੱਚ ਤਿਆਰ ਕੀਤੀ ਗਈ ਸੀ। ਹੁਣ ਅਪ੍ਰੈਲ ਤੋਂ ਸਤੰਬਰ ਤੱਕ ਜਨਗਣਨਾ ਦੀ ਹੋਣ ਵਾਲ਼ੀ ਮਰਦਮ ਸ਼ੁਮਾਰੀ ਦੇ ਨਾਲ਼ ਹੀ ਕੌਮੀ ਅਬਾਦੀ ਸੂਚੀ ਵੀ ਤਿਆਰ ਕੀਤੀ ਜਾਵੇਗੀ। ਇਸ ਸੂਚੀ ਵਿੱਚ ਵਿਅਕਤੀ ਦਾ ਨਾਮ, ਪਰਿਵਾਰ ਦੇ ਮੁਖੀ ਨਾਲ਼ ਰਿਸ਼ਤਾ, ਲਿੰਗ, ਜਨਮ ਮਿਤੀ, ਜਨਮ ਸਥਾਨ, ਨਾਗਰਿਕਤਾ, ਪਿਤਾ ਤੇ ਮਾਤਾ ਦਾ ਨਾਮ, ਵਿਆਹੁਤਾ ਸਥਿਤੀ, ਕਿੱਤੇ, ਸਿੱਖਿਆ, ਮੌਜੂਦਾ ਰਿਹਾਇਸ਼ੀ ਪਤਾ ਤੇ ਪੱਕਾ ਰਿਹਾਇਸ਼ੀ ਪਤਾ ਆਦਿ ਜਾਣਕਾਰੀਆਂ ਇਕੱਠੀਆਂ ਕੀਤੀਆਂ ਜਾਣਗੀਆਂ। ਪਰ ਇਸ ਵਾਰ ਕੌਮੀ ਅਬਾਦੀ ਸੂਚੀ ਇਸ ਲਈ ਖਤਰਾ ਹੈ ਕਿਉਂਕਿ ਇਹ ਅੱਗੇ ਕੌਮੀ ਨਾਗਰਿਕਤਾ ਸੂਚੀ ਤਿਆਰ ਕਰਨ ਦਾ ਆਧਾਰ ਹੈ। ਕੌਮੀ ਅਬਾਦੀ ਸੂਚੀ ਤਿਆਰ ਕਰਨ ਲਈ 8500 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਤੇ ਇਸ ਲਈ ਕਰੀਬ 3941 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ। ਉਂਝ ਸਰਕਾਰ ਕੋਲ਼ ਆਧਾਰ ਕਾਰਡ ਅਤੇ ਜਨਗਣਨਾ ਦੇ ਰੂਪ ਵਿੱਚ ਭਾਰਤ ਦੇ ਵਸਨੀਕਾਂ ਦੀ ਜਾਣਕਾਰੀ ਪਹਿਲਾਂ ਹੀ ਹੈ, ਇਸ ਕਰਕੇ ਇਹ ਫਜ਼ੂਲ ਪ੍ਰਕਿਰਿਆ ਵੀ ਹੈ।

ਕੌਮੀ ਨਾਗਰਿਕਤਾ ਸੂਚੀ ਇਸ ਤਿੱਕੜੀ ਵਿੱਚ ਸਭ ਤੋਂ ਕੇਂਦਰੀ ਤੇ ਖਤਰਨਾਕ ਚੀਜ ਹੈ। ਇਹ ਉਹਨਾਂ ਲੋਕਾਂ ਦੀ ਸੂਚੀ ਹੈ ਜਿਹਨਾਂ ਨੂੰ ਭਾਰਤ ਦੇ ਨਾਗਰਿਕ ਮੰਨਿਆ ਜਾਵੇਗਾ। ਕੌਮੀ ਅਬਾਦੀ ਸੂਚੀ ਇਸਦੇ ਲਈ ਅਧਾਰ ਹੈ। ਇਹ ਗੱਲ ਖੁਦ



ਸਰਕਾਰ ਵੱਲੋਂ ਸੰਸਦ ਵਿੱਚ ਵੀ ਕਹੀ ਗਈ ਹੈ ਤੇ 2003 ਦੇ ਨਾਗਰਿਕਤਾ ਸਬੰਧੀ ਕਨੂੰਨ ਵਿੱਚ ਵੀ ਇਹੋ ਗੱਲ ਕਹੀ ਗਈ ਹੈ ਕਿ ਅਬਾਦੀ ਸੂਚੀ ਨਾਗਰਿਕਤਾ ਸੂਚੀ ਦਾ ਅਧਾਰ ਹੈ। ਇਸ ਤਹਿਤ ਕੌਮੀ ਅਬਾਦੀ ਸੂਚੀ ਵਿੱਚੋਂ ਸ਼ੱਕੀ ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਜਾਵੇਗੀ ਤੇ ਉਹਨਾਂ ਨੂੰ ਆਪਣੀ ਨਾਗਰਿਕਤਾ ਸਾਬਿਤ ਕਰਨ ਲਈ ਕਿਹਾ ਜਾਵੇਗਾ। ਨਾਗਰਿਕਤਾ ਸੂਚੀ ਪਹਿਲਾਂ ਅਸਾਮ ਵਿੱਚ ਲਾਗੂ ਕੀਤੀ ਗਈ ਹੈ। ਅਸਾਮ ਵਿੱਚ ਸ਼ਰਨਾਰਥੀਆਂ ਦੀ ਵੱਡੀ ਗਿਣਤੀ ਆ ਕੇ ਵਸੀ ਹੈ ਇਹਨਾਂ ਵਿੱਚੋਂ ਬਹੁਤੇ ਬੰਗਲਾਦੇਸ਼ ਵਿੱਚੋਂ ਆਏ ਹਨ। ਵੱਡੀ ਗਿਣਤੀ ਵਿੱਚ ਬਾਹਰੀ ਵਸੋਂ ਦੇ ਆਉਣ ਨੂੰ ਅਸਾਮ ਦੇ ਲੋਕਾਂ ਨੂੰ ਆਪਣੀ ਕੌਮੀ ਪਛਾਣ, ਭਾਸ਼ਾ ਤੇ ਸੱਭਿਆਚਾਰ ਲਈ ਖਤਰੇ ਵਜੋਂ ਮਹਿਸੂਸ ਕੀਤਾ ਤੇ ਉਹਨਾਂ ਅੰਦਰ ਆਪਣੀ ਹੀ ਧਰਤੀ ’ਤੇ ਘੱਟਗਿਣਤੀ ਰਹਿ ਜਾਣ ਦਾ ਖਤਰਾ ਖੜਾ ਹੋ ਗਿਆ। ਬਹੁਕੌਮੀ ਭਾਰਤ ਨੂੰ ਜਬਰੀ ਇੱਕ ਕੌਮ ਬਣਾਉਣ ਵਿਚ ਲੱਗੀਆਂ ਭਾਰਤ ਦੀਆਂ ਹਾਕਮ ਜਮਾਤਾਂ ਨੇ ਵੀ ਇਹਨਾਂ ਤੌਖਲਿਆਂ ਨੂੰ ਸਹੀ ਢੰਗ ਨਾਲ਼ ਸਿੱਝਣ ਦੀ ਥਾਂ ਇਹਨਾਂ ਨੂੰ ਲੋਕਾਂ ਨੂੰ ਆਪਸ ਵਿੱਚ ਲੜਾਉਣ ਲਈ ਵਰਤਿਆ ਹੈ। ਅਸਾਮ ਵਿੱਚ ਬਾਹਰੋਂ ਆਏ ਸ਼ਰਨਾਰਥੀਆਂ ਨੂੰ ਵਿਉਂਤਬੱਧ ਢੰਗ ਨਾਲ਼ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵਸਾਇਆ ਜਾ ਸਕਦਾ ਸੀ, ਪਰ ਅਜਿਹਾ ਨਹੀਂ ਕੀਤਾ ਗਿਆ। 1985 ਦੇ ਅਸਾਮ ਸਮਝੌਤੇ ਤਹਿਤ 1971 ਤੋਂ ਪਹਿਲਾਂ ਤੋਂ ਰਹਿ ਰਹੇ ਲੋਕਾਂ ਨੂੰ ਨਾਗਰਿਕਤਾ ਦੇਣ ਦੀ ਗੱਲ ਚੱਲੀ ਸੀ ਪਰ ਇਸ ਉੱਪਰ ਅਮਲ 40 ਸਾਲ ਬਾਅਦ ਹੋਇਆ। ਇਸ ਲਈ 1800 ਕਰੋੜ ਰੁਪਏ ਖਰਚਦਿਆਂ 3.29 ਕਰੋੜ ਲੋਕਾਂ ਤੋਂ ਦਸਤਾਵੇਜ ਲਏ ਗਏ ਜਿਸ ਵਿੱਚ 40 ਲੱਖ ਲੋਕਾਂ ਨੂੰ ਨਾਗਰਿਕ ਸੂਚੀ ਵਿਚੋਂ ਬਾਹਰ ਕਰ ਦਿੱਤਾ ਗਿਆ। ਇਸ ਸੂਚੀ ਨੂੰ ਸੋਧਣ ਮਗਰੋਂ 19 ਲੱਖ ਲੋਕ ਨਾਗਰਿਕ ਸੂਚੀ ਵਿੱਚੋਂ ਬਾਹਰ ਕਰ ਦਿੱਤੇ ਗਏ ਹਨ। ਇਸ ਸੂਚੀ ਨੂੰ ਭਾਜਪਾ ਵੱਲੋਂ ਇਹ ਆਖ ਕੇ ਪ੍ਰਚਾਰਿਆ ਜਾ ਰਿਹਾ ਸੀ ਕਿ ਇਸ ਨਾਲ਼ ਮੁਸਲਮਾਨ ਘੁੱਸਪੈਠੀਆਂ ਨੂੰ ਬਾਹਰ ਕੱਢਿਆ ਜਾਵੇਗਾ, ਪਰ ਇਹਨਾਂ 19 ਲੱਖ ਵਿੱਚ 14 ਲੱਖ ਹਿੰਦੂ ਹਨ। ਇਹਨਾਂ ਵਿੱਚ ਅਜਿਹੇ ਲੋਕ ਵੀ ਹਨ ਜਿਹੜੇ ਦਹਾਕਿਆਂ ਤੋਂ ਇੱਥੇ ਰਹਿ ਰਹੇ ਹਨ, ਉਹਨਾਂ ਕਾਰਗਿਲ ਜੰਗ ਤੇ ਹੋਰ ਸਰਕਾਰੀ, ਪ੍ਰਸ਼ਾਸ਼ਨਿਕ ਸੇਵਾਵਾਂ ਦਿੱਤੀਆਂ ਹਨ। ਭਾਜਪਾ ਦੇ ਨੁਮਾਇੰਦੇ ਵਾਰ-ਵਾਰ ਆਖ ਚੁੱਕੇ ਹਨ ਕਿ ਕੌਮੀ ਨਾਗਰਿਕਤਾ ਸੂਚੀ ਪੂਰੇ ਦੇਸ਼ ਵਿੱਚ ਲਾਗੂ ਕੀਤੀ ਜਾਵੇਗੀ। ਇਸ ਤੋਂ ਸਪੱਸ਼ਟ ਹੈ ਕਿ ਅਸਾਮ ਦੀ ਤਰਜ ’ਤੇ ਕਰੋੜਾਂ ਲੋਕਾਂ ਤੋਂ ਨਾਗਰਿਕਤਾ ਖੋਹੀ ਜਾਵੇਗੀ। ਇਸ ਤਿੱਕੜੀ ਨੂੰ ਸੰਖੇਪ ਵਿਚ ਸਮਝੀਏ ਤਾਂ ਕੌਮੀ ਅਬਾਦੀ ਸੂਚੀ ਨੂੰ ਆਧਾਰ ਬਣਾ ਕੇ ਕੌਮੀ ਨਾਗਰਿਕਤਾ ਸੂਚੀ ਤਿਆਰ ਕਰਕੇ ਕਰੋੜਾਂ ਲੋਕਾਂ ਤੋਂ ਨਾਗਰਿਕਤਾ ਖੋਹੀ ਜਾਵੇਗੀ ਤੇ ਇਹਨਾਂ ਵਿੱਚੋਂ ਇੱਕ ਹਿੱਸੇ ਨੂੰ ਨਾਗਰਿਕਤਾ ਸੋਧ ਕਨੂੰਨ ਤਹਿਤ ਨਾਗਰਿਕਤਾ ਦਿੱਤੀ ਜਾ ਸਕਦੀ ਹੈ, ਪਰ ਮੁਸਲਮਾਨ ਇਸ ਵਿੱਚੋਂ ਪੂਰੀ ਤਰਾਂ ਬਾਹਰ ਹੋਣਗੇ। ਇਸ ਕਰਕੇ ਅਮਿਤ ਸ਼ਾਹ ਦੇ ਦਾਅਵਿਆਂ ਦੇ ਉਲਟ ਇਹ ਨਾਗਰਿਕਤਾ ਦੇਣ ਦਾ ਨਹੀਂ, ਸਗੋਂ ਨਾਗਰਿਕਤਾ ਖੋਹਣ ਦਾ ਉਪਰਾਲਾ ਹੈ। ਇਸ ਅਮਲ ਵਿੱਚ ਦਿੱਕਤਾਂ ਇਹ ਵੀ ਹਨ ਕਿ ਗਰੀਬ, ਮਜ਼ਦੂਰ, ਆਦਿਵਾਸੀ, ਕੋਲ਼ ਆਪਣੀ ਨਾਗਰਿਕਤਾ ਸਾਬਿਤ ਕਰਨ ਲਈ ਦਸਤਾਵੇਜ ਹੀ ਨਹੀਂ ਹਨ। ਨਾਗਰਿਕਤਾ ਸਾਬਿਤ ਕਰਨ ਲਈ ਜਾਇਦਾਦ ਦੇ ਕਾਗਜ ਦਿਖਾਉਣੇ ਪੈਣਗੇ, ਪਰ ਮੁਲਕ ਦਾ ਵੱਡਾ ਹਿੱਸਾ ਤਾਂ ਜਾਇਦਾਦ ਤੋਂ ਵੀ ਵਾਂਝਾ ਹੈ। ਜਿਹੜੇ ਲੋਕ ਦਹਾਕਿਆਂ ਤੋਂ ਇੱਥੇ ਰਹਿ ਰਹੇ ਹਨ ਉਹ ਵੀ ਘੁਸਪੈਠੀਏ ਐਲਾਨੇ ਜਾ ਸਕਦੇ ਹਨ।

ਮੋਦੀ ਸਰਕਾਰ ਦਾ ਅਸਲ ਮਨੋਰਥ

ਇਸ ਪੂਰਾ ਮਾਮਲਾ ਅਸਲ ਵਿੱਚ ਕੌਮੀ ਸਵੈਸੇਵਕ ਸੰਘ ਦੀ ਹਿੰਦੂ ਰਾਸ਼ਟਰ ਬਣਾਉਣ ਦੀ ਵਿਉਂਤ ਦਾ ਹਿੱਸਾ ਹੈ। 1925 ਵਿਚ ਬਣਿਆ ਕੌਮੀ ਸਵੈਸੇਵਕ ਸੰਘ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਮੰਨਦਾ ਹੈ ਤੇ ਇੱਥੋਂ ਮੁਸਲਮਾਨਾਂ ਤੇ ਹੋਰ ਧਾਰਮਿਕ ਘੱਟਗਿਣਤੀਆਂ ਨੂੰ ਬਾਹਰ ਕਰਨ ਜਾਂ ਉਹਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾ ਕੇ ਰੱਖਣ ਦੀ ਵਕਾਲਤ ਕਰਦਾ ਹੈ। ਇਹ ਮਨੂੰਵਾਦੀ ਵਰਣ ਵਿਸਵਥਾ ਨੂੰ ਲਾਗੂ ਕਰਕੇ ਜਾਤ-ਪਾਤੀ ਜਬਰ ਨੂੰ ਜਾਇਜ ਠਹਿਰਾਉਂਦਾ ਹੈ। 1992 ਵਿਚ ਹਜਾਰਾਂ ਲੋਕਾਂ ਦੀਆਂ ਲਾਸ਼ਾਂ ਉੱਪਰ ਬਾਬਰੀ ਮਸਜਿਦ ਨੂੰ ਢਾਹਿਆ ਜਾਣਾ, 2002 ਦਾ ਗੁਜਰਾਤ ਕਤਲੇਆਮ ਤੇ 2013 ਦਾ ਮੁਜੱਫਰਨਗਰ ਕਤਲੇਆਮ ਵੀ ਇਸੇ ਸੁਪਨੇ ਨੂੰ ਪੂਰਾ ਕਰਨ ਦੇ ਅੰਗ ਰਹੇ ਹਨ।

**ਬਾਕੀ ਸਫ਼ਾ 31 ’ਤੇ**

# ਕਿਉਂ ਜਿੱਤਿਆ ਕੇਜਰੀਵਾਲ ਦਿੱਲੀ ’ਚ

**- ਰਜਿੰਦਰ ਸਿੰਘ**

ਭਾਜਪਾ ਆਗੂ ਪ੍ਰਵੇਸ਼ ਵਰਮਾ ਦਿੱਲੀ ਚੋਣ ਵਿਚ ਆਪਣੇ ਪਾਰਟੀ ਵਿਚ ਸਭ ਤੋਂ ਵੱਡੇ ਧਮਾਕੇਦਾਰ ਬਿਆਨ ਛੱਡਣ ਵਾਲੇ ਸਾਬਤ ਹੋਏ। ਪਰ ਇਸ ਦੇ ਬਾਵਜੂਦ ਦਿੱਲੀ ਦੇ ਵੋਟਰਾਂ ਨੇ ਅਰਵਿੰਦ ਕੇਜਰੀਵਾਲ ਨੂੰ ਤੀਸਰੀ ਵਾਰ ਮੁੱਖ ਮੰਤਰੀ ਬਣਾ ਦਿੱਤਾ। ਭਾਰਤ ਦੇ ਵੱਡੇ ਅਖ਼ਬਾਰ ਇਹ ਲਿਖ ਰਹੇ ਹਨ ਕਿ ਇਹ ਜਿੱਤ ਆਮ ਆਦਮੀ ਪਾਰਟੀ ਦੇ ਵਿਕਾਸ ਤੇ ਏਜੰਡੇ ਦੀ ਜਿੱਤ ਹੈ। ਲੋਕਾਂ ਨੇ ਭਾਜਪਾ ਦੇ ਸ਼ਾਹੀਨ ਬਾਗ ਪ੍ਰਾਪੇਗੰਡਾ ਨੂੰ ਸਵੀਕਾਰ ਨਹੀਂ ਕੀਤਾ। ਵਿਕਾਸ ਦੇ ਅੱਗੇ ਭਾਜਪਾਈ ਧਰੁਵੀਕਰਨ ਦਾ ਏਜੰਡਾ ਫੇਲ ਹੋ ਗਿਆ। ਇਹ ਗੱਲ ਸਮਝਣ ਵਾਲੀ ਹੈ ਕਿ ਵੱਡੇ ਲੋਕਤੰਤਰ ਦਾ ਦਾਅਵਾ ਕਰਨ ਵਾਲਾ ਭਾਰਤ ਭਗਵੇਂਵਾਦੀ ਜ਼ਹਿਰੀਲੇ ਬਿਆਨਾਂ ਕਾਰਨ ਪ੍ਰਦੂਸ਼ਿਤ ਹੋ ਰਿਹਾ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਭਾਜਪਾ ਦੇ ਸਾਂਸਦ ਪ੍ਰਵੇਸ਼ ਵਰਮਾ ਨੂੰ ਦਿੱਲੀ ਚੋਣਾਂ ਦੌਰਾਨ ਭੜਕਾਊ ਤੇ ਨਫਰਤ ਵਾਲੇ ਬਿਆਨਾਂ ਕਾਰਨ ਚੋਣ ਆਯੋਗ ਨੇ ਤਿੰਨ ਵਾਰ ਨੋਟਿਸ ਦਿੱਤਾ ਸੀ ਤੇ ਦੋ ਵਾਰ ਪ੍ਰਚਾਰ ’ਤੇ ਪਾਬੰਦੀ ਲੱਗੀ ਸੀ। 28 ਫਰਵਰੀ ਨੂੰ ਇਕ ਇੰਟਰਵਿਊ ਵਿਚ ਉਸ ਨੇ ਸ਼ਾਹੀਨ ਬਾਗ ’ਤੇ ਕਿਹਾ, ‘ਇਥੇ ਲੱਖਾਂ ਲੋਕ ਜਮਾ ਹੁੰਦੇ ਹਨ, ਦਿੱਲੀ ਦੇ ਲੋਕਾਂ ਨੂੰ ਸੋਚਣਾ ਹੋਵੇਗਾ ਤੇ ਫੈਸਲਾ ਕਰਨਾ ਹੋਵੇਗਾ ਕਿ ਉਹ ਸਾਡੇ ਘਰਾਂ ਵਿਚ ਵੜਨਗੇ, ਸਾਡੀਆਂ ਭੈਣਾਂ-ਬੇਟੀਆਂ ਨਾਲ ਬਲਾਤਕਾਰ ਕਰਨਗੇ ਤੇ ਸਾਨੂੰ ਮਾਰ ਦੇਣਗੇ।’ 29 ਜਨਵਰੀ ਦੇ ਦਿੱਲੀ ਦੇ ਮਾਦੀਪੁਰ ਵਿਚ ਹੋਈ ਜਨ ਸਭਾ ਵਿਚ ਉਹ ਅਰਵਿੰਦ ਕੇਜਰੀਵਾਲ ਨੂੰ ਅੱਤਵਾਦੀ ਦੱਸ ਗਏ ਤੇ ਕਿਹਾ, ‘ਕੇਜਰੀਵਾਲ ਤੇ ਆਮ ਆਦਮੀ ਪਾਰਟੀ ਜਿਹਾਦੀਆਂ ਦਾ ਸਮਰਥਨ ਕਰਦੀ ਹੈ ਤੇ ਇਸ ਦੇ ਰਾਹੀਂ ਸ਼ਾਹੀਨ ਬਾਗ ਦੇ ਧਰਨੇ ਨੂੰ ਫੰਡਿੰਗ ਹੋ ਰਹੀ ਹੈ।’

ਇਸੇ ਤਰਾਂ ਮੰਤਰੀ ਅਨੁਰਾਗ ਠਾਕੁਰ ਨੇ ਰਿਠਾਲਾ ਦੀ ਸਭਾ ਵਿਚ 27 ਜਨਵਰੀ ਨੂੰ ਜਨਤਾ ਦੇ ਸਾਹਮਣੇ ਨਾਅਰਾ ਲਗਾਇਆ, ‘ਦੇਸ ਕੇ ਗੱਦਾਰਾਂ ਕੋ ਗੋਲੀ ਮਾਰੋ ਸਾਲੋਂ ਕੋ’। ਚੋਣ ਕਮਿਸ਼ਨ ਨੇ 72 ਘੰਟੇ ਤੱਕ ਠਾਕੁਰ ਦੇ ਪ੍ਰਚਾਰ ’ਤੇ ਪਾਬੰਦੀ ਲਗਾ ਦਿੱਤੀ।

ਇਸ ਬਿਆਨ ਦਾ ਸੰਸਦ ਵਿਚ ਵੀ ਵਿਰੋਧ ਹੋਇਆ।

ਵਿਰੋਧੀਆਂ ਨੇ ਨਾਅਰੇ ਲਗਾਏ ਕਿ ਗੋਲੀ ਮਾਰਨਾ ਬੰਦ ਕਰੋ।

ਭਾਜਪਾ ਦੇ ਸੀਨੀਅਰ ਨੇਤਾ ਕਪਿਲ ਮਿਸ਼ਰਾ ਨੇ ਟਵਿੱਟਰ ’ਤੇ ਲਿਖਿਆ, ‘ਆਪ ਤੇ ਕਾਂਗਰਸ ਨੇ ਸ਼ਾਹੀਨ ਬਾਗ ਵਰਗੇ ਮਿੰਨੀ ਪਾਕਿਸਤਾਨ ਖੜੇ ਕੀਤੇ ਹਨ।’ ਚੋਣ ਕਮਿਸ਼ਨ ਨੇ ਇਨਾਂ ਉੱਪਰ 48 ਘੰਟੇ ਪ੍ਰਚਾਰ ਕਰਨ ’ਤੇ ਪਾਬੰਦੀ ਲਗਾ ਦਿੱਤੀ। ਇਸ ਤੋਂ ਬਾਅਦ ਵੀ ਉਨਾਂ ਨੇ ਇਕ ਟਵੀਟ ਕੀਤਾ ਕਿ 8 ਫਰਵਰੀ ਨੂੰ ਦਿੱਲੀ ਵਿਚ ਭਾਰਤ ਤੇ ਪਾਕਿਸਤਾਨ ਦਾ ਮੁਕਾਬਲਾ ਹੈ। ਉਨਾਂ ਦੇ ਇਸ ਬਿਆਨ ’ਤੇ ‘ਆਪ’ ਚੋਣ ਜਿੱਤਣ ਤੋਂ ਬਾਅਦ ਅਨੰਦ ਲੈ ਰਹੀ ਹੈ। ਮਨੋਜ ਤਿਵਾੜੀ ਜੋ ਭਾਜਪਾ ਦੇ ਆਗੂ ਉਹ ਇਸ ਪੱਧਰ ’ਤੇ ਡਿੱਗ ਪਏ ਕਿ ਉਨਾਂ ਨੇ ਕਨਾਟ ਪਲੇਸ ਵਾਲੇ ਹਨੂੰਮਾਨ ਜੀ ਦੇ ਮੰਦਰ ਦੇ ਦਰਸ਼ਨ ਕਰਨ ਪਹੁੰਚੇ ਕੇਜਰੀਵਾਲ ’ਤੇ ਟਿੱਪਣੀ ਕੀਤੀ ਕਿ ਉਹ ਹਨੂੰਮਾਨ ਜੀ ਨੂੰ ਅਸ਼ੁੱਧ ਕਰਨ ਆਏ ਹਨ।



CLEAN SWEEP

ਇੱਥੇ ਹੀ ਬੱਸ ਨਹੀਂ ਯੋਗੀ ਅਦਿੱਤਿਆਨਾਥ ਮੁੱਖ ਮੰਤਰੀ ਯੂਪੀ ਨੇ ਇਕ ਫਰਵਰੀ ਨੂੰ ਕਰਾਵਲ ਨਗਰ ਵਿਚ ਹੋਈ ਸਭਾ ਵਿਚ ਕਿਹਾ ਕਿ ਕੇਜਰੀਵਾਲ ਸ਼ਾਹੀਨ ਬਾਗ ਦੇ ਪ੍ਰਦਰਸ਼ਕਾਰੀਆਂ ਨੂੰ ਬਰਿਆਨੀ ਖੁਆ ਰਹੇ ਹਨ। ਚੋਣ ਕਮਿਸ਼ਨ ਨੇ ਉਨਾਂ ਨੂੰ ਨੋਟਿਸ ਜਾਰੀ ਕੀਤਾ।

ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 24 ਜਨਵਰੀ ਨੂੰ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਕਿਹਾ ਕਿ ਬਟਨ ਏਨੇ ਗੁੱਸੇ ਵਿਚ ਦਬਾਉਣਾ ਕਿ ਬਟਨ ਇੱਥੇ ਦੱਬੇ ਤੇ ਕਰੰਟ ਸ਼ਾਹੀਨ ਬਾਗ ਦੇ ਅੰਦਰ ਲੱਗੇ। ਇਸ ਬਿਆਨ ਨੂੰ ਉਨਾਂ ਨੇ ਕਈ ਸਮਾਗਮਾਂ ਵਿਚ ਦੁਹਰਾਇਆ।

ਦਿੱਲੀ ਦੇ ਦੰਗਲ ਵਿਚ ਜਦ ਪ੍ਰਧਾਨ ਮੰਤਰੀ ਮੋਦੀ ਉਤਰੇ ਤਾਂ ਉਨਾਂ ਨੇ ਸ਼ਾਹੀਨ ਬਾਗ ਨੂੰ ਸੰਯੋਗ ਨਹੀਂ ਪ੍ਰਯੋਗ ਕਿਹਾ। ਇਹ ਵੀ ਕਿਹਾ ਕਿ ਇਹ ਰਾਜਨੀਤੀ ਦਾ ਅਜਿਹਾ ਡਿਜ਼ਾਈਨ ਹੈ, ਜੋ ਰਾਸ਼ਟਰ ਦੀ ਏਕਤਾ-ਅਖੰਡਤਾ ਨੂੰ ਖੰਡਿਤ ਕਰ ਸਕਦਾ ਹੈ।

ਭਾਜਪਾ ਦੇ ਰਾਸ਼ਟਰੀ ਸੈਕਰੇਟਰੀ ਨੇ ਸ਼ਾਹੀਨ ਬਾਗ ਬਾਰੇ ਕਿਹਾ ਕਿ ਇਸ ਨੂੰ ਸੀਰੀਆ ਨਹੀਂ ਬਣਨ ਦੇਣਗੇ ਤੇ ਉਹ ਆਈਐਸ ਵਰਗਾ ਅੱਤਵਾਦੀ ਕੇਂਦਰ ਬਣਾਏ, ਜਿਸ ਵਿਚ ਔਰਤਾਂ ਤੇ ਬੱਚਿਆਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਪਰ ਇਸ ਧਰੁਵੀਕਰਨ ਨੂੰ ਦਿੱਲੀ ਦੀ ਜਨਤਾ ਨੇ ਨਕਾਰ ਦਿੱਤਾ। ਲੋਕਾਂ ਨੇ ਦਸ ਦਿੱਤਾ ਕਿ ਸ਼ਾਹੀਨ ਬਾਗ ਵਿਚ ਜੋ ਬਰਿਆਨੀ ਮਿਲਦੀ ਹੈ, ਉਹ ਸਿਰਫ ਮੁਸਲਮਾਨਾਂ ਦੀ ਰਸੋਈ ਵਿਚ ਨਹੀਂ ਪੱਕਦੀ, ਉਹ ਭਾਰਤ ਦੇ ਸਾਂਝੇ ਚੁੱਲੇ ਵਿਚੋਂ ਨਿਕਲਦੀ ਹੈ। ਇਹੀ ਬਾਗ ਲੋਕਤੰਤਰਿਕ ਬਹੁਲਤਾ ਦਾ ਬਾਗ ਹੈ।

ਦਿੱਲੀ ਦੀ ਜਨਤਾ ਨੇ ਇਸ ਨੂੰ ਖਾਰਜ ਕਰ ਕੇ ਦੇਸ਼ ਦੀ ਜਨਤਾ ਨੂੰ ਨੰਗੇ ਧਰੁਵੀਕਰਨ ਦੀ ਰਾਜਨੀਤੀ ਤੋਂ ਕੁਝ ਰਾਹਤ ਜ਼ਰੂਰ ਦਿੱਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਆਦਮੀ ਪਾਰਟੀ ਦੀ ਇਹ ਜਿੱਤ ਪ੍ਰਭਾਵਸ਼ਾਲੀ ਹੈ। 5 ਸਾਲ ਤੋਂ ਬਾਅਦ ਦੁਬਾਰਾ ਚੋਣ ਜਿੱਤਣਾ, ਉਹ ਵੀ ਦੁਬਾਰਾ 50 ਫ਼ੀਸਦੀ ਤੋਂ ਵਧੇਰੇ ਵੋਟਾਂ ਲੈਣਾ ਅਤੇ ਦੁਬਾਰਾ ਕਰੀਬ 90 ਫ਼ੀਸਦੀ ਸੀਟਾਂ ਜਿੱਤਣਾ ਬਹੁਤ ਵੱਡੀ ਗੱਲ ਹੈ। ਚੋਣਾਂ ਤੋਂ ਬਾਅਦ ਹੋਏ ਸਰਵੇਖਣਾਂ ਤੋਂ ਵੀ ਇਹ ਸਪੱਸ਼ਟ ਹੋ ਗਿਆ ਹੈ ਕਿ ਆਮ ਆਦਮੀ ਪਾਰਟੀ ਨੇ ਔਰਤਾਂ ਅਤੇ ਗ਼ਰੀਬ ਤਬਕਿਆਂ ਵਿਚੋਂ ਸਭ ਤੋਂ ਜ਼ਿਆਦਾ ਸਮਰਥਨ ਹਾਸਲ ਕੀਤਾ। ਅੱਜ ਭਾਰਤ ਲੋਕਤੰਤਰ ਦੇ ਸਾਹਮਣੇ ਚੁਣੌਤੀ ਬਹੁਤ ਵੱਡੀ ਹੈ। ਇਹ ਚੁਣੌਤੀ ਸਿਰਫ ਭਾਜਪਾ ਦੇ ਹੰਕਾਰ ਨੂੰ ਤੋੜਨ ਅਤੇ ਉਸ ਨੂੰ ਚੋਣਾਂ ਵਿਚ ਹਰਾਉਣ ਦੀ ਨਹੀਂ ਹੈ। ਇਹ ਚੈਲਿੰਜ ਭਾਰਤ ਦੀ ਜਮਹੂਰੀਅਤ ਨੂੰ ਬਚਾਉਣ ਦਾ ਵੀ ਹੈ। ਇਸ ਲਈ ਚੋਣ ਰਣਨੀਤੀ ਨਾਲ ਕੰਮ ਨਹੀਂ ਚੱਲੇਗਾ, ਲੋਕਾਂ ਨੂੰ ਨਵੀਂ ਦਿਸ਼ਾ ਦੇਣੀ ਪਵੇਗੀ।

# ਕਾਲ਼ਾ ਕਨੂੰਨ ਐਨ.ਐਸ.ਏ.ਦਿੱਲੀ ਵਿੱਚ ਲੋਕਾਂ ਨੂੰ ਦਬਾਉਣ ਲਈ ਲਾਗੂ !

**- ਪਾਵੇਲ**

ਹੁਣ ਜਦੋਂ ਨਾਗਰਿਕਤਾ ਸੋਧ ਕਨੂੰਨ, ਕੌਮੀ ਨਾਗਰਿਕਤਾ ਰਜਿਸਟਰ, ਕੌਮੀ ਅਬਾਦੀ ਰਜਿਸਟਰ ਵਰਗੇ ਲੋਕਦੋਖੀ ਕਦਮ ਕੇਂਦਰ ਦੀ ਫਿਰਕੂ ਭਾਜਪਾ ਹਕੂਮਤ ਵੱਲੋਂ ਚੁੱਕੇ ਜਾ ਰਹੇ ਹਨ ਤਾਂ ਇਨਾਂ ਕਦਮਾਂ ਵਿਰੁੱਧ ਲੋਕ ਰੋਹ ਫੁੱਟ ਚੁੱਕਿਆ ਹੈ। ਲੋਕ ਸੜਕਾਂ ਉੱਤੇ ਉੱਤਰ ਰਹੇ ਹਨ, ਵੱਖੋ-ਵੱਖ ਥਾਵਾਂ ’ਤੇ ਲਗਾਤਾਰ ਲੱਖਾਂ ਲੋਕ ਇਕੱਠੇ ਹੋਕੇ ਵਿਰੋਧ ਵਿੱਚ ਅਵਾਜ਼ ਬੁਲੰਦ ਕਰ ਰਹੇ ਹਨ, ਵਿਦਿਆਰਥੀ ਫਾਸੀਵਾਦੀ ਹਕੂਮਤ ਨਾਲ਼ ਟਾਕਰਾ ਲੈ ਰਹੇ ਹਨ, ਦਿੱਲੀ ਦੇ ਸ਼ਾਹੀਨ ਬਾਗ ਵਾਂਗ ਥਾਂ ਥਾਂ ’ਤੇ ਮੋਰਚੇ ਬਣ ਰਹੇ ਹਨ। ਉਦੋਂ ਹੀ ਇਸ ਵਿਰੋਧ ਨੂੰ ਦਰੜਣ ਲਈ ਹੁਣ ਬਰਤਾਨਵੀ ਹਾਕਮਾਂ ਦੇ “ਸੱਚੇ ਵਾਰਿਸ” ਭਾਰਤੀ ਹਾਕਮ ਆਪਣੇ “ਪੁਰਖਿਆਂ” ਦੇ ਦੱਸੇ ਰਾਹ ’ਤੇ ਚੱਲਦੇ ਹੋਏ “ਭਾਰਤੀ ਸੰਵਿਧਾਨ” ਵਿੱਚ ਦਰਜ਼ ਭਾਂਤ-ਭਤੀਲੇ ਕਾਲ਼ੇ ਕਨੂੰਨਾਂ ਦੀ ਵਰਤੋਂ ਕਰ ਰਹੇ ਹਨ। ਇਸਦੀ ਤਾਜ਼ਾ ਮਿਸਾਲ ਰੋਲਟ ਐਕਟ ਦੇ ਬਦਲੇ ਹੋਏ ਰੂਪ ਕੌਮੀ ਸੁਰੱਖਿਆ ਕਨੂੰਨ (ਐਨ.ਐਸ.ਏ.) ਜਰੀਏ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਧੜੱਲੇ ਨਾਲ਼ ਕੀਤੀ ਜਾ ਰਹੀ ਵਰਤੋਂ ਦੀ ਹੈ।

ਦਿੱਲੀ ਦੇ ਉੱਪ-ਰਾਜਪਾਲ ਦੇ ਹੁਕਮ ਜਾਰੀ ਕਰਨ ਸਾਰ ਦਿੱਲੀ ਵਿੱਚ 3 ਮਹੀਨਿਆਂ (19 ਜਨਵਰੀ 2020 ਤੋਂ ਲੈਕੇ 18 ਅਪ੍ਰੈਲ ਤੱਕ) ਲਈ ਫਿਰ ਤੋਂ ਕੌਮੀ ਸੁਰੱਖਿਆ ਕਨੂੰਨ (ਐੱਨ.ਐੱਸ.ਏ.) ਦੀ ਮਿਆਦ ਵਧਾ ਦਿੱਤੀ ਗਈ ਹੈ। ਇਸ ਕਨੂੰਨ ਦੇ ਤਹਿਤ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਿਸੇ ਇਲਜ਼ਾਮ ਦੇ ਫੜ ਕੇ ਜੇਲ ਵਿੱਚ ਸੁੱਟਿਆ ਜਾ ਸਕਦਾ ਹੈ। ਇਸ ਕਨੂੰਨ ਤਹਿਤ “ਮੁਲਕ ਦੀ ਸੁਰੱਖਿਆ” ਦਾ ਬਹਾਨਾ ਬਣਾਕੇ ਕਿਸੇ ਵੀ ਵਿਅਕਤੀ ਨੂੰ ਜੇਲ ਵਿੱਚ 12 ਮਹੀਨਿਆਂ ਤੱਕ ਵੀ ਰੱਖਿਆ ਜਾ ਸਕਦਾ ਹੈ ਅਤੇ “ਲੋੜ” ਪੈਣ ’ਤੇ ਜੇਲ ਵਿੱਚ ਰੱਖਣ ਦੀ ਮਿਆਦ ਵਧਾਈ ਵੀ ਜਾ ਸਕਦੀ ਹੈ। ਇਸ ਕਨੂੰਨ ਤਹਿਤ 10 ਦਿਨ ਤੱਕ ਵਿਅਕਤੀ ਜਾਂ ਪਰਿਵਾਰ ਨੂੰ ਸੂਚਿਤ ਕਰਨਾ ਵੀ ਜ਼ਰੂਰੀ ਨਹੀਂ ਹੈ ਕਿ ਇਸ ਵਿਅਕਤੀ ਨੂੰ ਫੜਿਆ ਕਿਉਂ ਹੈ। ਹੋਰ ਤਾਂ ਹੋਰ ਵਕੀਲ ਦੀ ਸਹਾਇਤਾ ਨਹੀਂ ਲਈ ਜਾ ਸਕਦੀ। ਆਮ ਤੌਰ ’ਤੇ ਜੇਕਰ ਕਿਸੇ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਉਸ ਵਿਅਕਤੀ ਦਾ ਇਹ ਮੁਢਲਾ ਹੱਕ ਹੈ ਕਿ ਉਸ ਨੂੰ ਸੂਚਿਤ ਕੀਤਾ ਜਾਵੇ ਵੀ ਉਸ ਨੂੰ ਹਿਰਾਸਤ ਵਿੱਚ ਕਿਉਂ ਲਿਆ ਗਿਆ ਹੈ ਅਤੇ ਹਿਰਾਸਤ ਵਿੱਚ ਲੈਣ ਦਾ ਆਧਾਰ ਕੀ ਹੈ। ਨਾਲ਼ ਦੀ ਨਾਲ਼ ਉਸ ਵਿਅਕਤੀ ਨੂੰ ਜਮਾਨਤ ਲੈਣ ਦਾ ਅਤੇ ਕਨੂੰਨੀ ਮਦਦ ਲੈਣ ਦਾ ਹੱਕ ਹੁੰਦਾ ਹੈ। ਪਰ ਕੌਮੀ ਸੁਰੱਖਿਆ ਕਨੂੰਨ ਤਹਿਤ ਹਿਰਾਸਤ ਵਿੱਚ ਲਏ ਗਏ ਕਿਸੇ ਵੀ ਸ਼ਖਸ ਨੂੰ ਇਹਨਾਂ ਹੱਕਾਂ ਵਿੱਚੋਂ ਕੋਈ ਹੱਕ ਨਹੀਂ ਮਿਲ਼ਦਾ। ਇਸੇ ਲਈ ਕੌਮੀ ਅਪਰਾਧ ਰਿਕਾਰਡ ਬਿਊਰੋ ਕੋਲ਼ ਇਸ ਕਨੂੰਨ ਤਹਿਤ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਦਾ ਕੋਈ ਰਿਕਾਰਡ ਨਹੀਂ, ਕਿਉਂਕਿ ਕੌਮੀ ਸੁਰੱਖਿਆ ਕਨੂੰਨ ਦੇ ਤਹਿਤ ਕੋਈ ਵੀ ਐਫਆਈਆਰ ਹੀ ਦਰਜ਼ ਨਹੀਂ ਕੀਤੀ ਜਾਂਦੀ। ਇਸੇ ਕਨੂੰਨ ਦੀ ਵਰਤੋਂ ਕਰਦੇ ਹੋਏ ਹੀ 2018 ਵਿੱਚ ਮਨੀਪੁਰ ਦੇ ਇੱਕ ਪੱਤਰਕਾਰ ਕਿਸ਼ੋਰਚੰਦ ਵਾਂਗਖੇਮ ਨੂੰ ਭਾਜਪਾ ਸਰਕਾਰ ਦੀ ਅਲੋਚਨਾ ਕਰਨ ’ਤੇ 12 ਮਹੀਨਿਆਂ ਲਈ ਜੇਲ ਵਿੱਚ ਸੁੱਟਿਆ ਗਿਆ ਸੀ। ਹੁਣ ਤਾਂ ਦਿੱਲੀ ਅਤੇ ਆਂਧਰਾ ਪ੍ਰਦੇਸ਼ ਵਿੱਚ ਲੋਕਾਂ ਦੇ ਮੱਥੇ ਮੜੇ ਗਏ ਇਸ ਕਾਲ਼ੇ ਕਨੂੰਨ ’ਤੇ ਰੋਕ ਲਾਉਣ ਤੋਂ ਸਰਵਉੱਚ ਅਦਾਲਤ ਨੇ ਵੀ ਇਨਕਾਰ ਕਰ ਦਿੱਤਾ ਹੈ। ਇਹ ਹੈ ਸੰਸਾਰ ਦੀ ਅਖੌਤੀ ਸਭ ਤੋਂ ਵੱਡੀ ਜਮਹੂਰੀਅਤ ਦੀ ਹਕੀਕਤ! ਜੋ ਮਾੜੇ ਮੋਟੇ ਹੱਕ ਆਮ ਲੋਕਾਈ ਨੂੰ ਮਿਲ਼ੇ ਹਨ, ਉਹ ਲੁਟੇਰੇ ਹਾਕਮਾਂ ਦੀ ਮਰਜ਼ੀ ਦੇ ਆਸਰੇ ਹਨ। ਜਦੋਂ ਹਾਕਮਾਂ ਨੂੰ ਆਮ ਲੋਕਾਈ ਤੋਂ ਖਤਰਾ ਮਹਿਸੂਸ ਹੁੰਦਾ ਹੈ ਉਦੋਂ ਹੀ ਇਹ ਹੱਕ ਆਮ ਲੋਕਾਈ ਤੋਂ ਖੋਹ ਲਏ ਜਾਂਦੇ ਹਨ ਅਤੇ “ਜਮਹੂਰੀਅਤ” ਛਿੱਕੇ ਟੰਗ ਦਿੱਤੀ ਜਾਂਦੀ ਹੈ।



ਕੌਮੀ ਸੁਰੱਖਿਆ ਕਨੂੰਨ ਇੰਦਰਾ ਗਾਂਧੀ ਦੀ ਅਗਵਾਈ ਵਾਲ਼ੀ ਕਾਂਗਰਸ ਸਰਕਾਰ ਸੰਨ 1980 ਵਿੱਚ ਲੈ ਕੇ ਆਈ ਸੀ ਪਰ ਰੋਲਟ ਐਕਟ ਵਰਗਾ ਅਜਿਹਾ ਹੀ ਕਾਲ਼ਾ ਕਨੂੰਨ ‘ਇਤਿਹਾਤੀ ਹਿਰਾਸਤ ਕਨੂੰਨ’ (ਪੀ.ਡੀ.ਏ.) “ਸੰਵਿਧਾਨ” ਲਾਗੂ ਹੁੰਦਿਆ ਸਾਰ ਨਹਿਰੂ ਸਰਕਾਰ ਸੰਨ 1950 ਵਿੱਚ ਲੈਕੇ ਆਈ। ਸੰਨ 1969 ਵਿੱਚ ਇਸ ਕਨੂੰਨ ਦੀ ਮਿਆਦ ਮੁੱਕ ਜਾਣ ’ਤੇ ਸੰਨ 1971 ਵਿੱਚ ਇੰਦਰਾ ਗਾਂਧੀ ਵੱਲੋਂ ਇਸੇ ਤਰਾਂ ਦਾ ਹੀ, ਰੋਲਟ ਐਕਟ ਦਾ ਬਦਲਿਆ ਇੱਕ ਹੋਰ ਰੂਪ; ਅੰਦਰੂਨੀ ਸੁਰੱਖਿਆ ਦੀ ਸਾਂਭ ਸੰਭਾਲ ਐਕਟ (ਮੀਸਾ) ਲਿਆਂਦਾ ਗਿਆ। ਇਸ ਕਾਲ਼ੇ ਕਨੂੰਨ ਦੀ ਵਰਤੋਂ ਲੋਕ ਰੋਹ ਨੂੰ ਦਬਾਉਣ ਲਈ ਐਮਰਜੈਂਸੀ ਦੇ ਦੌਰ ਵੇਲੇ ਧੜੱਲੇ ਨਾਲ਼ ਕੀਤੀ ਗਈ।

ਰੋਲਟ ਐਕਟ ਦੇ ਇਹ ਬਦਲੇ ਹੋਏ ਰੂਪ “ਸੰਵਿਧਾਨ” ਤੋਂ ਬਾਹਰ ਨਹੀਂ ਹਨ ਸਗੋਂ ਸੰਵਿਧਾਨ ਅਜਿਹੇ ਅਨੇਕਾਂ ਕਾਲ਼ੇ ਕਨੂੰਨਾਂ ਨਾਲ਼ ਭਰਿਆ ਪਿਆ ਹੈ, ਜਿਨਾਂ ਦੀ ਵਰਤੋਂ ਇਸ ਲੁਟੇਰੇ ਪ੍ਰਬੰਧ ਨੂੰ ਬਣਾਈ ਰੱਖਣ ਅਤੇ ਲੋਕਰੋਹ ਨੂੰ ਦਬਾਉਣ ਲਈ ਭਾਰਤੀ ਹਾਕਮ ਸਮੇਂ-ਸਮੇਂ ’ਤੇ ਕਰਦੇ ਆਏ ਹਨ। ਕੌਮੀ ਸੁਰੱਖਿਆ ਕਨੂੰਨ ਵਰਗਾ ਹੀ ਜੰਮੂ-ਕਸ਼ਮੀਰ ਲਈ ਸੰਨ 1978 ਵਿੱਚ ਬਣਾਇਆ ਗਿਆ ਇੱਕ ਹੋਰ ਕਨੂੰਨ ਹੈ, ਜੰਮੂ-ਕਸ਼ਮੀਰ ਦਾ ਲੋਕ ਸੁਰੱਖਿਆ ਕਨੂੰਨ (ਪੀ.ਐਸ.ਏ.) ਜਿਸਦੇ ਤਹਿਤ ਕਿਸੇ ਨੂੰ ਵੀ ਬਿਨਾ ਕਿਸੇ ਇਲਜ਼ਾਮ ਦੇ 2 ਵਰਿਆਂ ਲਈ ਨਜ਼ਰਬੰਦ ਕੀਤਾ ਜਾ ਸਕਦਾ ਹੈ। ਧਾਰਾ 370 ਹਟਾਏ ਜਾਣ ਤੋਂ ਬਾਅਦ ਇਸੇ ਕਨੂੰਨ ਦੇ ਤਹਿਤ ਸੈਂਕੜੇ ਸਿਆਸੀ ਆਗੂਆਂ ਤੇ ਆਮ ਲੋਕਾਂ ਨੂੰ ਨਜ਼ਰਬੰਦ ਕੀਤੇ ਹੋਇਆਂ 6 ਮਹੀਨੇ ਹੋਣ ਵਾਲ਼ੇ ਹਨ। ਇੰਟਰਨੇਟ-ਫੋਨ ਸੇਵਾਵਾਂ ਤੋਂ ਵਾਂਝੇ ਕਰ ਅਤੇ ਅਜਿਹੇ ਕਾਲ਼ੇ ਕਨੂੰਨਾਂ ਜਰੀਏ ਭਾਰਤੀ ਹਾਕਮਾਂ ਨੇ ਕਸ਼ਮੀਰ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਜੇਲ ਵਿੱਚ ਤਬਦੀਲ ਕਰ ਦਿੱਤਾ ਹੈ।

“ਭਾਰਤੀ ਸੰਵਿਧਾਨ” ਵਿੱਚ ਮੌਜੂਦ ਹੋਰ ਕਾਲ਼ੇ ਕਨੂੰਨਾਂ ਦੀ ਗੱਲ ਕਰੀਏ ਤਾਂ ‘ਦਹਿਸ਼ਤਗਰਦੀ ਸਰਗਰਮੀਆਂ ਰੋਕੂ ਕਨੂੰਨ’ (ਪੋਟਾ), ‘ਦਹਿਸ਼ਤਗਰਦੀ ਅਤੇ ਭੰਨਤੋੜ ਸਰਗਰਮੀਆਂ ਰੋਕੂ ਕਨੂੰਨ’ (ਟਾਡਾ), ‘ਗੜਬੜ ਵਾਲ਼ੇ ਇਲਾਕਿਆਂ ਬਾਰੇ ਕਨੂੰਨ’ (ਡਿਸਟਰਬਡ ਏਰੀਆ ਐਕਟ), ‘ਗੈਰ ਕਨੂੰਨੀ ਸਰਗਰਮੀਆਂ ਰੋਕੂ ਕਨੂੰਨ’ (ਯੂਏਪੀਏ) ਆਦਿ ਵਰਗੇ ਕਾਲ਼ੇ ਕਨੂੰਨਾਂ ਦਾ ਇਸਤੇਮਾਲ ਫਿਰਕੂ ਫਾਸੀਵਾਦੀ ਹਕੂਮਤ ਵੱਲੋਂ ਸਿਆਸੀ-ਸਮਾਜਕ ਕਾਰਕੁੰਨਾਂ ਨੂੰ ਜੇਲਾਂ ਵਿੱਚ ਡੱਕਣ ਅਤੇ ਘੱਟਗਿਣਤੀਆਂ ’ਤੇ ਹੱਲਾ ਵਿੱਢਣ ਲਈ ਹੀ ਕੀਤਾ ਜਾ ਰਿਹਾ ਹੈ। ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ (ਅਫਸਪਾ) ਦਾ ਇਸਤੇਮਾਲ ਕਈ ਸੂਬਿਆਂ ਵਿੱਚ ਲੋਕਾਂ ’ਤੇ ਜ਼ਬਰ ਕਰਨ ਲਈ ਕੀਤਾ ਗਿਆ ਜਾਂ ਕੀਤਾ ਜਾ ਰਿਹਾ ਹੈ, ਧਾਰਾ 144 ਦਾ ਇਸਤੇਮਾਲ ਵਿਰੋਧ ਦਰਜ਼ ਕਰਾਉਣ ਲਈ ਲੋਕਾਂ ਨੂੰ ਇਕੱਠੇ ਹੋਣ ਤੋਂ ਰੋਕਣ ਲਈ ਕੀਤਾ ਜਾਂਦਾ ਹੈ। ਇਹ ਸਾਰੇ ਕਨੂੰਨ ਭਾਰਤੀ ਲੁਟੇਰੇ ਹਾਕਮਾਂ ਵੱਲੋਂ ਲੋਕਾਂ ਦੀ ਵਿਅਕਤੀਗਤ ਅਜ਼ਾਦੀ ਤੇ ਪਾਬੰਦੀਆਂ ਲਾਉਣ, ਉਨਾਂ ਦੇ ਜਥੇਬੰਦ ਹੋਣ ਤੇ ਸੰਘਰਸ਼ ਕਰਨ ਦੇ ਹੱਕ ’ਤੇ ਹਮਲਾ ਕਰਨ ਅਤੇ ਵਿਚਾਰਾਂ ਦੀ ਅਜ਼ਾਦੀ ਦੇ ਪ੍ਰਗਟਾਵੇ ਦਾ ਗਲ਼ਾ ਘੁੱਟਣ ਲਈ ਲਿਆਂਦੇ ਗਏ ਕਾਲੇ ਕਨੂੰਨ ਹਨ। ਆਮ ਲੋਕਾਈ ਨੂੰ ਲੁੱਟ ਕਾਰਪੋਰੇਟ ਘਰਾਣਿਆਂ ਦੀਆਂ ਜੇਬਾਂ ਭਰਨ ਲੱਗੀ ਹੋਈ ਹਿੰਦੂਤਵੀ ਫਾਸੀਵਾਦੀ ਹਕੂਮਤ ਆਮ ਲੋਕਾਈ ਦੇ ਰੋਹ ਨੂੰ ਦਬਾਉਣ ਲਈ ਅਜਿਹੇ ਕਾਲ਼ੇ ਕਨੂੰਨਾਂ ਨੂੰ ਵਰਤਕੇ ਘੱਟਗਿਣਤੀਆਂ, ਦਲਿਤਾਂ, ਮਜ਼ਦੂਰਾਂ, ਸਿਆਸੀ-ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ ਔਰਤਾਂ, ਵਿਦਿਆਰਥੀਆਂ ’ਤੇ ਹੱਲੇ ਵਿੱਢਦੀ ਆ ਰਹੀ ਹੈ ਪਰ ਸੰਘੀ ਗੁੰਡੇ ਸ਼ਰੇਆਮ ਗਲੀਆਂ ਵਿੱਚ ਕਤਲ ਕਰਕੇ ਵੀ ਅਜ਼ਾਦ ਘੁੰਮ ਰਹੇ ਹਨ। ਇਹਨਾਂ ਗੁੰਡਿਆਂ ’ਤੇ ਕੋਈ ਕਾਲ਼ਾ ਕਨੂੰਨ ਲਾਗੂ ਨਹੀਂ ਕੀਤਾ ਜਾਂਦਾ। ਤੇ ਹੁਣ ਜਦੋਂ ਫਾਸੀਵਾਦੀ ਹਕੂਮਤ ਲੁੱਟ ਚੋਂਘ ਨੂੰ ਬਣਾਈ ਰੱਖਣ, ਆਪਣੀ ਹਕੂਮਤ ਨੂੰ ਪੱਕੇ ਪੈਰੀਂ ਕਰਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਯਤਨਾਂ ਵਿੱਚ ਤੇਜ਼ੀ ਲਿਆਉਂਦੀਆਂ ਸੀ.ਏ.ਏ., ਐਨ.ਆਰ.ਸੀ., ਐਨ.ਪੀ.ਆਰ. ਲਿਆ ਰਹੀ ਹੈ, ਤਾਂ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਲੋਕਦੋਖੀ ਕਦਮਾਂ ਖਿਲਾਫ਼ ਲੋਕ ਸੜਕਾਂ ’ਤੇ ਉੱਤਰ ਆਏ ਹਨ। ਪਰ ਫਾਸੀਵਾਦੀ ਭਾਜਪਾ ਹਕੂਮਤ ਇਸ ਵਿਰੋਧ ਨੂੰ ਦਬਾਉਣ ਲਈ ਹਰ ਮੁਮਕਿਨ ਹੀਲਾ ਕਰ ਰਹੀ ਹੈ। ਸੀ.ਏ.ਏ., ਐਨ.ਆਰ.ਸੀ. ਤੇ ਐਨ.ਪੀ.ਆਰ. ਖਿਲਾਫ਼ ਆਪਣਾ ਵਿਰੋਧ ਨਾ ਦਰਜ਼ ਕਰਾ ਸਕਣ ਇਸ ਲਈ ਹਾਕਮਾਂ ਵੱਲੋਂ ਧਾਰਾ 144 ਲੋਕਾਂ ਦੇ ਮੱਥੇ ਮੜ ਵਿਰੋਧ ਦਰਜ਼ ਕਰਾਉਣ ਦਾ ਹੱਕ ਖੋਹ ਲਿਆ ਜਾਂਦਾ ਹੈ, ਇੰਟਰਨੈੱਟ- ਫੋਨ ਸੇਵਾਵਾਂ ਬੰਦ ਕਰਕੇ ਪ੍ਰਗਟਾਵੇ ਦੀ ਅਜ਼ਾਦੀ ’ਤੇ ਦਿਨ ਦਿਹਾੜੇ ਡਾਕਾ ਮਾਰਿਆ ਜਾ ਰਿਹਾ ਹੈ (ਇੰਟਰਨੇਟ ਬੰਦ ਕਰ ਲੋਕਾਂ ਦਾ ਬੁਨਿਆਦੀ ਹੱਕ ਖੋਹਣ ਦੇ ਮਾਮਲੇ ਵਿੱਚ ਪੂਰੀ ਦੁਨੀਆ ਵਿੱਚ ਭਾਰਤ ਦੇ ਨੇੜੇ ਤੇੜੇ ਵੀ ਕੋਈ ਮੁਲਕ ਨਹੀ ਹੈ), ਆਗੂ ਮੁਜ਼ਾਹਰਿਆਂ ਨੂੰ ਲਾਮਬੰਦ ਨਾ ਕਰ ਸਕਣ ਇਸ ਲਈ ਕੌਮੀ ਸੁਰੱਖਿਆ ਕਨੂੰਨ ਦੇ ਜ਼ਰੀਏ ਮਰਜ਼ੀ ਨਾਲ਼ ਆਗੂਆਂ ਨੂੰ ਚੁੱਕ ਕੇ ਜੇਲ ਵਿੱਚ ਸੁੱਟਿਆ ਜਾ ਰਿਹਾ ਹੈ, ਜਨਤਕ ਜਾਇਦਾਦ ਦੀ ਸੁਰੱਖਿਆ ਦੇ ਨਾਂ ’ਤੇ ਯੂਨੀਵਰਸਿਟੀਆਂ ਵਿੱਚ ਵੜਕੇ ਵਿਦਿਆਰਥੀਆਂ ਨੂੰ ਕੁੱਟਿਆ ਜਾ ਰਿਹਾ ਹੈ, ਸੜਕਛਾਪ ਗੁੰਡਿਆਂ ਵਾਂਗ ਵਸੂਲੀ ਕੀਤੀ ਜਾ ਰਹੀ ਹੈ, ਮੁਜ਼ਾਹਰਿਆਂ ’ਤੇ ਗੋਲ਼ੀ ਤਾਂ ਚਲਾਈ ਹੀ ਜਾ ਰਹੀ ਹੈ।

# ਬਾਲੀਵੁੱਡ ਭਗਵੀਂ ਸਿਆਸਤ ਦਾ ਸ਼ਿਕਾਰ

**- ਏ ਟੀ ਫੀਚਰਜ਼**

ਸਾਲ 1999 ਦੀ ਗੱਲ ਹੈ। ਮੀਰਾ ਨਾਇਰ ਦੀ ਫ਼ਿਲਮ ‘ਵਾਟਰ’ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਸੀ। ਸ਼ਬਾਨਾ ਦੀ ਅਦਾਕਾਰੀ ਵਾਲੀ ਇਸ ਫ਼ਿਲਮ ਦੀ ਸ਼ੂਟਿੰਗ ਬਨਾਰਸ ਵਿਚ ਹੋ ਰਹੀ ਸੀ, ਪਰ ਸ਼ਿਵਸੈਨਾ ਨੇ ਇਸ ਫ਼ਿਲਮ ਦੀ ਸ਼ੂਟਿੰਗ ਨਹੀਂ ਹੋਣ ਦਿੱਤੀ, ਪਰ ਪੂਰਾ ਬੌਲੀਵੁੱਡ ਇਸਨੂੰ ਲੈ ਕੇ ਅਜੀਬ ਜਿਹੀ ਚੁੱਪ ਧਾਰ ਕੇ ਬੈਠਾ ਸੀ। ਇਸ ਘਟਨਾ ਦੇ ਦੋ ਦਹਾਕੇ ਬਾਅਦ ਬੌਲੀਵੁੱਡ ਦਾ ਨਜ਼ਾਰਾ ਬਦਲ ਗਿਆ ਹੈ। ਹੁਣ ਬੌਲੀਵੁੱਡ ਨਾ ਸਿਰਫ਼ ਖੁੱਲ ਕੇ ਬੋਲਦਾ ਹੈ, ਬਲਕਿ ਦੋ ਗਰੁੱਪਾਂ ਵਿਚ ਵੰਡਿਆ ਹੋਇਆ ਹੈ। ਫ਼ਿਲਮੀ ਹਸਤੀਆਂ ਵਿਚਕਾਰ ਇਹ ਵੰਡ ਨਾਗਰਿਕਤਾ ਸੋਧ ਕਾਨੂੰਨ ਤੇ ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਲੈ ਕੇ ਨਜ਼ਰ ਆ ਰਹੀ ਹੈ। ਜੇਐਨਯੂ, ਜਾਮੀਆ ਮਿਲੀਆ ਯੂਨੀਵਰਸਿਟੀ, ਅਲੀਗੜ ਮੁਸਲਿਮ ਯੂਨੀਵਰਸਿਟੀ ਤੇ ਦੇ ਵਿਦਿਆਰਥੀ ਅੰਦੋਲਨ ਦੇ ਨਾਲ ਹੀ ਨਾਗਰਿਕਤਾ ਸੋਧ ਕਾਨੂੰਨ, ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਲੈ ਕੇ ਮੋਦੀ ਸਰਕਾਰ ਖ਼ਿਲਾਫ਼ ਨਸੀਰੂਦੀਨ ਸ਼ਾਹ, ਅਨੁਰਾਗ ਕਸ਼ਿਅਪ, ਵਿਸ਼ਾਲ ਭਾਰਦਵਾਜ, ਅਨੁਭਵ, ਦੀਪਿਕਾ ਪਾਦੁਕੋਣ, ਫਰਹਾਨ ਅਖ਼ਤਰ, ਸੁਸ਼ਾਂਤ, ਸਵ੍ਹਾ ਭਾਸਕਰ, ਨੰਦਿਤਾ, ਜਾਵੇਦ ਅਖ਼ਤਰ, ਸ਼ਬਾਨਾ ਆਜ਼ਮੀ ਅਤੇ ਅਨੁਰਾਗ ਬਸੁ ਨੇ ਮੋਰਚਾ ਖੋਲਿਆ ਹੋਇਆ ਹੈ। ਦੂਜੇ ਪਾਸੇ ਅਨੁਪਮ ਖੇਰ, ਕੰਗਨਾ, ਪਰੇਸ਼ ਰਾਵਲ, ਵਿਵੇਕ ਓਬਰਾਏ, ਪ੍ਰਸੂਨ ਜੋਸ਼ੀ, ਮਧੁਰ ਭੰਡਾਰਕਰ ਤੇ ਵਿਵੇਕ ਅਗਨੀਹੋਤਰੀ ਜੋ ਮੋਦੀ ਸਰਕਾਰ ਖ਼ਿਲਾਫ਼ ਖੜੀਆਂ ਹਸਤੀਆਂ ਪ੍ਰਤੀ ਵਿਰੋਧੀ ਰੁਖ਼ ਅਪਣਾ ਰਹੇ ਹਨ। ਫੀਸ ਵਾਧਾ ਅਤੇ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਜੇਐੱਨਯੂ ਵਿਚ ਚੱਲ ਰਹੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿਚ ਦੀਪਿਕਾ ਪਾਦੁਕੋਣ ਪਹੁੰਚ ਗਈ। ਇਸਦੇ ਅਗਲੇ ਹੀ ਦਿਨ ਉਸਦੀ ਫ਼ਿਲਮ ‘ਛਪਾਕ’ ਰਿਲੀਜ਼ ਹੋਣੀ ਸੀ। ਬੇਸ਼ੱਕ ਇਸ ਵਿਚ ਦੀਪਿਕਾ ਕੁਝ ਵੀ ਨਹੀਂ ਬੋਲੀ, ਪਰ ਉਸ ਦੀ ਮੌਜੂਦਗੀ ਨੇ ਨਾਗਰਿਕਤਾ ਕਾਨੂੰਨ ਦੇ ਸਮਰਥਕਾਂ ਦਾ ਪਾਰਾ ਵਧਾ ਦਿੱਤਾ। ਇਸ ਤੋਂ ਨਾਰਾਜ਼ ਵਰਗ ਨੇ ਤੇਜ਼ਾਬ ਪੀੜਤ ਔਰਤਾਂ ਦੀ ਸਮੱਸਿਆ ’ਤੇ ਬਣੀ ਸੰਜੀਦਾ ਫ਼ਿਲਮ ‘ਛਪਾਕ’ ਖ਼ਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ। ਇਸਦਾ ਅਸਰ ਫ਼ਿਲਮ ’ਤੇ ਬਹੁਤ ਪਿਆ। ‘ਛਪਾਕ’ ਦਾ ਬਾਈਕਾਟ ਕਰਨ ਲਈ ਚਲਾਈ ਗਈ ਮੁਹਿੰਮ ਨੂੰ ਬੌਲੀਵੁੱਡ ਦੇ ਭਗਵਿਆਂ ਨੇ ਅਸਹਿਣਸ਼ੀਲਤਾ ਵਜੋਂ ਦਰਸਾਉਣ ਦੀ ਕੋਸ਼ਿਸ਼ ਕੀਤੀ। ਇਸੀ ਦੌਰਾਨ ਲਗਪਗ ਇਕੱਠੇ ਹੀ ਫ਼ਿਲਮੀ ਕਰੀਅਰ ਸ਼ੁਰੂ ਕਰਨ ਵਾਲੇ ਦਿਗਜ ਅਭਿਨੇਤਾ ਵੀ ਇਕ ਦੂਜੇ ਦੇ ਸਾਹਮਣੇ ਆ ਗਏ। ਨਾਗਰਿਕਤਾ ਸੋਧ ਕਾਨੂੰਨ ਅਤੇ ਰਾਸ਼ਟਰੀ ਜਨਗਣਨਾ ਰਜਿਸਟਰ ਦਾ ਵਿਰੋਧ ਕਰਦੇ ਹੋਏ ਨਸੀਰੂਦੀਨ ਸ਼ਾਹ ਨੇ ਇਕ ਪ੍ਰੋਗਰਾਮ ਵਿਚ ਅਨੁਪਮ ਖੇਰ ਨੂੰ ਨਾ ਸਿਰਫ਼ ‘ਜੋਕਰ’ ਦੱਸਿਆ, ਬਲਕਿ ਲੋਕਾਂ ਨੂੰ ਇਹ ਵੀ ਸੁਝਾਅ ਦਿੱਤਾ ਕਿ ਉਹ ਅਨੁਪਮ ਨੂੰ ਜ਼ਿਆਦਾ ਗੰਭੀਰਤਾ ਨਾਲ ਨਾ ਲੈਣ। ਰਾਜਨੀਤਕ ਮੁੱਦਿਆਂ ’ਤੇ ਵਿਰੋਧ ਲਈ ਫ਼ਿਲਮਾਂ ਵੀ ਬਣ ਰਹੀਆਂ ਹਨ। ਸਾਲ ਪਹਿਲਾਂ ਜ਼ੋਆ ਅਖ਼ਤਰ ਦੀ ਫ਼ਿਲਮ ਆਈ ਸੀ ‘ਗਲੀ ਬੌਇ’। ਉਸ ਫ਼ਿਲਮ ਦੇ ਇਕ ਗੀਤ ਵਿਚ ਜੇਐੱਨਯੂ ਦੇ ਵਿਦਿਆਰਥੀ ਕਨੱਈਆ ਦੇ ਆਜ਼ਾਦੀ ਦੇ ਨਾਅਰੇ ’ਤੇ ਆਧਾਰਿਤ ਰੈਪ ਵੀ ਸੀ। ਪਰ ਜਦੋਂ ਇਕ ਸਮਾਗਮ ਵਿਚ ਫ਼ਿਲਮ ਦੇ ਮੁੱਖ ਕਿਰਦਾਰ ਰਣਵੀਰ ਤੋਂ ਇਸ ਸਬੰਧੀ ਸੁਆਲ ਪੁੱਛਿਆ ਤਾਂ ਉਸਨੇ ਖ਼ੁਦ ਨੂੰ ਗ਼ੈਰ ਸਿਆਸੀ ਆਖਿਆ। ਫ਼ਿਲਮ ਅਭਿਨੇਤਰੀ ਆਲੀਆ ਦਾ ਵੀ ਇਹੀ ਪ੍ਰਤੀਕਰਮ ਸੀ। ਪਰ ਥੋੜੇ ਦਿਨਾਂ ਬਾਅਦ ਉਹ ਦੋਵੇਂ ਹੋਰ ਅਦਾਕਾਰਾਂ ਨਾਲ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਗਏ ਅਤੇ ਉਨਾਂ ਨਾਲ ਸੈਲਫੀ ਵੀ ਲਈ। ਦਰਅਸਲ, ਬੌਲੀਵੁੱਡ ਦੀਆਂ ਫ਼ਿਲਮਾਂ ’ਤੇ ਕਰੋੜਾਂ ਵਿਚ ਪੈਸਾ ਲੱਗਦਾ ਹੈ। ਜੇਕਰ ਕਿਸੇ ਫ਼ਿਲਮ ’ਤੇ ਵਿਵਾਦ ਹੋਇਆ ਜਾਂ ਜੇਕਰ ‘ਵਾਟਰ’ ਵਰਗੀ ਫ਼ਿਲਮ ਦੀ ਸ਼ੂਟਿੰਗ ਰੁਕ ਗਈ ਤਾਂ ਨਿਰਮਾਤਾ-ਨਿਰਦੇਸ਼ਕ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਇਹੀ ਕਾਰਨ ਹੈ ਕਿ ਬੌਲੀਵੁੱਡ ਰਾਜਨੀਤਕ ਮਸਲਿਆਂ ’ਤੇ ਆਪਣਾ ਸਪੱਸ਼ਟ ਰੁਖ਼ ਪ੍ਰਗਟਾਉਣ ਤੋਂ ਹਿਚਕ ਜਾਂਦਾ ਹੈ। ਉਨਾਂ ਨੂੰ ਲੱਗਦਾ ਹੈ ਕਿ ਜੇਕਰ ਉਨਾਂ ਦੇ ਬਿਆਨ ਤੋਂ ਬਾਅਦ ਵਿਵਾਦ ਹੋਇਆ ਤਾਂ ਕਰੋੜਾਂ ਦੀ ਪੂੰਜੀ ਡੁੱਬ ਸਕਦੀ ਹੈ। ਇਹੀ ਕਾਰਨ ਹੈ ਕਿ ਫ਼ਿਲਮਸਾਜ਼, ਅਦਾਕਾਰ ਵਿਵਾਦਾਂ ਤੋਂ ਬਚਦੇ ਹਨ। ਅਤੀਤ ਵਿਚ ਦੇਵ ਆਨੰਦ, ਅੱਬਾਸ, ਕਿਸ਼ੋਰ ਕੁਮਾਰ ਅਤੇ ਵਿਜੇ ਆਨੰਦ ਅਪਵਾਦ ਰਹੇ ਹਨ ਜਿਨਾਂ ਨੇ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕੀਤੀ ਸੀ। ਉਨਾਂ ਦੇ ਵਿਰੋਧ ਕਾਰਨ ਉਸ ਦੌਰਾਨ ਫ਼ਿਲਮਾਂ ’ਤੇ ਕੈਂਚੀ ਚੱਲੀ। ਰਾਸ਼ਟਰਵਾਦੀ ਖੇਮੇ ਵੱਲੋਂ ‘ਅਰਬਨ ਨਕਸਲ’ ਫ਼ਿਲਮ ਬਣਾ ਚੁੱਕੇ ਫ਼ਿਲਮਸਾਜ਼ ਵਿਵੇਕ ਅਗਨੀਹੋਤਰੀ, ਭਾਜਪਾ ਦੀ ਸੰਸਦ ਮੈਂਬਰ ਦੇ ਪਤੀ ਅਨੁਪਮ ਖੇਰ ਅਤੇ ਕੰਗਨਾ ਰਣੌਤ ਹਰ ਮੋਰਚੇ ’ਤੇ ਮੋਦੀ ਵਿਰੋਧੀਆਂ ਨੂੰ ਆਪਣੇ ਅੰਦਾਜ਼ ਵਿਚ ਜਵਾਬ ਦੇ ਰਹੇ ਹਨ। ਜਦੋਂ ਉੱਤਰ ਪ੍ਰਦੇਸ਼ ਵਿਚ ਅਖ਼ਲਾਕ ਦੀ ਹੱਤਿਆ ਹੋਈ ਤਾਂ ਉਨਾਂ ਦਿਨਾਂ ਵਿਚ ਮੋਦੀ ਵਿਰੋਧੀਆਂ ਨੇ ‘ਮਾਬ ਲਿਚਿੰਗ’ ਨਾਂ ਦਾ ਨਵਾਂ ਸ਼ਬਦ ਦਿੱਤਾ। ਸ਼ਾਹਰੁਖ਼ ਖ਼ਾਨ ਅਤੇ ਆਮਿਰ ਖ਼ਾਨ ਤਕ ਨੇ ‘ਡਰ ਲੱਗਦਾ ਹੈ’ ਨਾਂ ਦਾ ਨਾਅਰਾ ਦਿੱਤਾ ਸੀ। ਇਸਦੀ ਤਿੱਖੀ ਪ੍ਰਤੀਕਿਰਿਆ ਹੋਈ ਕਿ ਆਮਿਰ ਦੀ ਫ਼ਿਲਮ ‘ਠੱਗਜ਼ ਆਫ ਹਿੰਦੋਸਤਾਨ’ ਅਤੇ ਸ਼ਾਹਰੁਖ਼ ਦੀ ਫ਼ਿਲਮ ‘ਫੈਨ’ ਬੁਰੀ ਤਰਾਂ ਫਲਾਪ ਹੋਈ ਕਿਉਂਕਿ ਲੋਕਾਂ ਨੇ ਦੋਵਾਂ ਦੀਆਂ ਫ਼ਿਲਮਾਂ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਸੀ। ਉਦੋਂ ਤੋਂ ਇਹ ਦੋਵੇਂ ਸਿਤਾਰੇ ਵਿਵਾਦਾਂ ਵਿਚ ਪੈਣ ਤੋਂ ਬਚਦੇ ਹਨ।


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


SKYWAY TRAVEL
Serving Around the World Community since 1994
We specialize to Asia, Europe, Middle East. Africa, Australia & etc.
Special Fares to:
SFO To DEL, LAX To DEL
AMRITSAR & DELHI
ਚਾਰ ਜਾਂ ਚਾਰ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ
Book Online 24/7 : www.skywayticket.com
Call (818) 762-9236
#15549 Devonshire St.
Ste. 206 Mission Hills, CA 91345


GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ
• ਫੈਮਲੀ ਇੰਮੀਗਰੇਸ਼ਨ
• ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
• ਘਰੇਲੂ ਹਿੰਸਾ ਦੇ ਕੇਸ
• ਨਸ਼ਾ ਕਰਕੇ ਗੱਡੀ ਚਲਾਉਣਾ
• ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
• ਪੋਲੀਟੀਕਲ ਅਸਾਈਲਮ
Atul Kapoor
CEO
Neat Allen Sawyer
Attorney at Law
US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010



Website Design & Development
➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.**

**$4,399,000**



Ranjit S Mangat
(Lic: 01922089)

## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਯੂਨਾਈਟਿਡ ਸਿੱਖਸ
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ

**ਮਰਦਮਸ਼ੁਮਾਰੀ ਵਿੱਚ ਸਾਡੀ ਗਿਣਤੀ**
**ਸਾਡਾ ਵਿਕਾਸ ਸਾਡੀ ਉਨਤੀ**




# ਅਮਰੀਕਾ ਵਿੱਚ 2020 ਦੀ ਜਨਗਣਨਾ ਵਿੱਚ ਸਿੱਖਾਂ ਦੀ ਵੱਡੀ ਜਿੱਤ



ਅਮਰੀਕਾ ਦੀ ਸਰਕਾਰ ਵੱਲੋਂ ਇਕ ਬਹੁਤ ਅਹਿਮ ਫੈਸਲਾ ਲਿਆ ਗਿਆ ਹੈ । ਪਿਛਲੇ ਦੋ ਦਿਹਾਕਿਆ ਤੋਂ ਯੂਨਾਈਟਿਡ ਸਿੱਖਸ ਸੰਸਥਾ ਦੀ ਸਮੂਹ ਸਿੱਖ ਭਾਈਚਾਰੇ ਨਾਲ ਮਿਲਕੇ ਅਮਰੀਕਾ ਰਹਿੰਦੇ ਸਿੱਖਾਂ ਲਈ ਮਰਦਮਸ਼ੁਮਾਰੀ ਰਾਹੀਂ ਵੱਖਰੀ ਜਾਤੀ ਸਮੂਹ ਦੀ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਹੁਣ ਮੰਜੂਰੀ ਦਿੱਤੀ ਗਈ ਹੈ। ਇਸ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਵੱਡਾ ਲਾਭ ਪਹੁੰਚੇਗਾ।

- ਇਹ ਸਿੱਖਾਂ ਦੀ ਬਰਾਬਰ ਅਤੇ ਸਹੀ ਨੁਮਾਇੰਦਗੀ ਨੂੰ ਯਕੀਨੀ ਬਣਾਏਗਾ।
- ਮਰਦਮਸ਼ੁਮਾਰੀ ਦਾ ਲਾਭ ਸਿੱਖਾਂ ਵਿਰੁੱਧ ਨਫਰਤ ਅਤੇ ਅਪਰਾਧ ਦੇ ਮਾਮਲਿਆਂ ਨੂੰ ਰੋਕਣ ਵਿੱਚ ਸਹਾਇਕ ਹੋਵੇਗਾ।
- ਮਰਦਮਸ਼ੁਮਾਰੀ ਵਿੱਚ ਸਿੱਖਾਂ ਦੀ ਵੱਖ ਜਾਤੀ ਸਮੂਹ ਦੇ ਰੂਪ ਵਿਚ ਗਿਣਤੀ ਨਾਲ ਸਿੱਖਾਂ ਨੂੰ ਵਿੱਦਿਅਕ ਤੋਰ ਤੇ ਫਾਇਦਾ ਹੋਵੇਗਾ , ਬਰਾਬਰ ਰੋਜ਼ਗਾਰ ਮਿਲੇਗਾ ਅਤੇ ਸਿਹਤ ਦੇਖਭਾਲ ਵਿੱਚ ਵੀ ਬਰਾਬਰੀ ਮਿਲੇਗੀ।

## ਇਸ ਫਾਰਮ ਨੂੰ ਚੰਗੀ ਤਰ੍ਹਾਂ ਸਮਝ ਲਵੋ :- ਸੈਕਸ਼ਨ 9 ਵਿੱਚ "Some Other Race " ਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਉਸਦੇ ਵਿੱਚ 'ਸਿੱਖ' ਲਿਖੋ ਜਾਂ ਟਾਈਪ ਕਰੋ।

☐ Chinese
☐ Vietnamese
☐ Native Hawaiian
☐ Filipino
☐ Korean
☐ Samoan
☐ Asian Indian
☐ Japanese
☐ Chamorro
☐ Other Asian – *Print, for example, Pakistani, Cambodian, Hmong, etc.*
☐ Other Pacific Islander – *Print, for example, Tongan, Fijian, Marshallese, etc.*

☑ Some other race – *Print race or origin.*

S I K H

**ਵਧੇਰੀ ਜਾਣਕਾਰੀ ਲਈ ਤੁਸੀ ਸੰਪਰਕ ਕਰ ਸਕਦੇ ਹੋ:-**

ਮੀਤਨ ਕੌਰ 909.601.5540
ਗੁਰਵਿੰਦਰ ਸਿੰਘ 469.222.6288।
Census@unitedsikhs.org.

**ਸਹਾਇਕ ਸੰਸਥਾਵਾਂ :-**

ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ
ਈਸਟ ਕੋਸਟ ਕੋਓਰਡੀਨੇਸ਼ਨ ਕਮੇਟੀ
ਅਮਰੀਕਨ ਸਿੱਖ ਕੌਂਕੇਸ

**ਜਨਗਣਨਾ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛਦੀ ਅਤੇ ਹੋਰ ਏਜੰਸੀਆਂ ਨਾਲ ਕੋਈ ਜਾਣਕਾਰੀ ਸਾਂਝੀ ਨਹੀਂ ਕਰਦੀ ਇਸ ਲਈ ਡਰਨ ਦੀ ਕੋਈ ਗੱਲ ਨਹੀਂ ਹੈ ।**

Legal Aid| Disaster Relief|Education

*United Nations Affiliated NGO*

@unitedsikhs @unitedsikhstv contact@unitedsikhs.org @unitedsikhs @unitedsikhs.org www.unitedsikhs.org

# ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਕੰਕਣ

**- ਗੁਰਮੇਲ ਸਿੰਘ ਗਿੱਲ**

ਲਾਹੌਰ ਨਿਵਾਸੀ ਕਵੀ ਕੰਕਣ ਜੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀਆਂ ਵਿੱਚੋਂ ਇੱਕ ਸਨ। ਉਹ ਹਰ ਵੇਲੇ ਗੁਰੂ ਸਾਹਿਬ ਦੇ ਦਰਬਾਰ ਵਿੱਚ ਗੁਰੂਦੇਵ ਦੇ ਦਰਸ਼ਨ ਦੀਦਾਰ ਕਰਨ ਵਾਲੇ ਤੇ ਗੁਰੂ ਜੀ ਦਾ ਜਸ ਲਿਖ ਕੇ ਦੀਵਾਨਾਂ ਵਿੱਚ ਅਤੇ ਦਰਬਾਰੀ ਸੰਗਤਾਂ ਨੂੰ ਸੁਣਾਉਣ ਵਾਲੇ ਵਿਦਵਾਨ ਕਵੀ ਸਨ। ਇਤਿਹਾਸਕ ਤੱਥਾਂ ਮੁਤਾਬਿਕ ਬਹਾਦਰ ਸ਼ਾਹ ਨੇ ਭੱਲਾ ਕੁੱਲ ਦੇ ਰਤਨ ਕਵੀ ਹ੍ਰਿਦਯਰਾਮ (ਸਮਕਾਲੀ ਕਵੀ ਗੁਰੂ ਅਰਜਨ ਦੇਵ ਪਾਤਸ਼ਾਹੀ ਪੰਜਵੀਂ) ਵੱਲੋਂ ਹਿੰਦੀ ਵਿੱਚ ਅਨੁਵਾਦ ਕੀਤੀ ਰਚਨਾ 'ਹਨੁਮਾਨ ਨਾਟਕ' ਦੀ ਅਸਲ ਹੱਥ ਲਿਖਤ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕੀਤੀ ਸੀ। ਗੁਰੂ ਜੀ ਨੇ ਪਰਸੂ ਰਾਮ ਦੇ ਸੰਵਾਦ ਦੇ ਕੁਝ ਛੰਦ ਆਪਣੇ ਕਵੀ ਕਾਂਸ਼ੀ ਰਾਮ ਤੋਂ ਲਿਖਵਾ ਕੇ ਇਸ ਵਿੱਚ ਦਰਜ ਕਰਵਾਏ। ਕਵੀ ਹ੍ਰਿਦਯਰਾਮ ਦੀ ਇਸ ਰਚਨਾ ਵਿੱਚ ਕਵੀ ਕੰਕਣ ਦੀ ਜੋ ਕਾਵਿ ਰਚਨਾ ਦਰਜ ਹੈ, ਉਹ ਇਸ ਤਰਾਂ ਹੈ:

**ਤਬ ਜਾਨਕਿ ਕੋ ਹਰਿ ਕਾਨਨ ਟੇਰਿ**
**ਗਏ ਸਰ ਤੀਰ ਤ੍ਰਿਖਾ ਜਲ ਕੀ,**
**ਕਹਿ ਕੰਕਨ ਨੈਕੁ ਭਏ ਦ੍ਰਿਗ ਸ਼ੀਤਲ**

ਹਨੁਮਾਨ ਨਾਟਕ ਵਿੱਚ ਇਹ ਕਾਵਿ ਰਚਨਾ ਵੀ ਦਸਮ ਪਿਤਾ ਵੱਲੋਂ ਕਵੀ ਕੰਕਣ ਤੋਂ ਹੀ ਲਿਖਵਾਈ ਸਿੱਧ ਹੁੰਦੀ ਹੈ। ਇਸ ਸਬੰਧੀ ਤੱਥ ਮਹਾਨ ਕੋਸ਼ ਭਾਈ ਕਾਨ ਸਿੰਘ ਨਾਭਾ ਦੇ ਪੰਨਾ ਨੰ: 260, 314 ਅਤੇ 354 ਤੋਂ ਮਿਲਦੇ ਹਨ।

ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ (ਹਰਿਆਣਾ) ਦੇ ਐੱਮ.ਏ. ਭਾਗ-ਪਹਿਲਾ 'ਪੰਜਾਬੀ ਸਾਹਿਤ ਦਾ ਇਤਿਹਾਸ' (ਪੇਪਰ-ਚੌਥਾ) ਦੇ ਲੇਖਕ ਡਾ. ਗੁਰਦੇਵ ਸਿੰਘ (ਸੰਪਾਦਕ ਡਾ. ਐੱਨ.ਐੱਸ. ਕੌਸ਼ਲ, ਸੋਧਕ ਪ੍ਰੋ. ਕਰਮਜੀਤ ਸਿੰਘ) ਅਨੁਸਾਰ 'ਵਾਰ ਭੇੜੇ ਦੀ ਪਾਤਸ਼ਾਹੀ-10' ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਵਿਚਲੇ ਯੁੱਧ ਅਤੇ ਕਿਲੇ ਨੂੰ ਤਿਆਗਣ ਤੋਂ ਬਾਅਦ ਚਮਕੌਰ ਵਿੱਚ ਹੋਈ ਭਿੜੰਤ ਤਕ ਦਾ ਜੋ ਪ੍ਰਸੰਗ ਹੈ, ਇਸ ਦੀ ਬੋਲੀ ਦੇ ਸਰੂਪ ਅਤੇ ਵਰਣਨ ਦੀ ਸਜੀਵਤਾ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਕਿਸੇ ਅਜਿਹੇ ਕਵੀ ਦੁਆਰਾ ਲਿਖੀ ਗਈ ਹੈ, ਜਿਸ ਨੇ ਇਸ ਯੁੱਧ ਨੂੰ ਅੱਖੀਂ ਡਿੱਠਾ ਸੀ। ਇਸ ਲਈ ਇਹ ਅਨੁਮਾਨ ਹੈ ਕਿ ਇਹ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਕਿਸੇ ਦਰਬਾਰੀ ਕਵੀ ਦੀ ਕਿਰਤ ਹੋਵੇ।”

ਖੋਜ ਕਰਨ 'ਤੇ ਕਵੀ ਕੰਕਣ ਦੀ ਰਚਨਾ “ਸੰਖੇਪ ਦਸ ਗੁਰ ਕਥਾ” (ਰਚਨਾ ਕਾਲ-1704 ਤੋਂ 1711) ਪੰਜਾਬ (ਪਾਕਿਸਤਾਨ) ਵਿੱਚ ਪ੍ਰਾਪਤ ਹੋਈ। ਖੋਜ ਕਰਤਾ ਤੇ ਸੰਪਾਦਕ ਬੀਬੀ ਸੱਯਦਾ ਫਰਾਹ ਅਦੀਲ ਮੁਤਾਬਿਕ ਜੋ ਲਿਖਤ ਉਨਾਂ ਨੂੰ ਪ੍ਰਾਪਤ ਹੋਈ, ਉਸ ਹੱਥ ਲਿਖਤ ਖਰੜੇ ਦੀ ਹਾਲਤ ਬਹੁਤ ਮਾੜੀ ਹੈ। ਉਨਾਂ ਨੇ ਰਚਨਾ ਨੂੰ ਬੜੀ ਮਿਹਨਤ ਨਾਲ ਸੁਚੇਤ ਕਿਤਾਬ ਘਰ ਲਾਹੌਰ (ਪਾਕਿਸਤਾਨ) ਤੋਂ ਛਪਵਾਇਆ। ਲਵਪੁਰ ਨਗਰ (ਲਾਹੌਰ) ਵਿੱਚ ਕਵੀ ਦਾ ਘਰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਕੋਈ ਪਤਾ ਨਹੀਂ ਲੱਗਿਆ। ਬੀਬੀ ਅਦੀਲ ਨੇ ਗੁਰੂ ਜੀ ਦੇ ਮਹਾਨ ਦਰਬਾਰੀ ਕਵੀ ਦੀ ਯਾਦ ਨੂੰ ਤਾਜਾ ਰੱਖਣ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਨ ਦਾ ਪ੍ਰਸੰਸਾਯੋਗ ਉਪਰਾਲਾ ਕਰਦਿਆਂ ਪੂਰਬੀ ਪੰਜਾਬ (ਭਾਰਤ) ਅਤੇ ਪੱਛਮੀ ਪੰਜਾਬ (ਪਾਕਿਸਤਾਨ) ਦੇ ਸਮੂਹ ਸਾਹਿਤ ਪ੍ਰੇਮੀਆਂ ਤੋਂ ਕਾਵਿ ਰਚਨਾ ਦੇ ਭਰਪੂਰ ਸੁਆਗਤ ਦੀ ਆਸ ਕੀਤੀ ਹੈ। ਕੰਕਣ ਜੀ ਦੇ ਹਿਰਦੇ ਵਿੱਚ ਵਸੇ ਗੁਰੂ ਪਿਆਰ, ਦਲੇਰੀ, ਸ਼ਰਧਾ, ਸਹਿਣਸ਼ੀਲਤਾ, ਨਿਮਰਤਾ ਤੇ ਉਮਾਹ ਆਦਿ ਸਭ ਨੇ 56 ਪੰਨਿਆਂ ਦੀ ਇਸ ਰਚਨਾ ਨੂੰ ਵਿਲੱਖਣ ਰੂਪ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਇਆ ਹੈ। ਪ੍ਰਾਚੀਨ ਪੰਜਾਬੀ ਸਾਹਿਤਕ ਤੇ ਸਾਧ ਭਾਸ਼ਾ ਗੁਰਮੁਖੀ ਵਿੱਚ ਲਿਖੀ ਇਸ ਰਚਨਾ ਵਿੱਚ ਸੰਸਕ੍ਰਿਤ, ਹਿੰਦੀ, ਅਰਬੀ ਤੇ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਸੱਚੇ ਕਾਵਿਕ ਗੁਣਾਂ ਨਾਲ ਭਰੀ ਤੇ ਸੰਦੇਹ ਰਹਿਤ ਕਾਵਿ ਰਚਨਾ ਦੇ ਛੰਦ, ਅਲੰਕਾਰ ਤੇ ਢੁੱਕਵੀਂ ਸਮਕਾਲੀ ਸ਼ਬਦਾਵਲੀ ਵਿਦਵਾਨ ਬੁੱਧੀ ਨੂੰ ਪ੍ਰਭਾਵਿਤ ਕਰਨ ਵਾਲੀ ਰਚਨਾ ਹੈ। ਰਚਨਾ ਵਿੱਚ ਕਵੀ ਨੇ ਜਿੱਥੇ ਦਸਾਂ ਗੁਰੂਆਂ ਦੀ ਉਸਤਤ ਕੀਤੀ ਹੈ, ਉੱਥੇ ਹੀ ਜਹਾਂਗੀਰ ਤੇ ਔਰੰਗਜ਼ੇਬ ਵਰਗੇ ਜ਼ਾਲਮਾਂ ਲਈ ਬੇਦੀਨ, ਨੀਚ ਅਤੇ ਕਸਾਈ ਵਰਗੇ ਸਖਤ ਸ਼ਬਦਾਂ ਦੀ ਵਰਤੋਂ ਕਰ ਕੇ ਮੁਗਲ ਕਾਲ ਵਿੱਚ ਦਲੇਰੀ ਭਰਿਆ ਕਦਮ ਚੁੱਕਿਆ ਹੈ। ਵਿਚਾਰ ਤੇ ਭਾਵਨਾਵਾਂ ਨੂੰ ਵਿਅਕਤ ਕਰਨ ਲਈ ਕਵੀ ਨੇ ਚੌਪਈ, ਦੋਹਰਾ, ਸੋਰਠਾ, ਸਵੱਯਾ, ਅੜਿਲ, ਰੁਬਾਈ, ਪਉੜੀ ਝੂਲਣੇ, ਪਉੜੀ ਭਾਖਾ ਆਦਿ ਛੰਦ ਵਰਤੇ ਹਨ। ਕਵੀ ਨੇ ਪਹਿਲੀ ਤੋਂ ਦਸਵੀਂ ਪਾਤਸ਼ਾਹੀ ਤਕ ਸਾਰੇ ਗੁਰੂ ਸਾਹਿਬਾਨਾਂ ਦੀ ਸੰਖੇਪ ਕਾਵਿ ਰੂਪ ਕਥਾ ਲਿਖੀ ਹੈ। ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਸਮਕਾਲੀ ਕਵੀ ਹੋਣ ਕਰਕੇ ਉਨਾਂ ਦੇ ਜੀਵਨ 'ਤੇ ਕਈ ਕਾਵਿ ਛੰਦ ਲਿਖ ਕੇ ਬਹੁਤ ਸਾਰੇ ਮਹੱਤਵਪੂਰਨ ਇਤਿਹਾਸਕ ਤੱਥ ਸਾਹਮਣੇ ਲਿਆਂਦੇ ਹਨ। ਗੁਰੂ ਹਰਗੋਬਿੰਦ ਸਾਹਿਬ ਦੀ ਕਾਵਿ ਕਥਾ ਵਿੱਚ ਕਵੀ ਨੇ ਬਿਧੀ ਚੰਦ ਦੀ ਸਾਖੀ ਦੇ ਕਾਵਿ ਛੰਦ ਵਿਸਥਾਰ ਵਿੱਚ ਪੇਸ਼ ਕੀਤੇ ਹਨ। ਨੌਵੀਂ ਪਾਤਸ਼ਾਹੀ ਦੀ ਕਥਾ ਵਿੱਚ ਭਾਈ ਸਦਾ ਨੰਦ, ਭਾਈ ਸੁਖਭਾਨ ਤੇ ਭਾਈ ਜੈਤਾ ਦੇ ਬਹਾਦਰੀ ਭਰਪੂਰ ਕਾਰਨਾਮਿਆਂ 'ਤੇ ਰੋਸ਼ਨੀ ਪਾਈ ਹੈ।



ਦਸਵੀਂ ਪਾਤਸ਼ਾਹੀ ਦੇ ਜੀਵਨ ਤੇ ਨੌਵੀਂ ਪਾਤਸ਼ਾਹੀ ਦੀ ਕੁਰਬਾਨੀ ਸਬੰਧੀ ਲਾਹੇਵੰਦ ਸਮਕਾਲੀ ਤੱਥਾਂ ਤੋਂ ਇਲਾਵਾ ਦਿੱਲੀ ਜੇਲ ਕੋਤਵਾਲੀ ਵਿੱਚੋਂ ਲਿਆਂਦੇ ਗੁਰੂ ਜੀ ਦੇ 57 ਸਲੋਕਾਂ, ਗੁਰਿਆਈ ਦੀ ਸਮੱਗਰੀ, ਉਸ ਸਮੇਂ ਦੇ ਦਿੱਲੀ ਦੇ ਹਾਲਾਤ ਅਤੇ ਔਰੰਗਜੇਬ ਦੇ ਸਿੱਖਾਂ ਪ੍ਰਤੀ ਜ਼ਾਲਮ ਵਤੀਰੇ ਨੂੰ ਬਾਖੂਬੀ ਬਿਆਨ ਕੀਤਾ ਹੈ। ਭਾਈ ਜੈਤਾ ਜੀ ਦੇ ਛੋਟੇ ਭਰਾ ਭਾਈ ਸੰਗਤ ਸਿੰਘ ਅਤੇ ਬਾਲ ਗੋਬਿੰਦ ਰਾਏ ਦੀ ਬਾਲ ਅਵਸਥਾ 'ਤੇ ਇੱਕ 'ਸਵੈਯਾ' ਕਾਵਿ ਕਥਾ ਵਿੱਚ ਦਰਜ ਕੀਤਾ ਹੈ। ਕਾਵਿ ਕਥਾ ਸਾਖੀ ਵਿੱਚ ਆਨੰਦਪੁਰ ਸਾਹਿਬ, ਖਿਦਰਾਣੇ ਅਤੇ ਚਮਕੌਰ ਸਾਹਿਬ ਦੀ ਜੰਗ, ਖਾਲਸਾ ਸਾਜਨਾ ਅਤੇ ਗੁਰਸਿੱਖ ਰਹਿਤ ਮਰਿਯਾਦਾ ਸਬੰਧੀ ਅਹਿਮ ਵੇਰਵੇ ਮਿਲਦੇ ਹਨ। ਆਪਣੇ ਆਪ ਨੂੰ ਸਦਾ ਖਾਲਸੇ (ਗੁਰੂ ਗੋਬਿੰਦ ਸਿੰਘ) ਸੰਗ ਰਹਿਣ ਦਾ ਪ੍ਰਮਾਣ ਦਿੰਦਿਆਂ ਦਸਮ ਪਿਤਾ ਨਾਲੋਂ ਪਏ ਵਿਛੋੜੇ ਨੂੰ ਕਵੀ ਵੈਰਾਗਮਈ ਕਾਵਿ ਸਤਰਾਂ ਵਿੱਚ ਆਪਣੇ ਭਾਵਾਂ ਨੂੰ ਵਿਅਕਤ ਕਰਦਾ ਹੈ:

**ਸਵੈਯਾ: ਹਉ ਸਦ ਖਾਲਸੇ ਸੰਗਿ ਰਹਉ ਸਾਹਿਬ ਸਤਿ ਕੀਯੋ ਬਖਯਾਨਾ**
**ਕੰਕਣ ਕਉ ਮਨਿ ਦਰਸਨਿ ਲੋਚਹਿ ਚਰਨ ਕਮਲ ਗੁਰ ਰਹੇ ਧਯਾਨਾ।**
**ਗੁਰ ਤਯਾਗ ਦੀਯੋ ਪੁਰ ਆਨੰਦ ਕੋ।**
**ਜੋ ਗ੍ਰਿਹ ਆਨੰਦ ਕੋ ਮਾਹਿ ਅਤਿ ਭਾਰੀ।**
**ਉਜਰਿ ਗਯੋ ਸਕਲੀ ਸਿਖ ਸੰਗਤਿ।**
**ਜੋ ਥੀ ਸਤਿਗੁਰੂ ਜੀਓ ਕੀ ਬਹੁ ਪਯਾਰੀ।**
**ਗੁਰ ਦਰਬਾਰਿ ਤਯਾਗ ਚਲਯੋ ਹਉ।**
**ਕਵਿ ਕੰਕਣ ਬਨਯੋ ਹਰਿ ਅਬਦੀਨ ਭੇਖਾਰੀ।**
**ਅਵਰ ਛੋਡਿ ਕੈ ਸਗਲੀ ਆਸਾ।**
**ਮੋਹੇ ਗੁਰ ਜਸ ਲਿਖਯੋ ਲਵਪੁਰ ਨਗਰ ਮੁਝਾਰੀ।**

(ਸੰਖੇਪ ਦਸ ਗੁਰੂ ਕਥਾ, ਪੰਨਾ-56, ਸੰਪਾਦਕ ਸੱਯਦਾ ਫ਼ਰਾਹ ਅਦੀਲ ਰਚਨਾ ਕਾਲ-1711)

ਇਹ ਕਾਵਿ ਰਚਨਾ ਪਹਿਲੀ ਵਾਰ 1945 ਵਿੱਚ ਲਾਹੌਰ (ਪੱਛਮੀ ਪੰਜਾਬ) ਤੋਂ ਖਾਲਸਾ ਸਮਾਚਾਰ ਦੇ ਸੰਪਾਦਕ ਗਿਆਨੀ ਮਹਾਂ ਸਿੰਘ ਨੇ ਉਤਾਰਾ ਲਿਆ ਕੇ 'ਖਾਲਸਾ ਸਮਾਚਾਰ' ਵਿੱਚ ਛਾਪੀ। ਪਾਕਿਸਤਾਨ ਦੀ ਪ੍ਰਸਿੱਧ ਪੱਤਰਕਾਰ ਤੇ ਲੇਖਕਾ ਬੀਬੀ ਸੱਯਦਾ ਫ਼ਰਾਹ ਅਦੀਲ ਤੋਂ ਇਲਾਵਾ 1956 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੋਜੀ ਵਿਦਵਾਨ ਡਾ. ਕਿਰਪਾਲ ਸਿੰਘ ਨੇ ਪਾਕਿਸਤਾਨ ਤੋਂ ਇਸ ਰਚਨਾ ਦਾ ਉਤਾਰਾ ਭਾਰਤ ਲਿਆ ਕੇ ਪੰਜਾਬ (ਭਾਰਤ) ਵਿੱਚ ਇਸ ਦਾ ਸੰਪਾਦਨ ਕੀਤਾ। ਫਿਰ ਭਾਸ਼ਾ ਵਿਭਾਗ ਪੰਜਾਬ ਦੇ ਵਿਦਵਾਨ ਡਾ. ਗੁਰਮੁਖ ਸਿੰਘ ਨੇ ਕਵੀ ਕੰਕਣ ਦੀ ਇਸ ਰਚਨਾ ਦਾ ਸੰਪਾਦਨ ਕੀਤਾ। ਤੱਥਾਂ ਨੂੰ ਵਾਚਦਿਆਂ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਕਿਰਤ “ਪੁਰਖ ਭਗਵੰਤ”, ਪਿਆਰਾ ਸਿੰਘ ਪਦਮ ਵੱਲੋਂ ਸੰਪਾਦਤ “ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ” ਅਤੇ ਡਾ.ਸੁਰਿੰਦਰ ਸਿੰਘ ਕੋਹਲੀ ਵੱਲੋਂ ਸੰਪਾਦਤ 'ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਦੂਜਾ' ਸ਼੍ਰੋਮਣੀ ਕਮੇਟੀ ਦੇ ਧਾਰਮਿਕ ਮੈਗਜੀਨ 'ਗੁਰਮਤਿ ਪ੍ਰਕਾਸ਼' ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਦੀਆਂ ਰਚਨਾਵਾਂ ਵਿੱਚ ਕਵੀ ਕੰਕਣ ਦੇ ਹਵਾਲੇ ਤੇ ਵੇਰਵੇ ਦਰਬਾਰੀ ਕਵੀ ਵਜੋਂ ਮਿਲਦੇ ਹਨ।

# ਖਾਲਸਾ ਰਾਜ ਦੀ ਵਿਰਾਸਤ ਜ਼ਮਜ਼ਮਾ ਤੋਪ

**- ਬੂਟਾ ਸਿੰਘ**

ਜ਼ਮਜ਼ਮਾ ਤੋਪ ਵੰਡੇ ਗਏ ਦੋ ਮੁਲਕਾਂ ਭਾਰਤ ਤੇ ਪਾਕਿਸਤਾਨ ਦੀ ਸਾਂਝੀ ਵਿਰਾਸਤ ਹੈ। ਇਸ ਤੋਪ ਨੂੰ ਕਿਮ ਵਾਲੀ ਤੋਪ ਜਾਂ ਭੰਗੀਆਂ ਦੀ ਤੋਪ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਜੋ ਕਿ ਸਿੱਖ ਰਾਜ ਦੇ ਸਮੇਂ ਬਹੁਤ ਮਹੱਤਵ ਰੱਖਦੀ ਸੀ। ਅੱਜ ਕੱਲ ਇਹ ਤੋਪ ਪਾਕਿਸਤਾਨ ਵਿੱਚ ਲਾਹੌਰ ਮਿਊਜ਼ੀਅਮ ਦੇ ਸਾਹਮਣੇ ਖੜੀ ਆਪਣੇ ਜਵਾਨੀ ਦੇ ਦਿਨਾਂ 'ਤੇ ਮਾਣ ਕਰ ਰਹੀ ਪ੍ਰਤੀਤ ਹੁੰਦੀ ਹੈ। ਇਸ ਦੀ ਲੰਬਾਈ 14 ਫੁੱਟ 4.5 ਇੰਚ ਭਾਵ 4.38 ਮੀਟਰ ਅਤੇ ਇਸ ਦੀ ਬੈਰਲ ਦਾ ਬੋਰ ਸਾਢੇ ਨੌਂ ਇੰਚ ਭਾਵ 24.13 ਸੈਂਟੀਮੀਟਰ ਹੈ। ਇਤਿਹਾਸਕ ਮਹੱਤਤਾ ਵਾਲੀ ਇਹ ਤੋਪ ਉਸ ਸਮੇਂ ਦੌਰਾਨ ਬਣਾਈਆਂ ਗਈਆਂ ਤੋਪਾਂ ਵਿੱਚੋਂ ਸਭ ਤੋਂ ਵੱਡੀ ਹੈ। ਅਬਦਾਲੀ ਸਾਮਰਾਜ ਦੇ ਅਹਿਮਦ ਸ਼ਾਹ ਦੁਰਾਨੀ ਦੇ ਪ੍ਰਧਾਨ ਮੰਤਰੀ ਸ਼ਾਹ ਵਲੀ ਖ਼ਾਨ ਦੇ ਨਿਰਦੇਸ਼ਾਂ 'ਤੇ ਇਹ 1757 ਈਸਵੀ ਵਿੱਚ ਨਾਜ਼ਰ ਸ਼ਾਹ ਵੱਲੋਂ ਬਣਵਾਈਆਂ ਗਈਆਂ ਦੋ ਤੋਪਾਂ ਵਿੱਚੋਂ ਇੱਕ ਹੈ। ਇਸ ਦੀ ਸਾਰੀ ਬੈਰਲ ਉਤੇ ਫ਼ੁੱਲ ਬੂਟਿਆਂ ਵਾਲੇ ਡਿਜ਼ਾਈਨ ਵਿੱਚ ਇਸ ਦੀ ਬਣਨ ਤਾਰੀਖ਼,ਰਾਜੇ ਦਾ ਨਾਂ ਅਤੇ ਇਸ ਨੂੰ ਬਣਾਉਣ ਵਾਲੇ ਤਕਨੀਕੀ ਮਾਹਿਰਾਂ ਦਾ ਨਾਂ ਪਰਸ਼ੀਅਨ ਭਾਸ਼ਾ ਵਿੱਚ ਲਿਖਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਜ਼ਮਜ਼ਮਾ ਤੋਪ ਨੂੰ ਤਾਂਬੇ ਅਤੇ ਪਿੱਤਲ ਦੀਆਂ ਧਾਤਾਂ ਪਿਘਲਾ ਕੇ ਬਣਾਇਆ ਗਿਆ ਸੀ। ਇਸ ਦੀ ਬਣਤਰ ਲਈ ਲਾਹੌਰ ਦੇ ਲੋਕਾਂ ਤੋਂ ਉਹਨਾਂ ਦੀਆਂ ਰਸੋਈਆਂ ਦੇ ਕੁੱਝ ਭਾਂਡੇ ਲਏ ਗਏ ਸਨ। ਕੁਝ ਲੇਖਕਾਂ ਮੁਤਾਬਕ ਲਾਹੌਰ ਦੇ ਹਿੰਦੂ ਲੋਕਾਂ ਤੋਂ ਜਜ਼ੀਏ ਦੇ ਰੂਪ ਵਿੱਚ ਵੀ ਕੁਝ ਬਰਤਨ ਇਕੱਠੇ ਕੀਤੇ ਗਏ ਸਨ।

ਇਸ ਤੋਪ ਦੀ ਵਰਤੋਂ ਅਹਿਮਦ ਸ਼ਾਹ ਵੱਲੋਂ 1761 ਈਸਵੀ ਵਿੱਚ ਪਾਣੀਪਤ ਦੀ ਲੜਾਈ ਵਿੱਚ ਕੀਤੀ ਗਈ। ਜੰਗ ਤੋਂ ਬਾਅਦ ਵਾਪਸ ਕਾਬਲ ਨੂੰ ਜਾਣ ਵੇਲੇ ਉਹ ਇਸ ਨੂੰ ਲਾਹੌਰ ਆਪਣੇ ਗਵਰਨਰ ਖ਼ਵਾਜ਼ਾ ਉਬੇਦ ਕੋਲ ਛੱਡ ਗਿਆ ਕਿਉਂਕਿ ਇਸ ਨੂੰ ਕਾਬਲ ਲੈ ਕੇ ਜਾਣ ਲਈ ਢੋਆ-ਢੁਆਈ ਦਾ ਸਾਧਨ ਨਹੀਂ ਸੀ। ਇਸ ਦੇ ਨਾਲ ਬਣਾਈ ਗਈ ਦੂਜੀ ਤੋਪ ਨੂੰ ਉਹ ਆਪਣੇ ਨਾਲ ਲੈ ਗਿਆ ਪਰ ਉਸ ਦੀ ਬਦਕਿਸਮਤੀ ਕਿ ਇਹ ਰਸਤੇ ਵਿੱਚ ਚਨਾਬ ਦਰਿਆ ਦੇ ਪਾਣੀ ਵਿੱਚ ਗੁੰਮ ਹੋ ਗਈ ਅਤੇ ਕਾਬਲ ਨਾ ਪੁੱਜ ਸਕੀ। 1762 ਈਸਵੀ ਵਿੱਚ ਹਰੀ ਸਿੰਘ ਭੰਗੀ ਨੇ ਖ਼ਵਾਜ਼ਾ ਉਬੇਦ ਨਾਲ ਜੰਗ ਲੜੀ। ਉਸ ਨੇ ਖ਼ਵਾਜ਼ਾ ਉਬੇਦ ਦੇ ਪਿੰਡ ਜੋ ਕਿ ਲਾਹੌਰ ਤੋਂ ਦੋ ਕਿਲੋਮੀਟਰ ਦੂਰ ਸੀ (ਅੱਜ ਕੱਲ ਲਾਹੌਰ ਦਾ ਹੀ ਹਿੱਸਾ ਹੈ) ਉੱਤੇ ਹਮਲਾ ਕਰ ਦਿੱਤਾ ਜਿੱਥੇ ਕਿ ਮੁਗਲ ਗਵਰਨਰ ਨੇ ਹਥਿਆਰ,ਫ਼ੌਜ ਅਤੇ ਗੋਲੀ ਸਿੱਕਾ ਜਮਾਂ ਕੀਤਾ ਹੋਇਆ ਸੀ। ਉਸ ਨੇ ਜ਼ਮਜ਼ਮਾ ਤੋਪ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਇਸ ਦਾ ਨਾਂ ਬਦਲ ਕੇ ਭੰਗੀ ਤੋਪ ਰੱਖ ਦਿੱਤਾ। ਅਗਲੇ ਦੋ ਸਾਲ ਇਹ ਲਾਹੌਰ ਕਿਲੇ ਦੇ ਸ਼ਾਹ ਬੁਰਜ ਵਿੱਚ ਖੜੀ ਰਹੀ। ਉਸ ਤੋਂ ਬਾਅਦ ਇਹ ਲਹਿਣਾ ਸਿੰਘ ਅਤੇ ਗੁੱਜਰ ਸਿੰਘ ਭੰਗੀ ਦੇ ਕਬਜ਼ੇ ਵਿੱਚ ਆ ਗਈ। ਉਹਨਾਂ ਨੇ ਲੁੱਟੇ ਮਾਲ ਦੇ ਹਿੱਸੇ ਵਜੋਂ ਇਹ ਤੋਪ ਚੜਤ ਸਿੰਘ ਸ਼ੁਕਰਚਕੀਆ ਨੂੰ ਦੇ ਦਿੱਤੀ। ਭੰਗੀ ਸਰਦਾਰਾਂ ਦਾ ਖ਼ਿਆਲ ਸੀ ਕਿ ਚੜਤ ਸਿੰਘ ਇਸ ਤੋਪ ਨੂੰ ਆਪਣੇ ਨਾਲ ਨਹੀਂ ਲਿਜਾ ਸਕੇਗਾ। ਉਹਨਾਂ ਦੀਆਂ ਕਿਆਸ ਅਰਾਈਆਂ ਦੇ ਉਲਟ ਚੜਤ ਸਿੰਘ ਇਸ ਨੂੰ ਆਪਣੇ ਕਿਲੇ ਗੁੱਜਰਾਂਵਾਲਾ ਲੈ ਕੇ ਜਾਣ ਵਿੱਚ ਸਫ਼ਲ ਹੋ ਗਿਆ।



ਚੱਠਿਆਂ ਦੇ ਪਖ਼ਤੂਨਾਂ ਨੇ ਚੜਤ ਸਿੰਘ ਤੋਂ ਇਸ ਤੋਪ ਨੂੰ ਖੋਹ ਲਿਆ ਅਤੇ ਉਥੇ ਇਹ ਦੋ ਪਠਾਣ ਭਰਾਵਾਂ ਅਹਿਮਦ ਖ਼ਾਨ ਅਤੇ ਪੀਰ ਮੁਹੰਮਦ ਵਿਚਕਾਰ ਝਗੜੇ ਦਾ ਕਾਰਨ ਬਣੀ। ਫ਼ਲਸਰੂਪ ਦੋਵਾਂ ਵਿੱਚ ਲੜਾਈ ਹੋਈ ਜਿਸ ਵਿੱਚ ਅਹਿਮਦ ਖ਼ਾਨ ਦੇ ਦੋ ਪੁੱਤਰ ਅਤੇ ਪੀਰ ਮੁਹੰਮਦ ਦਾ ਇੱਕ ਪੁੱਤਰ ਮਾਰਿਆ ਗਿਆ। ਲੜਾਈ ਵਿੱਚ ਗੁੱਜਰ ਸਿੰਘ ਭੰਗੀ ਨੇ ਪੀਰ ਮੁਹੰਮਦ ਦਾ ਸਾਥ ਦਿੱਤਾ। ਜਿੱਤ ਤੋਂ ਬਾਅਦ ਜ਼ਮਜ਼ਮਾ ਤੋਪ ਗੁੱਜਰ ਸਿੰਘ ਭੰਗੀ ਨੂੰ ਵਾਪਸ ਦੇ ਦਿੱਤੀ ਗਈ। ਦੋ ਸਾਲ ਬਾਅਦ ਚੜਤ ਸਿੰਘ ਸ਼ੁਕਰਚਕੀਆ ਨੇ ਇਸ ਨੂੰ ਖੋਹ ਲਿਆ। ਬਦਕਿਸਮਤੀ ਕਿ ਉਸ ਕੋਲੋਂ ਇਸ ਨੂੰ ਮੁੜ ਪਖ਼ਤੂਨਾਂ ਨੇ ਖੋਹ ਲਿਆ।

ਅਗਲੇ ਸਾਲ ਸਰਦਾਰ ਝੰਡਾ ਸਿੰਘ ਭੰਗੀ ਨੇ ਚੱਠਿਆਂ ਦੇ ਪਖ਼ਤੂਨਾਂ ਨੂੰ ਹਰਾ ਦਿੱਤਾ ਅਤੇ ਤੋਪ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਸੰਨ1802 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਨੂੰ ਹਰਾ ਕੇ ਤੋਪ ਆਪਣੇ ਕਬਜ਼ੇ ਵਿੱਚ ਲੈ ਲਈ। ਉਸ ਨੇ ਇਸ ਦੀ ਵਰਤੋਂ ਡਸਕਾ,ਕਸੂਰ,ਸੁਜ਼ਾਨਪੁਰ,ਵਜ਼ੀਰਾਬਾਦ ਅਤੇ ਮੁਲਤਾਨ ਦੀਆਂ ਲੜਾਈਆਂ ਵਿੱਚ ਕੀਤੀ। ਮੁਲਤਾਨ ਦੇ ਘੇਰੇ ਦੌਰਾਨ ਜ਼ਮਜ਼ਮਾ ਤੋਪ ਬੁਰੀ ਤਰਾਂ ਤਬਾਹ ਹੋ ਗਈ।

ਉਪਰੋਕਤ ਜੰਗਾਂ ਵਿੱਚ ਵਰਤੋਂ ਕਾਰਨ ਜ਼ਮਜ਼ਮਾ ਤੋਪ ਬੁਰੀ ਤਰਾਂ ਖ਼ਰਾਬ ਹੋ ਗਈ ਅਤੇ ਇਸ ਨੂੰ ਵਾਪਸ ਲਾਹੌਰ ਲਿਆਂਦਾ ਗਿਆ ਅਤੇ ਭਵਿੱਖ ਵਿੱਚ ਵਰਤੋਂ ਦੇ ਅਯੋਗ ਕਰਾਰ ਦੇ ਦਿੱਤਾ ਗਿਆ। ਇਸ ਨੂੰ ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਰੱਖ ਦਿੱਤਾ ਗਿਆ ਜਿੱਥੇ ਕਿ ਇਹ 1860 ਈਸਵੀ ਤੱਕ ਪਈ ਰਹੀ। ਸੰਨ1864 ਵਿੱਚ ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਜ਼ਮਜ਼ਮਾ ਤੋਪ ਨੂੰ ਵਜ਼ੀਰ ਖ਼ਾਨ ਦੇ ਬਾਗ ਦੀ ਬਾਰਾਂਦਰੀ ਜੋ ਕਿ ਲਾਹੌਰ ਮਿਊਜ਼ੀਅਮ ਦੇ ਪਿੱਛੇ ਸੀ ਵਿੱਚ ਸਥਾਪਤ ਕਰ ਦਿੱਤਾ। ਸੰਨ1870 ਵਿੱਚ ਡਿਊਕ ਏਡਨਬਰਗ ਦੀ ਆਮਦ ਵੇਲੇ ਇਸ ਨੂੰ ਲਾਹੌਰ ਮਿਊਜ਼ੀਅਮ ਦੇ ਗੇਟ ਕੋਲ ਟੋਲਿੰਟਨ ਮਾਰਕੀਟ ਵਿਖੇ ਸਥਾਪਤ ਕਰ ਦਿੱਤਾ ਗਿਆ। ਜਦੋਂ ਲਾਹੌਰ ਮਿਊਜ਼ੀਅਮ ਦੀ ਮੌਜੂਦਾ ਇਮਾਰਤ ਤਿਆਰ ਹੋਈ ਤਾਂ ਇਸ ਨੂੰ 1977 ਈਸਵੀ ਵਿੱਚ ਮਿਊਜ਼ੀਅਮ ਦੇ ਪੱਛਮ ਵਾਲੇ ਪਾਸੇ ਲਿਆਂਦਾ ਗਿਆ ਅਤੇ ਅੱਜ-ਕੱਲ ਇਹ ਲਾਹੌਰ ਦੇ ਮਾਲ ਰੋਡ ਜਿਸ ਨੂੰ ਕਿ ਸ਼ਾਹਰਾਹ-ਏ-ਕਾਇਦ-ਏ-ਆਜ਼ਮ ਵੀ ਕਿਹਾ ਜਾਂਦਾ ਹੈ ਵਿਖੇ ਸੁਸ਼ੋਭਿਤ ਹੈ। ਇਸ ਦੇ ਇੱਕ ਪਾਸੇ ਪੰਜਾਬ ਯੂਨੀਵਰਸਿਟੀ ਦਾ ਫ਼ਾਈਨ ਆਰਟਸ ਵਿਭਾਗ ਅਤੇ ਨੈਸ਼ਨਲ ਆਰਟ ਕਾਲਜ ਹਨ ਅਤੇ ਦੂਜੇ ਪਾਸੇ ਲਾਹੌਰ ਮਿਊਜ਼ੀਅਮ ਹੈ।

ਮੈਨੂੰ 15 ਅਪ੍ਰੈਲ 2008 ਨੂੰ ਸਾਡੇ ਅਦੁੱਤੀ ਸੱਭਿਆਚਾਰ ਦੀ ਇਸ ਲ-ਮਿਸਾਲ ਨਿਸ਼ਾਨੀ ਨੂੰ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਜਦੋਂ ਮੈਂ ਸਾਈਂ ਮੀਆਂ ਮੀਰ ਕੌਮਾਂਤਰੀ ਫਾਊਂਡੇਸ਼ਨ ਦੇ ਮੈਂਬਰਾਂ ਨਾਲ ਆਪਣੀ ਪਾਕਿਸਤਾਨ ਫੇਰੀ ਤੇ ਗਿਆ ਸੀ।

# NJ Truck Lines



# WANTED

## OWNER OPERATORS and DRIVERS

- Dry vans only
- Grater Midwest area/East /Tx
- Phoenix/Portland
- Competitive Rates
- Next Day Pay
- Fuel card/Fuel Discounts
- Dispatch With Rate Confirmation copy
- No Forced Dispatch

## APPLY TODAY

CALL: 209 341 9196
dispatch@njtruckline.com

Affordable and Reliable

# Legal Document Preparation



| | |
|---|---|
| Wills & Trusts | ਵਸੀਅਤਾਂ |
| Immigration | ਇਮੀਗਰੇਸ਼ਨ |
| Power of Attorney | ਮੁਖਤਿਆਰਨਾਮਾ |
| Affidavits | ਐਫੀਡੇਵਿਟ |
| Grant Deeds | ਗਰਾਂਟ ਡੀਡਜ਼ |

**510-648-5554**

dolly@worryfreelegaldocs.com
www.worryfreelegaldocs.com
Not an Attorney

Dolly (Sarvinder Kaur)

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

# Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538
www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA** (367-7252)
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਸਿਆਸਤ ਦਾ ਅਪਰਾਧੀਕਰਨ ਤੇ ਭਾਰਤੀ ਸੁਪਰੀਮ ਕੋਰਟ

**- ਸੁਰੇਂਦਰ ਕਿਸ਼ੋਰ**

ਸੁਪਰੀਮ ਕੋਰਟ ਨੇ ਸਿਆਸਤ ਦਾ ਅਪਰਾਧੀਕਰਨ ਰੋਕਣ ਲਈ ਇਕ ਮਹੱਤਵਪੂਰਨ ਫ਼ੈਸਲਾ ਸੁਣਾਇਆ ਹੈ। ਉਸ ਨੇ ਹੁਕਮ ਦਿੱਤਾ ਹੈ ਕਿ ਸਿਆਸੀ ਪਾਰਟੀਆਂ ਜਿਸ ਉਮੀਦਵਾਰ ਨੂੰ ਟਿਕਟ ਦੇਣਗੀਆਂ, ਉਸ ਦੇ ਅਪਰਾਧਕ ਰਿਕਾਰਡ ਸਮੇਤ ਸਾਰਾ ਵੇਰਵਾ ਪਾਰਟੀ ਦੀ ਵੈੱਬਸਾਈਟ, ਫੇਸਬੁੱਕ ਅਤੇ ਟਵਿੱਟਰ ‘ਤੇ ਪਾਉਣਗੀਆਂ। ਰਾਜਨੀਤਕ ਪਾਰਟੀਆਂ ਇਹ ਵੀ ਦੱਸਣਗੀਆਂ ਕਿ ਉਨਾਂ ਨੇ ਅਪਰਾਧਕ ਪਿਛੋਕੜ ਵਾਲੇ ਵਿਅਕਤੀ ਨੂੰ ਉਮੀਦਵਾਰ ਕਿਉਂ ਚੁਣਿਆ? ਅਜਿਹੇ ਉਮੀਦਵਾਰਾਂ ਨੂੰ ਟਿਕਟ ਲਈ ਚੁਣਨ ਦੇ 72 ਘੰਟਿਆਂ ਦੇ ਅੰਦਰ ਚੋਣ ਕਮਿਸ਼ਨ ਨੂੰ ਰਿਪੋਰਟ ਵੀ ਦੇਣੀ ਪਵੇਗੀ। ਦੇਸ਼ ਦੀ ਸਿਆਸਤ ‘ਚ ਅਜਿਹੇ ਦਾਗ਼ੀ ਉਮੀਵਦਾਰਾਂ ਦੀ ਵੱਧ ਰਹੀ ਗਿਣਤੀ ਚਿੰਤਾ ਵਾਲੀ ਗੱਲ ਹੈ। ਸਭ ਸਿਆਸੀ ਪਾਰਟੀਆਂ ਇਸ ਮੰਦਭਾਗੇ ਰੁਝਾਨ ਦਾ ਸ਼ਿਕਾਰ ਹਨ। ਸੰਨ 2019 ‘ਚ ਚੁਣ ਕੇ ਆਏ ਸੰਸਦ ਮੈਂਬਰਾਂ ਦੇ ਅੰਕੜੇ ਹੈਰਾਨ ਕਰਨ ਵਾਲੇ ਸਨ। ਚੋਣ ਪ੍ਰਕਿਰਿਆ ਨਾਲ ਜੁੜੀ ਖੋਜ ਸੰਸਥਾ ‘ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਅਲਾਇੰਸ’ ਮੁਤਾਬਕ ਪਿਛਲੇ 10 ਸਾਲਾਂ ‘ਚ ਅਪਰਾਧਕ ਮਾਮਲਿਆਂ ‘ਚ ਸ਼ਾਮਲ ਸੰਸਦ ਮੈਂਬਰਾਂ ਦੀ ਗਿਣਤੀ 44 ਫ਼ੀਸਦ ਵਧੀ ਹੈ। ਸਤਾਰਵੀਂ ਲੋਕ ਸਭਾ ਲਈ ਚੁਣੇ 542 ਸੰਸਦ ਮੈਂਬਰਾਂ ‘ਚੋਂ 233 (43%) ਅਪਰਾਧਕ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਭਾਜਪਾ ਦੇ 303 ਮੈਂਬਰਾਂ ‘ਚੋਂ 116 (39 ਪ੍ਰਤੀਸ਼ਤ) ਅਤੇ ਕਾਂਗਰਸ ਦੇ 52 ‘ਚੋਂ 29 ਸੰਸਦ ਮੈਂਬਰਾਂ (57 ਪ੍ਰਤੀਸ਼ਤ) ਖ਼ਿਲਾਫ਼ ਅਪਰਾਧਕ ਮਾਮਲੇ ਦਰਜ ਹਨ। ਹੋਰ ਹੈਰਾਨਕੁੰਨ ਗੱਲ ਇਹ ਹੈ ਕਿ ਇਸ ਸਮੇਂ ਸੰਸਦ ‘ਚ ਬੈਠੇ 542 ਸੰਸਦ ਮੈਂਬਰਾਂ ‘ਚੋਂ 159 (29 ਪ੍ਰਤੀਸ਼ਤ) ਖ਼ਿਲਾਫ਼ ਕਤਲ, ਕਤਲ ਦੀ ਕੋਸ਼ਿਸ਼, ਜਬਰ-ਜਨਾਹ ਤੇ ਅਗਵਾ ਵਰਗੇ ਗੰਭੀਰ ਅਪਰਾਧਕ ਕੇਸ ਬਕਾਇਆ ਪਏ ਹਨ। ਦਰਅਸਲ, ਸਿਆਸਤ ‘ਚ ਵੱਧਦੇ ਅਪਰਾਧੀਕਰਨ ਦੀ ਸਭ ਤੋਂ ਵੱਡੀ ਵਜਾ ਇਸ ‘ਚ ਵੱਧ ਰਿਹਾ ਪੈਸੇ ਦਾ ਇਸਤੇਮਾਲ ਹੈ। ਚੋਣ ਕਮਿਸ਼ਨ ਦੀ ਸਖ਼ਤੀ ਦੇ ਬਾਵਜੂਦ ਉਮੀਦਵਾਰ ਖੁੱਲਾ ਖ਼ਰਚਾ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿਆਸਤ ਹੁਣ ਕਾਰੋਬਾਰ ਬਣ ਚੁੱਕੀ ਹੈ। ਆਮ ਆਦਮੀ ਤਾਂ ਚੋਣ ਲੜਨ ਬਾਰੇ ਸੋਚ ਵੀ ਨਹੀਂ ਸਕਦਾ। ਕੌਂਸਲਰ ਤੋਂ ਲੈ ਕੇ ਸੰਸਦ ਮੈਂਬਰ ਦੀ ਚੋਣ ਤਕ ਕਰੋੜਾਂ ਰੁਪਏ ਖ਼ਰਚੇ ਜਾਂਦੇ ਹਨ। ਇਸੇ ਲਈ ਸਿਆਸੀ ਪਾਰਟੀਆਂ ਹੁਣ ਜਿੱਤ ਲਈ ਕਰੋੜਪਤੀ ਉਮੀਦਵਾਰਾਂ ਨੂੰ ਟਿਕਟ ਦਿੰਦੀਆਂ ਹਨ ਅਤੇ ਉਨਾਂ ਦੇ ਪਿਛੋਕੜ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਪਿਛਲੇ ਸਾਲ ਹੋਈਆਂ ਚੋਣਾਂ ‘ਚ ਕਰੋੜਪਤੀ ਸੰਸਦ ਮੈਂਬਰਾਂ ਦੀ ਗਿਣਤੀ 2009 ਦੇ ਮੁਕਾਬਲੇ 31 ਫ਼ੀਸਦੀ ਵੱਧ ਕੇ 88 ਫ਼ੀਸਦੀ ਹੋ ਗਈ ਹੈ। ਵੱਖ-ਵੱਖ ਸੂਬਿਆਂ ‘ਚ ਸਭ ਤੋਂ ਵੱਧ ਕੇਰਲਾ ਦੇ 90 ਫ਼ੀਸਦੀ ਤੇ ਬਿਹਾਰ ਦੇ 82 ਫ਼ੀਸਦੀ ਮੈਂਬਰਾਂ ‘ਤੇ ਅਪਰਾਧਕ ਕੇਸ ਚੱਲ ਰਹੇ ਹਨ। ਇੱਥੋਂ ਤਕ ਕਿ ਆਈਯੂਡੀਐੱਫ, ਏਆਈਐੱਸਯੂਪੀ, ਆਰਐੱਸਪੀ ਤੇ ਵੀਸੀਆਰ ਵਰਗੀਆਂ ਸਿਆਸੀ ਪਾਰਟੀਆਂ ਜਿਨਾਂ ਦੇ ਇਕ-ਇਕ ਮੈਂਬਰ ਚੁਣ ਕੇ ਆਏ ਹਨ, ਉਹ ਵੀ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਸਿਆਸੀ ਪਾਰਟੀਆਂ ਨੂੰ ਉਮੀਦਵਾਰਾਂ ਦੀ ਚੋਣ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਜੇ ਉਹ ਕਿਸੇ ਅਪਰਾਧਕ ਪਿਛੋਕੜ ਵਾਲੇ ਨੂੰ ਉਮੀਦਵਾਰ ਬਣਾਉਂਦੀਆਂ ਹਨ ਤਾਂ ਉਹ ਸਮਾਜ ਦਾ ਨੁਕਸਾਨ ਹੀ ਕਰੇਗਾ। ਇਸ ਦਾ ਨਮੂਨਾ ਅਸੀਂ ਉੱਤਰ ਪ੍ਰਦੇਸ਼ ਦੇ ਉਨਾਵ ਸਮੂਹਕ ਜਬਰ-ਜਨਾਹ ਮਾਮਲੇ ‘ਚ ਦੇਖ ਚੁੱਕੇ ਹਾਂ ਕਿ ਕਿਸ ਤਰਾਂ ਉੱਥੋਂ ਦੇ ਵਿਧਾਇਕ ਨੇ ਆਪਣੀ ਤਾਕਤ ਦਾ ਗ਼ਲਤ ਇਸਤੇਮਾਲ ਕੀਤਾ। ਚਾਹੇ ਉਸ ਨੂੰ ਸਜ਼ਾ ਮਿਲ ਗਈ ਪਰ ਉਸ ਕਾਰਨ ਪੀੜਤ ਲੜਕੀ ਦਾ ਪਰਿਵਾਰ ਬਰਬਾਦ ਹੋ ਗਿਆ। ਦੇਸ਼ ਵਿਚ ਰਾਜਨੀਤੀ ਦੇ ਅਪਰਾਧੀਕਰਨ ਅਤੇ ਅਪਰਾਧ ਦੇ ਰਾਜਨੀਤੀਕਰਨ ਦੀ ਸਮੱਸਿਆ ਨੂੰ ਸਮਝਾਉਣ ਲਈ ਮੈਂ ਇਕ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ। ਲਗਪਗ ਦੋ ਦਹਾਕੇ ਪਹਿਲਾਂ ਮੈਂ ਬਿਹਾਰ ਦੇ ਇਕ ਬਾਹੂਬਲੀ ਸੰਸਦ ਮੈਂਬਰ ਬਾਰੇ ਲਿਖਿਆ ਸੀ ਕਿ ਮੌਜੂਦਾ ਲੋਕਤੰਤਰ ਦਾ ਇਹ ਸ਼ਰਮਨਾਕ ਪਹਿਲੂ ਹੈ ਕਿ 33 ਸੰਗੀਨ ਮੁਕੱਦਮਿਆਂ ਦਾ ਮੁਲਜ਼ਮ ਸੰਸਦ ਵਿਚ ਹੈ ਅਤੇ ਇਕ ਸ਼ਾਲੀਨ, ਮਿਹਨਤੀ ਅਤੇ ਇਮਾਨਦਾਰ ਨੇਤਾ ਸੜਕਾਂ ‘ਤੇ ਘੱਟਾ ਫੱਕ ਰਿਹਾ ਹੈ। ਇਸ ‘ਤੇ ਉਸ ਬਾਹੂਬਲੀ ਦੀ ਅਜੀਬੋ-ਗ਼ਰੀਬ ਸ਼ਿਕਾਇਤ ਆਈ ਸੀ। ਉਸ ਨੇ ਕਿਹਾ ਸੀ ਕਿ ਤੁਸੀਂ ਮੇਰੇ ਵਿਰੁੱਧ 33 ਮੁਕੱਦਮਿਆਂ ਦੀ ਚਰਚਾ ਕੀਤੀ ਹੈ। ਇਸ ‘ਤੇ ਨਾ ਤਾਂ ਮੈਨੂੰ ਕੋਈ ਗ਼ਮ ਹੈ, ਨਾ ਗੁੱਸਾ। ਤੁਸੀਂ 33 ਦੀ ਥਾਂ 133 ਕੇਸ ਲਿਖ ਦਿੰਦੇ, ਮੈਨੂੰ ਕੋਈ ਫ਼ਰਕ ਨਾ ਪੈਂਦਾ ਪਰ ਮੈਨੂੰ ਬੁਰਾ ਇਸ ਗੱਲ ਦਾ ਲੱਗਿਆ ਕਿ ਤੁਸੀਂ ਮੇਰੀ ਤੁਲਨਾ ਇਕ ਅਪਾਹਜ ਨੇਤਾ ਨਾਲ ਕਿਉਂ ਕਰ ਦਿੱਤੀ? ਉਹ ਮੇਰੇ ਸਾਹਮਣੇ ਕੀ ਹੈ? ਬਾਹੂਬਲੀ ਦੀ ਉਸ ਟਿੱਪਣੀ ਵਿਚ ਦੋ ਗੱਲਾਂ ਸ਼ਾਮਲ ਸਨ। ਇਕ ਤਾਂ ਇਹ ਕਿ ਬਾਹੂਬਲੀਆਂ ਦੀ ਆਪਣੇ ਵੋਟਰਾਂ ਵਿਚ ਲੋਕਪ੍ਰਿਅਤਾ ਨਾਲ ਉਨਾਂ ਮੁਕੱਦਮਿਆਂ ਦਾ ਸਿੱਧਾ ਸਬੰਧ ਹੁੰਦਾ ਹੈ। ਇਸ ਸਦਕਾ ਉਨਾਂ ਨੂੰ ਤਾਕਤ ਮਿਲਦੀ ਹੈ। ਦੂਜੀ ਗੱਲ ਇਹ ਕਿ ਜਿਸ ਕਥਿਤ ਅਪਾਹਜ ਸੰਸਦ ਮੈਂਬਰ ਨੂੰ ਉਸ ਨੇ ਹਰਾਇਆ ਸੀ, ਉਹ ਸਾਫ਼-ਸੁਥਰੀ ਸਿਆਸਤ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਉਸੇ ਤਰਾਂ ਦੀ ਰਾਜਨੀਤੀ ਨੂੰ ਹਰਾ ਕੇ ਹੀ ਤਾਂ ਉਹ ਬਾਹੂਬਲੀ ਸੰਸਦ ਮੈਂਬਰ ਬਣਿਆ ਸੀ। ਅਜਿਹੇ ਵਿਚ ਉਹ ਨਹੀਂ ਚਾਹੁੰਦਾ ਕਿ ਸਾਫ਼-ਸੁਥਰੀ ਸਿਆਸਤ ਨੂੰ ਜਨਤਾ ਫਿਰ ਤੋਂ ਪਸੰਦ ਕਰਨ ਲੱਗੇ। ਦੇਖਿਆ ਜਾਵੇ ਤਾਂ ਉਹ ਬਾਹੂਬਲੀ ਦੇਸ਼ ਦੀ ਅਪਰਾਧਕ ਨਿਆਂ ਵਿਵਸਥਾ ਦੀ ਅਸਫਲਤਾ ਦੀ ਉਪਜ ਸੀ। ਦੇਸ਼ ਵਿਚ ਅਜਿਹੀਆਂ ਅਨੇਕ ‘ਉਪਜਾਂ’ ਹਨ। ਉਹ ਹੁਣ ਜੇਲ ਵਿਚ ਹੈ ਪਰ ਅਜਿਹੇ ਹਰ ਬਾਹੂਬਲੀ ਦੇ ਮਾਮਲੇ ਸਭ ਤੋਂ ਵੱਡੀ ਅਦਾਲਤ ਤਕ ਪੁੱਜਦੇ ਨਹੀਂ। ਇਸ ਲਈ ਉਨਾਂ ਨੂੰ ਨੱਥ ਪਾਉਣ ਲਈ ਸੰਸਥਾਗਤ ਵਿਵਸਥਾ ਕਰਨੀ ਪਵੇਗੀ। ਤਜਰਬੇ ਦੱਸਦੇ ਹਨ ਕਿ ਅਪਰਾਧਕ ਨਿਆਂ ਵਿਵਸਥਾ ਨੂੰ ਮਜ਼ਬੂਤ ਬਣਾਉਣ ਦਾ ਕੰਮ ਵੀ ਸੁਪਰੀਮ ਕੋਰਟ ਹੀ ਕਰ ਸਕਦੀ ਹੈ। ਅੱਜ ਉਮੀਦਵਾਰਾਂ ਦੀ ਸੰਪਤੀ, ਵਿੱਦਿਅਕ ਯੋਗਤਾ ਅਤੇ ਅਪਰਾਧਕ ਰਿਕਾਰਡ ਬਾਰੇ ਜੋ ਸੂਚਨਾਵਾਂ ਜਨਤਾ ਨੂੰ ਮਿਲ ਰਹੀਆਂ ਹਨ, ਉਹ ਵੀ ਸੁਪਰੀਮ ਕੋਰਟ ਦੇ ਹੁਕਮ ਕਾਰਨ ਸੰਭਵ ਹੋ ਸਕੀਆਂ ਹਨ। ਸਿਆਸੀ ਪਾਰਟੀਆਂ ਤਾਂ ਪਹਿਲਾਂ ਅਜਿਹੀਆਂ ਜਾਣਕਾਰੀਆਂ ਸਾਂਝੀਆਂ ਕਰਨ ਨੂੰ ਹੀ ਤਿਆਰ ਨਹੀਂ ਸਨ। ਬਿਹਤਰ ਇਹ ਹੁੰਦਾ ਕਿ ਸੁਪਰੀਮ ਕੋਰਟ ਸਿਆਸੀ ਪਾਰਟੀਆਂ ‘ਤੇ ਭਰੋਸਾ ਕਰਨ ਦੇ ਬਦਲੇ ਚੋਣ ਕਮਿਸ਼ਨ ਨੂੰ ਇਹ ਆਦੇਸ਼ ਦਿੰਦੀ ਕਿ ਉਹ ਉਨਾਂ ਉਮੀਦਵਾਰਾਂ ਦੀਆਂ ਅਰਜ਼ੀਆਂ ਸਵੀਕਾਰ ਹੀ ਨਾ ਕਰਨ ਜਿਨਾਂ ਵਿਰੁੱਧ ਕੁਝ ਸੰਗੀਨ ਧਾਰਾਵਾਂ ਤਹਿਤ ਮੁਕੱਦਮੇ ਦਰਜ ਹੋਣ।

ਦਰਅਸਲ, ਦੇਸ਼ ਵਿਚ ਸੰਵਿਧਾਨ ਲਾਗੂ ਹੋ ਰਿਹਾ ਹੈ ਜਾਂ ਨਹੀਂ, ਇਹ ਦੇਖਣਾ ਸੁਪਰੀਮ ਕੋਰਟ ਦੀ ਜ਼ਿੰਮੇਵਾਰੀ ਹੈ। ਕਾਨੂੰਨ ਦਾ ਸ਼ਾਸਨ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਮੁੱਖ ਅੰਗ ਹੈ। ਸਵਾਲ ਹੈ ਕਿ ਇਕ ਦਿਨ ਜਦ ਦਾਗ਼ੀਆਂ ਨਾਲ ਸੰਸਦ ਭਰ ਜਾਵੇਗੀ ਤਾਂ ਫਿਰ ਕਾਨੂੰਨ ਦਾ ਸ਼ਾਸਨ ਕਿੱਦਾਂ ਰਹੇਗਾ? ਜੇ ਰਾਜਨੀਤੀ ‘ਚੋਂ ਅਪਰਾਧੀਆਂ ਨੂੰ ਬੇਦਖ਼ਲ ਕਰਨਾ ਹੈ ਤਾਂ ਸਮਾਜ ਵਿਚ ਉਨਾਂ ਦੀ ਮਕਬੂਲੀਅਤ ਵਧਣ ਦੇ ਕਾਰਨ ਲੱਭਣੇ ਪੈਣਗੇ। ਜਿਸ 33 ਮੁਕੱਦਮਿਆਂ ਵਾਲੇ ਬਾਹੂਬਲੀ ਦੀ ਚਰਚਾ ਮੈਂ ਕੀਤੀ ਹੈ, ਉਹ ਇਕ ਖ਼ਾਸ ਭਾਈਚਾਰੇ ਦੇ ਉੱਚ ਸ਼ਹਿ ਪ੍ਰਾਪਤ ਅਪਰਾਧੀਆਂ ਨਾਲ ਲੜਦੇ ਹੋਏ ਆਪਣੇ ਭਾਈਚਾਰੇ ਦੇ ਵੋਟਰਾਂ ਵਿਚ ਮਸ਼ਹੂਰ ਹੋਇਆ ਸੀ।

ਬਾਕੀ ਸਫ਼ਾ 31 ’ਤੇ

# ਹਿੰਦੂ ਰਾਸ਼ਟਰਵਾਦ ਤੇ ਨਜ਼ਰਬੰਦੀ ਕੈਂਪ

**- ਗੁਰਪ੍ਰੀਤ**

ਜਦ ਹਿਟਲਰ ਨੇ ਨਸਲੀ ਸ਼ੁੱਧਤਾ ਦੇ ਨਾਮ ’ਤੇ ਜਨੂੰਨੀ ਕਹਿਰ ਵਰਾਇਆ ਤਾਂ ਯਹੂਦੀਆਂ, ਪੋਲਿਸ਼ਾਂ ਨੂੰ ਬਰਾਬਰ ਦੇ ਨਾਗਰਿਕ ਮੰਨਣ ਤੋਂ ਇਨਕਾਰ ਦਿੱਤਾ ਗਿਆ। ਉਹਨਾਂ ਲਈ ਨਜ਼ਰਬੰਦ ਬਣਾਏ ਗਏ ਜਿਹਨਾਂ ਨੂੰ ਆਸ਼ਵਿਜ ਦਾ ਨਾਮ ਦਿੱਤਾ ਗਿਆ। ਇਹਨਾਂ ਕੇਂਦਰਾਂ ਵਿੱਚ ਯਹੂਦੀਆਂ, ਪੋਲਿਸ਼ਾਂ ਤੋਂ ਇਲਾਵਾ ਸਿਆਸੀ ਕਾਰਕੁੰਨਾਂ ਤੇ ਸੋਵੀਅਤ ਜੰਗ ਦੇ ਕੈਦੀਆਂ ਨੂੰ ਰੱਖਿਆ ਗਿਆ। ਇਹਨਾਂ ਨਿਗਰਾਨੀ ਕੇਂਦਰਾਂ ਵਿੱਚ ਜੋ ਵਾਪਰਦਾ ਰਿਹਾ ਹੈ ਉਸਨੂੰ ਸੁਣਕੇ ਅੱਜ ਵੀ ਲੂ ਕੰਡੇ ਖੜੇ ਹੋ ਜਾਂਦੇ ਹਨ। ਇਹਨਾਂ ਕੈਂਪਾਂ ਅੰਦਰ ਕੈਦੀਆਂ ਨੂੰ ਮੁਰਗਿਆਂ ਦੇ ਖੁੱਡਿਆਂ ਵਾਂਗ ਤੂੜ ਕੇ ਰੱਖਿਆ ਗਿਆ। ਉਹਨਾਂ ਤੋਂ ਜਬਰੀ ਵਗਾਰ ਕਰਾਈ ਗਈ, ਲਗਭਗ ਭੁੱਖੇ ਰੱਖਿਆ ਗਿਆ ਤੇ ਲੱਖਾਂ ਹੀ ਲੋਕ ਹੱਡੀਆਂ ਦੀ ਮੁੱਠ ਬਣਕੇ ਰਹਿ ਗਏ। ਬਿਮਾਰਾਂ ਨੂੰ ਸਾਂਭਣ ਦੀ ਥਾਂ ਮਾਰ ਦੇਣਾ ਬਿਹਤਰ ਸਮਝਿਆ ਜਾਂਦਾ ਸੀ। ਇਹਨਾਂ ਕੈਂਪਾਂ ਅੰਦਰ ਕਰੀਬ 40 ਲੱਖ ਲੋਕਾਂ ਨੂੰ ਕਤਲ ਕੀਤਾ ਗਿਆ। ਸਿਰਫ ਕਤਲ ਹੀ ਨਹੀਂ ਕੀਤਾ ਗਿਆ ਸਗੋਂ ਉਹਨਾਂ ਉੱਪਰ ਅਨੇਕਾਂ ਤਰਾਂ ਦੇ ਤਜਬਰੇ ਕੀਤੇ ਗਏ। ਲੋਕਾਂ ਨੂੰ ਹਜਾਰਾਂ ਦੀ ਗਿਣਤੀ ਵਿੱਚ ਇੱਕੋ ਵੇਲੇ ਮਾਰਨ ਦੀਆਂ ਖੋਜਾਂ ਕੀਤੀਆਂ ਗਈ ਜਿਸ ਤਹਿਤ ਲੋਕਾਂ ਨੂੰ ਗੈਸ ਦੀਆਂ ਭੱਠੀਆਂ ’ਚ ਸੁੱਟਣਾ, ਉਹਨਾਂ ਦੇ ਕਮਰਿਆਂ ’ਚ ਜਹਿਰੀਲੀ ਗੈਸ ਛੱਡ ਦੇਣਾ ਤੇ ਭੁੱਖੇ ਰੱਖ ਕੇ ਮਾਰਨਾ ਆਮ ਸੀ। ਇਸ ਤੋਂ ਬਿਨਾਂ ਅਜਿਹੇ ਕਈ ਤਜਰਬੇ ਕੀਤੇ ਗਏ ਕਿ ਇਨਸਾਨ ਨੂੰ ਕਿਵੇਂ ਨਵੇਂ-ਨਵੇਂ ਢੰਗਾਂ ਨਾਲ਼ ਤਸੀਹੇ ਦਿੱਤੇ ਜਾ ਸਕਦੇ ਹਨ ਤੇ ਉਹ ਕਿਸ ਹੱਦ ਤੱਕ ਤਕਲੀਫ ਝੱਲ ਸਕਦੇ ਹਨ। ਮਸਲਨ ਇਨਸਾਨ ਕਿੰਨੀ ਦੇਰ ਬਰਫੀਲੇ ਪਾਣੀ ਵਿੱਚ ਰਹਿ ਸਕਦਾ ਹੈ, ਕਿੰਨੇ ਦਰਜੇ ਤੱਕ ਗਰਮ ਪਾਣੀ ਨੂੰ ਝੱਲ ਸਕਦਾ ਹੈ, ਕਿੰਨਾ ਕਰੰਟ ਝੱਲ ਸਕਦਾ ਹੈ ਆਦਿ। ਇਸਤੋਂ ਵੀ ਵੱਧ ਮਨੁੱਖੀ ਚਮੜੀ, ਵਾਲਾਂ, ਹੱਡੀਆਂ ਤੇ ਚਰਬੀ ਨੂੰ ਅਨੇਕਾਂ ਬੂਟ, ਪਰਸ, ਜਾਕਟਾਂ ਤੇ ਸਜਾਵਟੀ ਵਸਤਾਂ ਤਿਆਰ ਕਰਨ ਲਈ ਵਰਤਿਆ ਗਿਆ। ਮਨੁੱਖੀ ਸਿਰਾਂ ਨੂੰ ਸਜਾਵਟੀ ਬੁੱਤ ਬਣਾਉਣ ਲਈ ਵਰਤਿਆ ਗਿਆ।

ਇਤਿਹਾਸ ਦੇ ਇਹਨਾਂ ਹਨੇਰੇ ਦਿਨਾਂ ਨੂੰ ਚੇਤੇ ਰੱਖਣਾ ਜਰੂਰੀ ਹੈ। ਕਿਉਂਕਿ ਹਿਟਲਰ ਦੇ ਵਾਰਿਸ ਜਿਉਂਦੇ ਹਨ ਤੇ ਉਸਦੇ ਇਤਿਹਾਸ ਨੂੰ ਮੁੜ ਦੁਹਰਾਉਣਾ ਚਾਹੁੰਦੇ ਹਨ। 1925 ਵਿੱਚ ਜਦੋਂ ਰਾਸ਼ਟਰੀ ਸਵੈਸੇਵਕ ਸੰਘ ਦੀ ਸਥਾਪਨਾ ਹੋਈ ਤਾਂ ਆਪਣੇ ਜਨਮ ਤੋਂ ਹੀ ਇਹ ਮੁਸੋਲਿਨੀ ਤੇ ਹਿਟਲਰ ਤੋਂ ਪ੍ਰਭਾਵਿਤ ਸੀ। ਗੋਲਵਲਕਰ ਨੇ ਤਾਂ ਹਿਟਲਰ ਵੱਲੋਂ ਨਸਲੀ ਸ਼ੁੱਧਤਾ ਲਈ ਕੀਤੇ ਕਤਲੇਆਮ ਦੀ ਤਾਰੀਫ ਕਰਦਿਆਂ ਇਸਤੋਂ ਸਿੱਖਣ ਦੀ ਗੱਲ ਵੀ ਕੀਤੀ। ਆਪਣੇ ਜਨਮ ਤੋਂ ਹੀ ਇਹ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਲੈ ਰਹੇ ਹਨ। ਹੁਣ ਜਦੋਂ ਆਰਥਿਕ ਸੰਕਟ ਦੇ ਦੌਰ ਵਿੱਚ ਭਾਜਪਾ ਹੱਥ ਕੇਂਦਰ ਦੀ ਸੱਤਾ ਹੈ ਤਾਂ ਸੰਘ ਇਸਨੂੰ ਹਿੰਦੂ ਰਾਸ਼ਟਰ ਨੂੰ ਪੂਰਾ ਕਰਨ ਦਾ ਮੌਕਾ ਸਮਝ ਰਿਹਾ ਹੈ। ਇਸ ਤਹਿਤ ਨਾਗਰਿਕਤਾ ਸੋਧ ਕਨੂੰਨ, ਕੌਮੀ ਨਾਗਰਿਕਤਾ ਸੂਚੀ ਅਤੇ ਕੌਮੀ ਅਬਾਦੀ ਸੂਚੀ ਦੀ ਤਿੱਕੜੀ ਰਾਹੀਂ ਨਾਗਰਿਕ ਹੱਕਾਂ ਉੱਪਰ ਹਮਲਾ ਕੀਤਾ ਜਾ ਰਿਹਾ ਹੈ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਲਾਜਮੀ ਹੀ ਅਗਲਾ ਨਿਸ਼ਾਨਾ ਹੋਰ ਧਾਰਮਿਕ ਘੱਟਗਿਣਤੀਆਂ, ਦਲਿਤ, ਆਦਿਵਾਸੀ ਅਤੇ ਸਮਾਜਿਕ-ਸਿਆਸੀ ਕਾਰਕੁੰਨ ਹੋਣਗੇ। ਨਾਗਰਿਕਤਾ ਦੀ ਸੂਚੀ ’ਚੋਂ ਬਾਹਰ ਕੀਤੇ ਗਏ ਲੋਕਾਂ ਲਈ ਹਿਟਲਰ ਦੀ ਤਰਜ ’ਤੇ ਹੀ ਨਜ਼ਰਬੰਦੀ ਕੈਂਪ ਬਣਾਏ ਜਾ ਰਹੇ ਹਨ।

ਭਾਵੇਂ ਪ੍ਰਧਾਨ ਮੰਤਰੀ ਮੋਦੀ ਇਸ ਗੱਲੋਂ ਇਨਕਾਰ ਕਰ ਰਿਹਾ ਹੈ ਕਿ ਦੇਸ਼ ਵਿੱਚ ਕੋਈ ਵੀ ਨਜਰਬੰਦੀ ਕੈਂਪ ਨਹੀਂ ਹੈ। ਇਸ ਵੇਲੇ ਇਕੱਲੇ ਅਸਾਮ ਵਿੱਚ 6 ਨਿਗਰਾਨੀ ਕੇਂਦਰ ਜਾਂ ਨਜਰਬੰਦੀ ਕੈਂਪ ਚੱਲ ਰਹੇ ਹਨ ਜਿਹੜੇ ਗੈਰ-ਕਨੂੰਨੀ ਪਰਵਾਸੀਆਂ ਨੂੰ ਕੈਦ- ਨਜ਼ਰਬੰਦ ਕਰਨ ਲਈ ਬਣਾਏ ਗਏ ਹਨ। ਇਹਨਾਂ ਵਿੱਚ 1000 ਤੋਂ ਵੱਧ ਲੋਕ ਕੈਦ ਕੀਤੇ ਹੋਏ ਹਨ। ਇਸ ਤੋਂ ਬਿਨਾਂ 2018 ਵਿੱਚ ਮਤੀਆ, ਗੋਲਪਾੜਾ (ਅਸਾਮ) ਵਿੱਚ ਮੋਦੀ ਸਰਕਾਰ ਨੇ 46 ਕਰੋੜ ਦੀ ਲਾਗਤ ਵਾਲ਼ਾ ਨਵਾਂ ਨਜ਼ਰਬੰਦੀ ਕੈਂਪ ਖੋਲਣ ਨੂੰ ਹਰੀ ਝੰਡੀ ਦਿੱਤੀ ਹੈ। 3 ਲੱਖ ਵਰਗ ਫੁੱਟ ਖੇਤਰਫਲ ਵਾਲ਼ੇ ਇਸ ਕੈਂਪ ਵਿੱਚ ਇੱਕੋ ਵੇਲੇ 3000 ਲੋਕਾਂ ਨੂੰ ਕੈਦ ਰੱਖਿਆ ਜਾ ਸਕਦਾ ਹੈ। ਲੀ ਵਿੱਚ ਲਾਮਪੁਰ, ਗੋਆ ਵਿਚ ਮਾਪੂਸਾ, ਕਰਨਾਟਕ ਵਿਚ ਸੋਂਡੇਕੋਪਾ, ਮਹਾਰਾਸਟਰ ਵਿੱਚ ਨੀਰਲ, ਰਾਜਸਥਾਨ ਵਿੱਚ ਸੈਂਟਰਲ ਜੇਲ ਅਲਵਰ ਅਜਿਹੇ ਹੀ ਡਿਟੈਂਸ਼ਨ ਕੈਂਪ ਹਨ। ਪੰਜਾਬ ਵਿਚ ਗੋਇੰਦਵਾਲ ਵਿੱਚ ਮਈ 2020 ਤੱਕ ਤਿਆਰ ਹੋ ਜਾਣਾ ਹੈ। ਅੰਮ੍ਰਿਤਸਰ ਜੇਲ ਵਿੱਚ ਵੱਖਰੀ ਬੈਰਕ ਹੈ। 10 ਜੁਲਾਈ 2019 ਨੂੰ ਰਾਜ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਕਿਹਾ ਸੀ ਕਿ ਨਾਗਰਿਕਤਾ ਦੀ ਪੁਸ਼ਟੀ ਹੋਣ ਤੱਕ ਦੇਸ਼ ਵਿੱਚ ਆਏ ਨਾਜਾਇਜ ਲੋਕਾਂ ਨੂੰ ਦੇਸ਼ ਤੋਂ ਕੱਢਿਆ ਨਹੀਂ ਜਾਵੇਗਾ ਸਗੋਂ ਉਹਨਾਂ ਨੂੰ ਨਜ਼ਰਬੰਦੀ ਕੈਂਪਾਂ ਵਿੱਚ ਰੱਖਿਆ ਜਾਵੇਗਾ। 9 ਜਨਵਰੀ 2019 ਨੂੰ ਕੇਂਦਰ ਸਰਕਾਰ ਨੇ ਸਭ ਸੂਬਾ ਸਰਕਾਰਾਂ ਨੂੰ ਇੱਕ ਚਿੱਠੀ ਭੇਜੀ ਹੈ ਜਿਸ ਵਿੱਚ ਨਜ਼ਰਬੰਦੀ ਕੈਂਪਾਂ ਦੀ ਬਣਤਰ, ਉਹਨਾਂ ਵਿਚਲੀਆਂ ਸਹੂਲਤਾਂ ਆਦਿ ਬਾਰੇ ਨਿਰਦੇਸ਼ ਦਿੱਤੇ ਗਏ ਹਨ। ਇੰਝ ਅਸਾਮ ਵਾਂਗ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਨਜ਼ਰਬੰਦੀ ਕੈਂਪ ਬਣਾਉਣ ਨੂੰ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ।



ਇਹ ਕੈਂਪ ਨਾਗਰਿਕਤਾ ਕਨੂੰਨ ਤੇ ਨਾਗਰਿਕਤਾ ਸੂਚੀ ਵਿੱਚੋਂ ਲੰਘਾ ਕੇ ਬਣਾਏ ਜਾ ਰਹੇ ਹਿੰਦੂ ਰਾਸ਼ਟਰ ਦਾ ਅਹਿਮ ਅੰਗ ਹਨ। ਇਹਨਾਂ ਕੈਂਪਾਂ ਦੀ ਹਾਲਤ ਜੇਲਾਂ ਨਾਲ਼ੋਂ ਭੈੜੀ ਹੈ। 25 ਗੁਣਾ 35 ਫੁੱਟ ਦੇ ਕਮਰਿਆਂ ਵਿੱਚ ਕਈ ਜਣਿਆਂ ਨੂੰ ਇਕੱਠੇ ਤਾੜਿਆ ਜਾਂਦਾ ਹੈ। ਲਗਭਗ ਇੱਕ ਡੰਗ ਦੇ ਖਾਣੇ ਨਾਲ਼ ਪੂਰਾ ਦਿਨ ਲੰਘਾਉਣਾ ਪੈਂਦਾ ਹੈ। ਇਹਨਾਂ ਵਿਚਲੇ ਕੈਦੀਆਂ ਨੂੰ ਆਪਣੇ ਪਰਿਵਾਰਾਂ ਨਾਲ਼ ਮਿਲ਼ਣ ਵੀ ਬੜੀ ਮੁਸ਼ਕਿਲ ਨਾਲ਼ ਦਿੱਤਾ ਜਾਂਦਾ ਹੈ। ਜੇ ਮੁਲਾਕਾਤ ਲਈ 5 ਮਿੰਟ ਤੋਂ ਵੱਧ ਦਾ ਸਮਾਂ ਚਾਹੀਦਾ ਹੈ ਤਾਂ ਰਿਸ਼ਵਤ ਦੇਣੀ ਪੈਂਦੀ ਹੈ। ਇੱਥੇ ਕੈਦ ਕੀਤੇ ਲੋਕ ਵਿਦੇਸ਼ੀ ਟ੍ਰਿਬਿਊਨਲ ਵੱਲੋਂ ਨਾਗਰਿਕਤਾ ਸ਼ੱਕੀ ਮੰਨੇ ਜਾਣ ਕਾਰਨ ਕੈਦ ਕੀਤੇ ਹੋਏ ਹਨ। 2008 ਤੋਂ ਹੁਣ ਤੱਕ ਇਹਨਾਂ ਕੇਂਦਰਾਂ ਵਿੱਚ 100 ਕੈਦੀਆਂ ਦੀ ਮੌਤ ਹੋਈ ਹੈ। ਗੈਰ-ਕਨੂੰਨੀ ਪਰਵਾਸੀਆਂ ਜਾਂ ਸ਼ਰਨਾਰਥੀਆਂ ਨੂੰ ਇਉਂ ਕੈਦ ਕਰਨਾ ਕਿਸੇ ਵੀ ਤਰਾਂ ਜਾਇਜ ਨਹੀਂ ਹੈ। ਅਜਿਹੇ ਲੋਕਾਂ ਨੂੰ ਜੇਲ ਭੇਜਣ ਦਾ ਕੋਈ ਮਤਲਬ ਨਹੀਂ ਸਗੋਂ ਉਹਨਾਂ ਦੇ ਵਸੇਵੇਂ, ਨਾਗਰਿਕਤਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਉਹਨਾਂ ਦੇ ਮਨੁੱਖੀ, ਜਮਹੂਰੀ ਹੱਕਾਂ ਉੱਪਰ ਹਮਲਾ ਹੈ।

ਜੇ ਕੌਮੀ ਨਾਗਰਿਕਤਾ ਸੂਚੀ ਪੂਰੇ ਮੁਲਕ ’ਚ ਲਾਗੂ ਹੁੰਦੀ ਹੈ ਤਾਂ ਸਾਨੂੰ ਇਹਨਾਂ ਨਜ਼ਰਬੰਦੀ ਦੇ ਭਵਿੱਖ ਦੀ ਵੀ ਕਲਪਨਾ ਕਰਨੀ ਚਾਹੀਦੀ ਹੈ। ਦੇਸ਼ ਵਿੱਚ ਅਜਿਹੇ ਕੈਂਪ ਵੱਡੇ ਪੱਧਰ ’ਤੇ ਉੱਸਰਨਗੇ ਤੇ ਇਹਨਾਂ ’ਚ ਲੱਖਾਂ ਦੀ ਗਿਣਤੀ ਵਿੱਚ ਲੋਕ ਕੈਦ ਹੋਣਗੇ। ਕੈਦੀਆਂ ਦੀ ਬਹੁਗਿਣਤੀ ਮੁਸਲਮਾਨਾਂ, ਇਸਾਈਆਂ, ਦਲਿਤਾਂ, ਕਸ਼ਮੀਰੀਆਂ ਤੇ ਜਮਹੂਰੀ-ਸਿਆਸੀ ਕਾਰਕੁੰਨਾਂ ਦੀ ਹੋਵੇਗੀ। ਇਹ ਨਜ਼ਰਬੰਦੀ ਕੈਂਪਾਂ ਨੂੰ ਤਸੀਹਾਘਰਾਂ ਵਿੱਚ ਵੀ ਬਦਲਿਆ ਜਾਵੇਗਾ ਤੇ ਹਜ਼ਾਰਾਂ ਲੋਕਾਂ ਨੂੰ ਇੱਕੋ ਵੇਲੇ ਜਿਉਂਦੇ ਸਾੜਨ ਵਾਲ਼ੀਆਂ ਭੱਠੀਆਂ ਵਿੱਚ ਵੀ। ਇਹ ਕੋਈ ਕੋਰੀ ਕਲਪਨਾ ਨਹੀਂ ਹੈ। ਇਹ ਰਾਸ਼ਟਰੀ ਸਵੈਸੇਵਕ ਸੰਘ ਦੇ ਉਸ ਹਿੰਦੂ ਰਾਸ਼ਟਰ ਦਾ ਅੰਗ ਹਨ ਜਿਸਦੇ ਲਈ 2002 ਦੇ ਗੁਜਰਾਤ ਕਤਲੇਆਮ ਵਿੱਚ ਗਰਭਵਤੀ ਔਰਤਾਂ ਦੇ ਢਿੱਡ ਚੀਰ ਕੇ ਅੰਦਰੋਂ ਬੱਚੇ ਕੱਢ ਕੇ ਮਾਰੇ ਗਏ। ਜਿਸਦੇ ਲਈ 16 ਸਾਲਾ ਜੁਨੈਦ ਨੂੰ ਸਿਰਫ ਦਾਹੜੀ ਕਰਕੇ ਦਿਨ-ਦਿਹਾੜੇ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ, ਮੁਹੰਮਦ ਅਖਲਾਕ ਵਰਗਿਆਂ ਨੂੰ ਹਜੂਮ ਨੇ ਕੁੱਟ-ਕੁੱਟ ਕੇ ਮਾਰ ਦਿੱਤਾ, ਅਲਵਰ ’ਚ ਪਹਿਲੂ ਖਾਨ ਨੂੰ ਮਾਰਿਆ ਗਿਆ ਤੇ ਰਾਜਸਥਾਨ ਵਿੱਚ ਸ਼ੰਭੂ ਲਾਲ ਰੈਗਰ ਨੇ ਇੱਕ ਮੁਸਲਿਮ ਮਜ਼ਦੂਰ ਨੂੰ ਨਾ ਸਿਰਫ ਜਿਉਂਦੇ ਸਾੜਿਆਂ ਸਗੋਂ ਉਸਦੀ ਲਾਈਵ ਵੀਡੀਓ ਵੀ ਬਣਾਈ। ਗੌਰੀ ਲੰਕੇਸ਼, ਪ੍ਰੋ. ਕਲਬੁਰਗੀ ਤੇ ਗੋਬਿੰਦ ਪਾਨਸਰੇ ਵਰਗਿਆਂ ਦੇ ਕਤਲ ਵੀ ਤੁਹਾਨੂੰ ਚੇਤੇ ਹੀ ਹੋਣਗੇ।

ਇਸ ਵੇਲੇ ਪੋਹਾ ਖਾਣ ਵਾਲੇ ਨੂੰ ਭਾਜਪਾ ਆਗੂ ਬੰਗਲਦੇਸ਼ੀ ਘੁਸਪੈਠੀਆ ਐਲਾਨ ਦਿੰਦੇ ਹਨ, ਵਿਰੋਧ ਕਰਨ ਵਾਲ਼ਿਆਂ ਨੂੰ ਪਾਕਿਸਤਾਨੀ ਜਾਂ 500 ਰੁਪਏ ’ਚ ਵਿਕੇ ਦੱਸਦੇ ਹਨ ਤਾਂ ਸਾਫ ਹੈ ਕਿ ਵੱਖਰੀ ਸ਼ਨਾਖਤ ਤੇ ਵੱਖਰੇ ਵਿਚਾਰਾਂ ਵਾਲ਼ਿਆਂ ਨੂੰ ਇਹ ਲਾਣਾ ਬਿਲਕੁਲ ਵੀ ਜਰ ਨਹੀਂ ਸਕਦਾ ਤੇ ਇਹਨਾਂ ਨੂੰ ਕਿਸੇ ਵੀ ਹੀਲੇ ਜੇਲੀਂ ਡੱਕਣ, ਦੂਜੇ ਦਰਜੇ ਦੇ ਨਾਗਰਿਕ ਬਣਾਉਣ ਤੇ ਉਹਨਾਂ ਦੀ ਹਸਤੀ ਮਿਟਾਉਣ ਲਈ ਪੱਬਾਂ ਭਾਰ ਹੈ। ਸ਼ਾਇਦ ਇਹ ਗੱਲਾਂ ਤੁਹਾਨੂੰ ਹਜਮ ਕਰਨੀਆਂ ਔਖੀਆਂ ਹੋਣ ਪਰ ਜੇ ਅੱਜ ਅਸੀਂ ਇਸ ਫਾਸੀਵਾਦੀ ਹੱਲੇ ਖਿਲਾਫ ਜਥੇਬੰਦ ਨਹੀਂ ਹੁੰਦੇ ਤਾਂ ਹਿਟਲਰ ਦੇ ਇਹ ਵਾਰਿਸ ਉਸਤੋਂ ਵੀ ਬੇਰਹਿਮ ਢੰਗ ਨਾਲ਼ ਉਸਦਾ ਇਤਿਹਾਸ ਦੁਹਰਾਉਣਗੇ।

# ਜੈਤੋ ਦਾ ਮੋਰਚਾ: ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ

**21 ਫਰਵਰੀ 'ਤੇ ਸਿਵੇਸ਼**



**- ਪ੍ਰਮਿੰਦਰ ਸਿੰਘ ਪ੍ਰਵਾਨਾ**

ਸਿੱਖ ਧਰਮ ਅਤੇ ਰਾਜਨੀਤੀ ਦੁਨੀਆ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆਂ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹਾਕਮਰਾਨਾਂ ਦੇ ਅਣਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਡਾਏ। ਦੁਸ਼ਮਣ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜ਼ੁਲਮ ਅਤੇ ਤਸ਼ੱਦਦ ਦੇ ਥੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜ਼ਬੂਰ ਹੋ ਜਾਂਦੇ ਕਿ ਇਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਨਾਂ ਦੀ ਖ਼ੂਬਸੂਰਤ ਦਿੱਖ ਵੀ ਬਣਾਂਈ। ਪਰ ਅੰਦਰੂਨੀ ਤੌਰ 'ਤੇ ਠਾਕੁਰਦੁਆਰਾ ਮਰਯਾਦਾ ਹੀ ਪ੍ਰਚਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਦੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖ ਤਾਕਤ ਨੂੰ ਠੇਸ ਪਹੁੰਚਾਉਣ ਦੀ ਸਾਜ਼ਿਸ਼ ਰਹੀ ਹੋਈ ਸੀ। 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਅਤੇ ਸ਼ਹਿ ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ, ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। ਜੈਤੋ ਦਾ ਮੋਰਚਾ ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਵੁਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜ਼ਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਰਾਰਾਜਾ ਰਿਪੂਦਮਨ ਸਿੰਘ ਨੇ ਵੀ ਇਸ ਦਾ ਸੁਆਗਤ ਕੀਤਾ।



ਅੰਗਰੇਜ਼ ਸਰਕਾਰ ਨੇ ਮਹਾਰਾਜ ਨੂੰ ਬਾਗੀ ਕਰਾਰ ਦੇਂਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜਾ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੋਂ ਔਖੀ ਸੀ ਅਤੇ ਬਹਾਨੇ ਦੀ ਤਲਾਸ਼ ਵਿਚ ਸੀ।

ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ, ਵਿਚ ਸਿੱਧਾ ਦਖ਼ਲ ਹੈ। ਸ਼੍ਰੋਮਣੀ ਕਮੇਟੀ ਨੇ ਅਗਸਤ 5, 1920 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਸ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗਾ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫ਼ਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ।

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ ਜੈਤੋ ਦਾ ਮੋਰਚਾ ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਬਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲਗਭਗ 5 ਮਹੀਨੇ ਜਥਿਆਂ ਦੀਆਂ ਗ੍ਰਿਫ਼ਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਈ ਜਾ ਰਹੀ ਸੀ। ਅੰਰਗੇਜ਼ ਸਰਕਾਰ ਨੇ ਇਨਾਂ ਦੋਹਾਂ ਜਥੇਬੰਦੀਆਂ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਸਰੇ ਪੜਾਅ ਵਿਚ 500-500 ਸਿੰਘਾਂ ਦਾ ਜਥੇ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫ਼ਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋਂ ਤੋਂ 6 ਕੁ ਮੀਲ ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10000 ਦੀ ਸੰਗਤ ਵੀ ਆ ਜੁੜੀ ਸੀ। ਜਥੇ ਵਿਚ ਡਾ. ਕਿਚਲੂ, ਪ੍ਰਿੰ. ਗਿਡਵਾਨੀ ਅਤੇ **Jiamnd, Editor of NewYork Times** ਵੀ ਸ਼ਾਮਲ ਸਨ। ਬਰਗਾੜੀ ਤੋਂ ਜੱਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿੰਡਾਉਣ ਲਈ ਤਿਆਰ ਖੜੀ ਸੀ। ਅੰਗਰੇਜ਼ ਅਫ਼ਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਜਿਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ।

ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰਕੁੱਟ ਕੀਤੀ ਜਾਂਦੀ। ਕੈਂਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ।

ਗ਼੍ਰਿਫ਼ਤਾਰਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤੀ ਵਿਚ ਦਖ਼ਲ ਦੇਣ ਨੇ, ਅੰਗਰੇਜ਼ੀ ਹਕੂਮਤ ਨੂੰ ਬੜੀ ਮੁਸ਼ਕਲ ਵਿਚ ਪਾ ਦਿੱਤਾ। ਇਸ ਲੰਬੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸ ਵੇਲੇ ਗੁਰਦੁਆਰਾ ਕਾਨੂੰਨ ਨੰ. 8, 1925 ਪਾਸ ਹੋ ਗਿਆ। ਜੁਲਾਈ 27, 1925 ਨੂੰ ਜੈਤੋ ਦਾ ਮੋਰਚਾ ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਂਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰੀ ਰਿਪੋਰਟ ਵਿਚ ਲਗਭਗ 10000 ਸਿੰਘਾਂ ਦੀ ਗ੍ਰਿਫ਼ਤਾਰੀ ਹੋਈ ਅਤੇ ਇਕ ਲੱਖ ਜੁਰਮਾਨਾਂ ਸਿੰਘਾਂ ਵਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

# ਪੰਜਾਬ ਦਾ ਵਿਰਾਸਤੀ ਸ਼ਹਿਰ ਪਟਿਆਲਾ

**- ਰਵੇਲ ਸਿੰਘ ਭਿੰਡਰ**

ਸ਼ਾਹੀ ਸ਼ਹਿਰ ਪਟਿਆਲਾ ਦਾ ਆਪਣਾ ਇੱਕ ਅਲੱਗ ਮੁਕਾਮ ਹੈ। ਬੇਸ਼ੱਕ ਵਰਿਆਂ ਦੇ ਇਤਿਹਾਸ ਨਾਲ ਇਸ ਦੀ ਉਮਰ ਕੇਵਲ ਢਾਈ ਸੌ ਵਰੇ ਦੇ ਲਗਪਗ ਹੈ ਪਰ ਆਪਣੀ ਰਿਆਸਤੀ ਸ਼ਾਨ, ਵੱਖਰੀ ਸੱਭਿਆਚਾਰਕ ਪਰੰਪਰਾ ਅਤੇ ਜੀਵਨਸ਼ੈਲੀ ਦੀ ਬਦੌਲਤ ਪਟਿਆਲਾ ਪੰਜਾਬ ਦੇ ਵਿਸ਼ੇਸ਼ ਸ਼ਹਿਰਾਂ ਵਿੱਚੋਂ ਇੱਕ ਹੈ। ਪਟਿਆਲਾ ਰਿਆਸਤ, ਪਟਿਆਲਾ ਪੈੱਗ, ਪਟਿਆਲਾ ਪਰਾਂਦਾ, ਪਟਿਆਲਾ ਜੁੱਤੀ, ਪਟਿਆਲਾ ਸ਼ਾਹੀ ਸਲਵਾਰ ਅਤੇ ਪੱਗ ਤੇ ਪਟਿਆਲਾ ਸੰਗੀਤ, ਗੱਲ ਕੀ ਪਟਿਆਲਵੀ ਸਿਰ ਤੋਂ ਪੈਰਾਂ ਤੱਕ ਵੱਖਰੀ ਦਿੱਖ ਵਾਲੇ ਹਨ ਅਤੇ ਜ਼ਿੰਦਗੀ ਨੂੰ ਮਾਣਨ ਤੇ ਜਿਊਣ ਦੀ ਆਪਣੀ ਤਰਜ਼ ਹੈ। ਇਕ ਵੱਖਰੀ ਤਰਜ਼-ਏ-ਜ਼ਿੰਦਗੀ ਵਾਲੇ ਸ਼ਹਿਰ ਪਟਿਆਲਾ ਦੀ ਨੀਂਹ ਬਾਬਾ ਆਲਾ ਸਿੰਘ ਨੇ ਸੰਨ 1757 ਵਿੱਚ ਰੱਖੀ ਸੀ। ਬਾਬਾ ਆਲਾ ਸਿੰਘ ਫੂਲਕੀਆ ਮਿਸਲ ਦੇ ਮੋਢੀ ਸਨ। ਮਾਲਵਾ ਖੇਤਰ ਵਿੱਚ ਉਹ ਇੱਕ ਤਾਕਤਵਰ ਹਸਤੀ ਬਣ ਕੇ ਉੱਭਰੇ।

ਥੋੜੇ ਹੀ ਸਮੇਂ ਵਿੱਚ ਸਮੁੱਚਾ ਮਾਲਵਾ ਉਨਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਇਹ ਕੇਂਦਰ ਪਹਿਲਾਂ ਪੱਟੀ ਆਲਾ ਸਿੰਘ ਦੇ ਨਾਂ ਨਾਲ ਵੀ ਸੱਦਿਆ ਗਿਆ। ਉਪਰੰਤ 'ਕੱਚੀ ਗੜੀ' ਦੀ ਸਿਰਜਣਾ ਨਾਲ ਇਸ ਨੇ ਬਾਬਾ ਆਲਾ ਸਿੰਘ ਦੀ ਪੱਟੀ ਤੋਂ ਪਟਿਆਲਾ ਬਣਨ ਦਾ ਇਤਿਹਾਸਕ ਸਫਰ ਸ਼ੁਰੂ ਕੀਤਾ ਜੋ ਪਟਿਆਲੇ ਦਾ ਪੈਪਸੂ ਦੀ ਰਾਜਧਾਨੀ ਬਣਨ ਦੇ ਮੁਕਾਮ ਨਾਲ ਮੁਕੰਮਲ ਹੋਇਆ। ਬਾਬਾ ਆਲਾ ਸਿੰਘ ਦੇ ਵਰੋਸਾਏ ਨਗਰ ਦੇ ਵਿਕਾਸ ਵਿੱਚ ਰਾਜਾ ਅਮਰ ਸਿੰਘ, ਸਾਹਿਬ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ, ਰਾਜਿੰਦਰ ਸਿੰਘ, ਭੁਪਿੰਦਰ ਸਿੰਘ ਅਤੇ ਯਾਦਵਿੰਦਰ ਸਿੰਘ ਨੇ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਅਤੇ ਪਟਿਆਲੇ ਨੂੰ ਇਤਿਹਾਸਕ ਸ਼ਹਿਰ ਬਣਾ ਦਿੱਤਾ।

ਇਸ ਇਤਿਹਾਸਕ ਸ਼ਹਿਰ ਦੇ ਵਿਕਾਸ ਦੇ ਕਈ ਪੜਾਅ ਹਨ। ਪਹਿਲਾ ਪੜਾਅ 1800 ਈਸਵੀ ਤੱਕ ਦਾ ਸਮਾਂ ਮੰਨਿਆ ਜਾਂਦਾ ਹੈ। ਇਸ ਪੜਾਅ ਵਿੱਚ 'ਕਿਲਾ ਮੁਬਾਰਕ' ਦੀ ਉਸਾਰੀ ਕੀਤੀ ਗਈ। ਇਸ ਕਿਲੇ ਅੰਦਰ ਅਨੇਕਾਂ ਇਮਾਰਤਾਂ ਦੀ ਉਸਾਰੀ ਕੀਤੀ ਗਈ। ਸ਼ਹਿਰ ਦੇ ਵਿਕਾਸ ਦਾ ਦੂਜਾ ਪੜਾਅ 1800-1850 ਈਸਵੀ ਦਰਮਿਆਨ ਮੰਨਿਆ ਜਾਂਦਾ ਹੈ। ਇਸ ਸਮੇਂ ਸ਼ਹਿਰ ਦੀ ਕਿਲੇਬੰਦੀ ਹੋਈ। ਸ਼ਹਿਰ ਦੀਵਾਰ ਤੇ ਵੱਡ ਆਕਾਰੀ ਦਰਵਾਜ਼ਿਆਂ ਅੰਦਰ ਮਹਿਫੂਜ਼ ਹੋ ਗਿਆ। ਇਨਾਂ ਦਰਵਾਜ਼ਿਆਂ ਵਿੱਚ ਦਰਸ਼ਨੀ ਗੇਟ, ਸ਼ੇਰਾਂ ਵਾਲਾ ਗੇਟ, ਸਰਹਿੰਦੀ ਗੇਟ, ਨਾਭਾ ਗੇਟ, ਸੈਫਾਬਾਦੀ ਗੇਟ, ਸੁਨਾਮੀ ਗੇਟ, ਸਮਾਨੀਆਂ ਗੇਟ ਤੇ ਲਾਹੌਰੀ ਗੇਟ ਬਣਾਏ ਗਏ।

ਸ਼ਹਿਰ ਦੇ ਵਿਕਾਸ ਦਾ ਤੀਸਰਾ ਪੜਾਅ 1850 ਈਸਵੀ ਤੋਂ ਬਾਅਦ ਦਾ ਸਮਾਂ ਹੈ, ਜਿਸ 'ਚ ਮੋਤੀ ਬਾਗ ਮਹਿਲ ਦੀ ਉਸਾਰੀ ਹੋਈ। ਸ਼ਹਿਰ ਗੇਟਾਂ ਅਤੇ ਦੀਵਾਰਾਂ ਤੋਂ ਬਾਹਰ ਵੱਸਣ ਲੱਗ ਪਿਆ। ਇਸ ਸਮੇਂ ਵਿੱਦਿਅਕ



Old Motibagh Palace

ਸੰਸਥਾਵਾਂ, ਪੂਜਾ ਸਥਾਨ, ਹਸਪਤਾਲ ਅਤੇ ਨਵੇਂ ਰਿਹਾਇਸ਼ੀ ਇਲਾਕੇ ਆਬਾਦ ਹੋ ਗਏ। 1950 ਤੋਂ ਬਾਅਦ ਪਟਿਆਲਾ ਸ਼ਹਿਰ ਦਾ ਆਕਾਰ ਕਈ ਗੁਣਾ ਵੱਡਾ ਹੋ ਗਿਆ ਅਤੇ ਇਹ ਸ਼ਹਿਰ ਵਿੱਦਿਅਕ, ਸੱਭਿਆਚਾਰਕ ਅਤੇ ਪ੍ਰਸ਼ਾਸਕੀ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਅੱਜ ਇਹ ਸ਼ਾਹੀ ਸ਼ਹਿਰ ਵਿੱਦਿਅਕ ਅਤੇ ਸੱਭਿਆਚਾਰਕ ਸਰਗਰਮੀਆਂ ਲਈ ਪੰਜਾਬ ਦਾ ਪ੍ਰਮੱਖ ਕੇਂਦਰ ਹੈ।

ਪਟਿਆਲਾ ਇੱਕ ਮੰਨਿਆ-ਪ੍ਰਮੰਨਿਆ ਰਿਆਸਤੀ ਸ਼ਹਿਰ ਹੈ। ਇਸ ਸ਼ਹਿਰ ਦੀ ਆਪਣੀ ਨਿਵੇਕਲੀ ਪਛਾਣ, ਸਥਾਨ ਤੇ ਇਤਿਹਾਸ ਹੈ। ਪਟਿਆਲੇ ਵਿੱਚ ਅਜਿਹੀਆਂ ਸ਼ਾਹੀ ਇਤਿਹਾਸਕ ਇਮਾਰਤਾਂ ਹਨ ਜਿਨਾਂ ਦੀ ਇਮਾਰਤ ਕਲਾ ਅਤੇ ਸਜਾਵਟ ਵਿੱਚ ਸ਼ਾਸਕਾਂ ਨੇ ਵਿਸ਼ੇਸ਼ਤਾ ਪੈਦਾ ਕੀਤੀ ਹੈ ਅਤੇ ਇੱਥੋਂ ਦੇ ਵਾਸੀਆਂ ਨੂੰ ਇਕ ਵੱਖਰੀ ਤਰਜ਼-ਏ-ਜ਼ਿੰਦਗੀ ਅਤੇ ਸੱਭਿਆਚਾਰਕ ਪਰੰਪਰਾ ਨਾਲ ਜੋੜ ਕੇ ਵੱਖਰੀ ਪਹਿਚਾਣ ਦਿੱਤੀ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ ਤੋਂ ਬਾਅਦ ਪਟਿਆਲੇ ਵਿੱਚ ਰਾਜ ਪੱਧਰੀ ਮੁੱਖ ਦਫ਼ਤਰਾਂ ਤੋਂ ਇਲਾਵਾ ਕਈ ਰਾਸ਼ਟਰੀ ਪੱਧਰ ਦੇ ਮੁੱਖ ਦਫ਼ਤਰ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਪੰਜਾਬ ਕੋਲ ਬੇਸ਼ੱਕ ਆਪਣੀ ਨਿਰੋਲ ਰਾਜਧਾਨੀ ਅਜੇ ਨਹੀਂ ਹੈ ਪਰ ਇਹ ਸਚਾਈ ਹੈ ਕਿ ਪੰਜਾਬ ਕੋਲ ਮਿੰਨੀ ਰਾਜਧਾਨੀ ਵਜੋਂ ਪਟਿਆਲਾ ਮੌਜੂਦ ਹੈ। ਪਟਿਆਲੇ ਨੂੰ ਪੰਜਾਬ ਦੀ ਦੂਜੀ ਰਾਜਧਾਨੀ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਤਿਹਾਸ ਤੇ ਵਿਕਾਸ ਦਾ ਮੁਜੱਸਮਾ ਮੰਨੇ ਜਾਂਦੇ ਇਸ ਸ਼ਹਿਰ 'ਚ ਕਈ ਇਤਿਹਾਸਕ, ਵਿੱਦਿਅਕ ਅਤੇ ਪੁਰਾਤਨ ਸ਼ਾਹੀ ਇਮਾਰਤਾਂ ਦੇਖਣਯੋਗ ਹਨ ਜਿਨਾਂ ਵਿੱਚ ਮੁੱਖ ਤੌਰ 'ਤੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਕਾਲੀ ਦੇਵੀ ਦਾ ਮੰਦਰ, ਮਜ਼ਾਰ ਪੀਰ ਰੋਡੇ ਸ਼ਾਹ, ਬਾਰਾਂਦਰੀ ਗਾਰਡਨ, ਮੋਤੀ ਬਾਗ ਪੈਲੇਸ, ਕਿਲਾ ਮੁਬਾਰਕ ਤੇ ਅੰਦਰੂਨੀ ਕਿਲਾ ਮੁਬਾਰਕ, ਸ਼ੀਸ਼ ਮਹਿਲ, ਲਛਮਣ ਝੂਲਾ ਅਤੇ ਸ਼ੀਸ਼ ਮਹਿਲ ਦੇ ਅੰਦਰ ਹੀ ਸਥਾਪਤ ਹੋਈ ਮੈਡਲ ਗੈਲਰੀ ਸ਼ਾਮਿਲ ਹਨ। ਇਹ ਮੈਡਲਜ਼ ਕਈ ਸਦੀਆਂ ਦੇ ਧਰਮ, ਸੱਭਿਆਚਾਰ ਅਤੇ ਕਲਾ ਦਾ ਉਜੱਤਮ ਨਮੂਨਾ ਅਤੇ ਇਤਿਹਾਸ ਦੇ ਗਵਾਹ ਹਨ।

ਭੂਗੋਲਿਕ ਪੱਖੋਂ ਭਾਵੇਂ ਇਹ ਸ਼ਹਿਰ ਪੰਜਾਬ ਦੇ ਪੁਆਧ ਦਾ ਹਿੱਸਾ ਵੀ ਮੰਨਿਆ ਜਾਂਦਾ ਹੈ ਪਰ ਇਸ ਸ਼ਹਿਰ ਨੂੰ ਮਾਲਵੇ ਦਾ ਹਿੱਸਾ ਗਰਦਾਨੇ ਜਾਣ ਦਾ ਵੀ ਫਖਰ ਹੈ। ਦੇਸ਼ ਦੀ ਵੰਡ ਮਗਰੋਂ ਬਹਾਵਲਪੁਰ, ਸੇਖੂਪੁਰਾ, ਰਾਵਲਪਿੰਡੀ ਤੇ ਗੁੱਜਰਾਂਵਾਲਾ ਤੋਂ ਇਲਾਵਾ ਪਾਕਿਸਤਾਨ ਦੇ ਕਈ ਹੋਰ ਇਲਾਕਿਆਂ ਤੋਂ ਵੱਡੀ ਤਾਦਾਦ ਵਿੱਚ ਇੱਥੇ ਆ ਵਸੇ ਲੋਕਾਂ ਨੂੰ ਇਸ ਸ਼ਹਿਰ ਦੇ ਬਾਸ਼ਿੰਦੇ ਹੋਣ ਦਾ ਮਾਣ ਹਾਸਲ ਹੈ। ਗੁਲਦਸਤੇ ਵਿੱਚ ਵੰਨ-ਸੁਵੰਨੇ ਫੁੱਲਾਂ ਦੀ ਤਰਾਂ ਅੱਜ ਇਸ ਸ਼ਹਿਰ ਦੀ ਵਿਲੱਖਣ ਮਹਿਕ ਹੀ ਨਹੀਂ ਨਿਵੇਕਲੀ ਠਾਠ ਵੀ ਹੈ। ਨਦੀ ਦੇ ਕੰਢੇ 'ਤੇ ਵੱਸਿਆ ਇਹ ਸ਼ਾਹੀ ਸ਼ਹਿਰ ਭਾਵੇਂ ਅੱਜ ਵਿਕਾਸ ਦੇ ਰਾਹ 'ਤੇ ਹੈ, ਫਿਰ ਵੀ ਕਈ ਸਮੱਸਿਆਵਾਂ ਤੇ ਕਮੀਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸ਼ਹਿਰ 'ਚ ਇੰਡਸਟਰੀ ਦਾ ਉਹ ਵਿਕਾਸ ਨਹੀਂ ਹੋ ਸਕਿਆ ਜੋ ਹੋਣਾ ਚਾਹੀਦਾ ਸੀ। ਜੇਕਰ ਇਸ ਸ਼ਹਿਰ ਨੂੰ ਸ਼ੇਰ ਸ਼ਾਹ ਸੂਰੀ ਕੌਮੀ ਮਾਰਗ ਨਸੀਬ ਹੋ ਜਾਂਦਾ ਤਾਂ ਸ਼ਾਇਦ ਇਹ ਕਮੀ ਵੀ ਨੇੜੇ ਨਾ ਢੁੱਕਦੀ। ਫਿਰ ਵੀ ਕਦੇ ਛੋਟੀ ਜਿਹੀ ਰਿਆਸਤ ਰਿਹਾ ਪਟਿਆਲਾ ਅੱਜ 20 ਕਿਲੋਮੀਟਰ 'ਚ ਫੈਲ ਚੁੱਕਿਆ ਹੈ। ।

ਇਸ ਮਾਣਮੱਤੇ ਸ਼ਹਿਰ ਨਾਲ ਜੁੜੀ ਪੰਜਾਬੀ ਦੀ ਇਹ ਕਹਾਵਤ "ਪਟਿਆਲਾ ਸ਼ਹਿਰ ਨਗੀਨਾ, ਆਉਣ ਪ੍ਰਾਹੁਣੇ ਦੋ ਦਿਨ ਖਾਤਰ, ਰਹਿੰਦੇ ਸਵਾ ਮਹੀਨਾ" ਵੀ ਸਦਾ ਸਲਾਮਤ ਰਹੇ।

# ਅਗੰਮੀ ਵਾਟਾਂ ਦਾ ਪਾਂਧੀ ਦਰਵੇਸ਼ ਚਿੰਤਕ ਤੇ ਅਲਬੇਲਾ ਕਵੀ ਪ੍ਰੋ. ਹਰਿੰਦਰ ਸਿੰਘ ਮਹਿਬੂਬ

**- ਅਜੀਤ ਸਿੰਘ ਰੂਪਤਾਰਾ**
+91 99148 22311

ਕੌਮੀ ਦਰਦ ਨਾਲ ਲਬਰੇਜ਼ ਦਾਰਸ਼ਨਿਕ, ਚਿੰਤਕ, ਲੇਖਕ ਅਤੇ ਅਗਵਾਈ ਕਰਤਾ ਕਿਸੇ ਵੀ ਕੌਮ ਦਾ ਅਣਮੁੱਲਾ ਸਰਮਾਇਆ ਹੁੰਦੇ ਹਨ। ਅੱਜ ਸਿੱਖ ਕੌਮ ਲਈ ਅਜਿਹੇ ਹੀ ਇੱਕ ਦਰਵੇਸ਼ ਚਿੰਤਕ, ਸਿਧਾਂਤਕਾਰ ਤੇ ਅਗੰਮੀ ਵਾਟਾਂ ਦੇ ਪਾਂਧੀ ਅਲਬੇਲੇ ਕਵੀ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਨੂੰ ਉਨਾਂ ਦੀ ਬਰਸੀ ਤੇ ਯਾਦ ਕਰਨਾ ਬੇਹੱਦ ਜਰੂਰੀ ਹੈ। ਸੰਪੂਰਨ ਵਿਸ਼ਵ ਸਾਹਿਤ, ਵਿਸ਼ਵ ਦਰਸ਼ਨ, ਸਾਮੀ ਅਤੇ ਵੈਦਿਕ ਧਰਮ ਗ੍ਰੰਥਾਂ ਅਤੇ ਮਾਰਕਸ ਦੇ ਸਮਾਜਵਾਦੀ ਸਿਧਾਂਤਾਂ ਦੇ ਨਿੱਠ ਕੇ ਕੀਤੇ ਸਮਾਧੀ ਰੂਪ ਅਧਿਐਨ ਤੋਂ ਪ੍ਰਾਪਤ ਗਿਆਨ ਅਨੁਭੂਤੀ ਦੀ ਰੌਸ਼ਨੀ ਵਿੱਚ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਨੇ ਸਹਿਜੇ ਰਚਿਓ ਖਾਲਸਾ, ਝਨਾਂ ਦੀ ਰਾਤ, ਇਲਾਹੀ ਨਦਰ ਦੇ ਪੈਂਡੇ, ਰੁੱਤਾਂ ਦੇ ਭੇਦ ਭਰੇ ਖ਼ਤ, ਸਿਦਕ ਦੀ ਪ੍ਰਭਾਤ, ਸਿੱਖ ਸੁਰਤਿ ਦੀ ਪਰਵਾਜ਼ ਵਰਗੀਆਂ ਵਿਸ਼ਵ ਪੱਧਰੀ, ਉੱਚ ਮਿਆਰੀ ਵਾਰਤਕ ਅਤੇ ਕਾਵਿ ਪੁਸਤਕਾਂ ਰਾਹੀਂ ਕੌਮ ਲਈ ਸਿਧਾਂਤਕ, ਦਾਰਸ਼ਨਿਕ ਅਤੇ ਧਾਰਮਿਕ ਅਗਵਾਈ ਲੀਹਾਂ ਸਿਰਜੀਆਂ। ਮਹਿਬੂਬ ਸਾਹਿਤ ਦੀਆਂ ਵੰਨਗੀਆਂ ਜਿੱਥੇ ਪਿਛਲੇ ਲਗਭਗ ਸਾਢੇ ਚਾਰ ਹਜ਼ਾਰ ਸਾਲ ਦੇ ਵਿਸ਼ਵ ਸਾਹਿਤਕ ਇਤਿਹਾਸ ਵਿੱਚ ਵਿਲੱਖਣ ਸਥਾਨ ਪ੍ਰਾਪਤੀ ਦਾ ਤਾਣ ਰੱਖਦੀਆਂ ਹਨ ਉੱਥੇ ਮਹਿਬੂਬ ਸਾਹਿਬ ਵੱਲੋਂ ਆਪਣੀਆਂ ਪੁਸਤਕਾਂ ਦੀਆਂ ਲਿਖੀਆਂ ਗਈਆਂ ਭੂਮਿਕਾਵਾਂ ਵੀ ਆਪਣੇ ਆਪ ਵਿੱਚ ਦੀਰਘ ਅਰਥੀ ਅਤੇ ਵੱਡ ਅਕਾਰੀ ਖੋਜ ਸੰਭਾਵਨਾਵਾਂ ਨਾਲ ਭਰਪੂਰ ਗਿਆਨ ਦਾ ਭੰਡਾਰ ਹਨ।

ਬੇਹੱਦ ਹੀ ਸਾਧਾਰਨ ਕਿਸਾਨੀ ਦੇਖ ਵਾਲੇ ਮਹਾਂ ਚਿੰਤਕ ਪ੍ਰੋਫੈਸਰ ਮਹਿਬੂਬ ਦਾ ਜਨਮ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਅਸਥਾਨ ਨਨਕਾਣਾ ਸਾਹਿਬ ਤੋਂ ਮਹਿਜ 10 ਮੀਲ ਦੂਰ ਚੱਕ 233 ਜ਼ਿਲਾ ਲਾਇਲਪੁਰ ਵਿਖੇ ਹੋਇਆ। ਗੁਰੂ ਨਾਨਕ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਬਚਪਨ ਦੌਰਾਨ ਮੌਲਦਿਆਂ ਉੱਥੇ ਦੀਆਂ ਪੀਲਾਂ, ਫ਼ਰਮਾਹਾਂ ਤੇ ਨਹਿਰਾਂ ਨਾਲ ਖੇਲਦਿਆਂ ਪ੍ਰੋਫੈਸਰ ਮਹਿਬੂਬ ਨੇ ਗੁਰੂ ਮਿਹਰ ਨੂੰ ਆਪਣੇ ਧੁਰ ਅੰਦਰ ਘੁਲਦਿਆਂ ਮਹਿਸੂਸ ਕੀਤਾ। ਪਟਿਆਲੇ ਵਿਖੇ ਆਪਣੇ ਜਵਾਨੀ ਦੇ ਮਿੱਤਰਾਂ ਨਾਲ ਭੂਤਵਾੜੇ ਵਿੱਚ ਰਹਿੰਦਿਆਂ ਪ੍ਰੋਫੈਸਰ ਮਹਿਬੂਬ ਨੇ ਚੜਦੀ ਜਵਾਨੀ ਵਿੱਚ ਮਾਰਕਸਵਾਦ ਦਾ ਗਹਿਨ ਅਧਿਐਨ ਕਰਦਿਆਂ ਐਮ ਏ ਪੰਜਾਬੀ ਅਤੇ ਐਮ ਏ ਅੰਗਰੇਜ਼ੀ ਦੀ ਪੜਾਈ ਸੰਪੂਰਨ ਕੀਤੀ। ਇਸ ਉਪਰੰਤ ਪ੍ਰੋਫੈਸਰ ਸਾਹਿਬ ਨੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵਸੇ ਜ਼ਿਲਾ ਹੁਸ਼ਿਆਰਪੁਰ ਦੇ ਰਮਣੀਕ ਕਸਬੇ ਗੜਦੀਵਾਲਾ ਦੇ ਖ਼ਾਲਸਾ ਕਾਲਜ ਵਿੱਚ 1968 ਤੋਂ ਸਤੰਬਰ 1997 ਤੱਕ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜਾਈ ਵਿਲੱਖਣ ਸਾਹਿਤਿਕ ਅੰਦਾਜ਼ ਵਿੱਚ ਕਰਵਾਈ। ਅੰਬਾਂ ਦੀ ਧਰਤ ਦੁਆਬੇ ਦੇ ਕਸਬੇ ਗੜਦੀਵਾਲ ਨੂੰ ਆਪਣਾ ਪੱਕਾ ਟਿਕਾਣਾ ਬਣਾਉਂਦਿਆਂ ਮਹਿਬੂਬ ਸਾਹਿਬ ਨੇ ਇੱਥੇ ਹੀ ਵਿਸ਼ਵ ਪੱਧਰੀ ਸਾਹਿਤ ਦੀ ਰਚਨਾ ਕੀਤੀ। ਮਹਿਬੂਬ ਸਾਹਿਤ ਦੀ ਵਿਲੱਖਣਤਾ ਅਕਾਲ ਫਤਹਿ, ਖਾਲਸ ਕੁਦਰਤ, ਅੰਤਿਮ ਹੈ, ਅੰਤਿਮ ਨਾਂਹ, ਪਹਿਲ ਤਾਜ਼ਗੀ, ਬਾਬਰੀ ਜਲਾਲ, ਬਲੀ ਹਉਮੈਂ, ਦਰਗਾਹ, ਵਿਗਾਸ, ਹੁਕਮ, ਪੈਗੰਬਰੀ ਬਜ਼ੁਰਗੀ, ਸਿੱਖ ਯਾਦ ਵਰਗੇ ਸਵੈ ਸਿਰਜਿਤ ਅਲੰਕਾਰ, ਬਿੰਬ ਅਤੇ ਸ਼ਬਦਾਵਲੀ ਹੈ। ਮਹਿਬੂਬ ਸਾਹਿਤ ਵਿੱਚ ਪਾਠਕ ਸਹਿਜੇ ਹੀ ਦੁਨੀਆਂ ਦੇ ਉੱਤਮ ਸਾਹਿਤ, ਵਿਸ਼ਵ ਧਰਮਾਂ ਅਤੇ ਸਿਧਾਂਤਾਂ ਦੇ ਹਵਾਲੇ ਬਾਲਕਾਂ ਦੀ ਨਿਆਈਂ ਖੇਲਦੇ ਮਹਿਸੂਸ ਕਰ ਸਕਦੇ ਨੇ।

ਨਵੰਬਰ 1972 ਤੋਂ ਮਾਰਚ 1979 ਦੇ ਸਮੇਂ ਦੌਰਾਨ ਸਮਾਧੀ ਰੂਪ ਕੀਤੇ ਗਹਿਨ ਅਧਿਐਨ ਉਪਰੰਤ ਲਿਖੀ ਗਈ ਸੱਤ ਕਿਤਾਬਾਂ ਦੇ ਸੰਗ੍ਰਹਿ ਸਹਿਜੇ ਰਚਿਓ ਖ਼ਾਲਸਾ ਵਿੱਚ ਮਹਿਬੂਬ ਸਾਹਿਬ ਸ਼ਿੱਦਤ ਨਾਲ ਮਹਿਸੂਸ ਕਰਦੇ ਨੇ ਕਿ ਜਦੋਂ ਕੌਮਾਂ ਆਪਣੇ ਜਨਮਦਾਤਾ ਪੈਗੰਬਰਾਂ ਦੇ ਨੇੜੇ ਹੁੰਦੀਆਂ ਹਨ ਤਾਂ ਉਨਾਂ ਦੀ ਫਿਤਰਤ ਵਿੱਚ ਆਪਣੇ ਮਜ਼ਹਬ ਦੀਆਂ ਬਹੁਤ ਤਾਜ਼ਾ ਅਤੇ ਮੌਲਿਕ ਰਮਜ਼ਾਂ ਹੁੰਦੀਆਂ ਹਨ। ਉਨਾਂ ਦੇ ਸੁਪਨਿਆਂ, ਆਸਾਂ ਅਤੇ ਚੜਦੀ ਕਲਾ ਦੀ ਚੇਤਨਾ ਵਿੱਚ ਉਨਾਂ ਦੇ ਜਨਮ ਦਾਤਿਆਂ ਦੇ ਇਸ਼ਾਰੇ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਉਨਾਂ ਦੀ ਕਹਿਣੀ ਅਤੇ ਕਰਨੀ ਵਿੱਚ ਗੁਰੂ ਪੈਗੰਬਰ ਦੀ ਅੱਤ ਨੇੜੇ ਦੀ ਛੋਹ ਹੁੰਦੀ ਹੈ। ਅਜਿਹੇ ਹਾਲਾਤ ਵਿੱਚ ਕੌਮਾਂ ਦੀ ਸਮੂਹਿਕ ਚੇਤਨਾ ਜਰਖੇਜ਼, ਚਮਤਕਾਰੀ ਅਤੇ ਬਰੀਕ ਹੁੰਦੀ ਹੈ। ਉਦੋਂ ਇਹ ਚੇਤਨਾ ਕਿਸੇ ਪ੍ਰਕਾਰ ਦੇ ਵਿਰੋਧ ਵਿਕਾਸ ਦੇ ਅਸੂਲ ਦੀ ਸਰਦਾਰੀ ਕਬੂਲ ਨਹੀਂ



ਕਰਦੀ ਅਤੇ ਇਹ ਹਰ ਕਿਸਮ ਦੇ ਆਰਥਿਕ ਪ੍ਰਭਾਵ ਤੋਂ ਆਜ਼ਾਦ ਹੁੰਦੀ ਹੈ। ਸਮਾਂ ਬੀਤਣ ਨਾਲ ਬਹੁਤ ਸਾਰੇ ਕਾਰਨਾਂ ਅਧੀਨ ਮਜ਼ਹਬਾਂ ਦੀ ਉਪਰੋਕਤ ਪਹਿਲ ਤਾਜ਼ਗੀ ਕਮਜ਼ੋਰ ਪੈਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਇਸ ਦੀ ਤੀਬਰਤਾ ਘਟਦੀ ਹੈ ਤਾਂ ਕੌਮਾਂ ਦੇ ਮਨ ਕਮਜ਼ੋਰ ਹੋ ਜਾਂਦੇ ਹਨ ਅਤੇ ਸਿੱਟੇ ਵਜੋਂ ਇਨਾਂ ਦੀ ਕਹਿਣੀ ਅਤੇ ਕਰਨੀ ਬਾਹਰਲੇ ਹਾਲਾਤ ਦੇ ਅਧੀਨ ਹੋ ਜਾਂਦੀ ਹੈ। ਆਪਣੇ ਪੂਰੇ ਸਾਹਿਤ ਵਿੱਚ ਮਹਿਬੂਬ ਸਾਹਿਬ ਪੁਰਾਤਨ ਸਿੱਖ ਯਾਦ ਦੇ ਰੂਬਰੂ ਰਹਿੰਦਿਆਂ, ਜਿੱਥੇ ਸਿੱਖ ਧਰਮ ਦੀ ਗੁਰੂ ਨਾਨਕ ਸੱਚ ਅਮਲ ਰੱਤੀ ਪਹਿਲ ਤਾਜ਼ਗੀ ਦੇ ਮੁੜ ਆਉਣ ਲਈ ਤੀਬਰਤਾ ਨਾਲ ਬਿਹਬਲ ਨੇ ਉੱਥੇ ਤੱਥ ਪੂਜ ਇਤਿਹਾਸਕਾਰੀ ਦੇ ਕੋਹਜ ਨੂੰ ਨੰਗਿਆਂ ਕਰਦਿਆਂ ਸਹਿਜੇ ਰਚਿਓ ਖਾਲਸਾ ਦੀ ਛੇਵੀਂ ਕਿਤਾਬ ਬਿਪਰ ਸੰਸਕਾਰ ਵਿੱਚ ਸਰਬ ਧਰਮਾਂ ਨੂੰ ਅਛੋਪਲੇ ਜਿਹੇ ਆਪਣੇ ਮਾਰੂ ਵਲਾਂ ਵਿੱਚ ਘੁੱਟ ਰਹੀ ਬਿਪਰ ਸੰਸਕਾਰ ਰੂਪੀ ਸਰਾਲ ਅਤੇ ਇਸ ਦੀ ਚਾਲ ਤੋਂ ਵੀ ਜਾਣੂ ਕਰਵਾ ਰਹੇ ਨੇ। ਅੱਜ ਦੇ ਸਮੇਂ ਵਿੱਚ ਜਦ ਅਖੌਤੀ ਪ੍ਰਚਾਰਕਾਂ ਵੱਲੋਂ ਤੱਥ-ਪੂਜ ਇਤਿਹਾਸਕਾਰਾਂ ਵਾਂਗ ਸਿੱਖ ਯਾਦ ਰਾਹੀਂ ਸਿੱਖ ਮਨਾਂ ਅੰਦਰ ਵਿਚਰ ਵਿੱਚ ਰਹੀ ਕੌਮੀ ਪਹਿਲ ਤਾਜ਼ਗੀ ਨੂੰ ਧੁੰਦਲਾ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ, ਉਸ ਸਮੇਂ ਮਹਿਬੂਬ ਸਾਹਿਤ ਦੀ ਮਹੱਤਤਾ ਹੋਰ ਵੀ ਵਧੀਕ ਸਿੱਦਤ ਨਾਲ ਪ੍ਰਚੰਡ ਹੁੰਦੀ ਭਾਸਦੀ ਹੈ।

ਮਹਿਬੂਬ ਸਾਹਿਬ ਨੇ ਆਪਣੀਆਂ ਲਿਖਤਾਂ ਵਿੱਚ ਜਿੱਥੇ ਵੀ ਕਿਤੇ ਕਿਸੇ ਹੋਰ ਧਰਮ ਜਾਂ ਸਿਧਾਂਤ ਦਾ ਹਵਾਲਾ ਦਿੱਤਾ ਹੈ ਉਸ ਤੋਂ ਪਹਿਲਾਂ ਉਸ ਧਰਮ ਗ੍ਰੰਥ ਜਾਂ ਸਿਧਾਂਤ ਪੁਸਤਕ ਨੂੰ ਮੂਲ ਰੂਪ ਵਿੱਚ ਪੜਿਆ ਅਤੇ ਸਮਾਧੀ ਰੂਪ ਵਿਚਾਰਿਆ ਹੈ। ਮਹਿਬੂਬ ਰਚਿਤ ਸਾਹਿਤ ਅਕਾਦਮੀ ਇਨਾਮ ਪ੍ਰਾਪਤ ਵੱਡਅਕਾਰੀ ਕਾਵਿ ਪੁਸਤਕ ਝਨਾਂ ਦੀ ਰਾਤ ਦਾ ਮੁੱਖ ਬੰਦ ਕਿਸੇ ਵੀ ਸਾਹਿਤ ਦੇ ਵਿਦਿਆਰਥੀ ਲਈ ਦੁਨੀਆਂ ਭਰ ਦੇ ਕਾਵਿ ਸ਼ਾਸਤਰ ਨੂੰ ਸਮਝਣ, ਵਾਚਣ ਅਤੇ ਆਤਮਸਾਤ ਕਰਨ ਲਈ ਪੜਨਾ ਬੇਹੱਦ ਜ਼ਰੂਰੀ ਹੈ। ਇਸ ਨੂੰ ਪੜਨ ਉਪਰੰਤ ਸਾਹਿਤ ਦੇ ਵਿਦਿਆਰਥੀ ਸਹਿਜੇ ਹੀ ਜਾਣ ਸਕਣਗੇ ਕਿ ਕਿਵੇਂ ਇੱਕ ਕਵਿਤਾ ਮਹਾਨ ਕਵਿਤਾ ਦੀ ਪੋਸ਼ਾਕ ਪਹਿਨਕੇ ਅਮਰ ਹੋ ਸਕਦੀ ਹੈ। ਇਸ ਦੇ ਨਾਲ ਹੀ ਇਹ ਵੀ ਆਸਾਨੀ ਨਾਲ ਸਮਝ ਆ ਸਕੇਗਾ ਕਿ ਕਿਵੇਂ ਮਹਿਬੂਬ ਕਾਵਿ ਦੀ ਇੱਕ ਇੱਕ ਪੰਕਤੀ ਅਤੇ ਇੱਕ ਇੱਕ ਸ਼ਬਦ ਦੇ ਪਿੱਛੇ ਦੁਨੀਆਂ ਦੇ ਸਾਹਿਤਕ ਅਤੇ ਧਾਰਮਿਕ ਬਿਰਤਾਂਤ ਅਛਪਲੇ ਹੀ ਛੁਪੇ ਬੈਠੇ ਨੇ। ਇਨਾਂ ਵੱਡ ਅਕਾਰੀ ਅਤੇ ਪਾਰਗਾਮੀ ਅਰਥ ਭਰਪੂਰ ਬਿਰਤਾਂਤਾਂ ਰਾਹੀਂ ਉਨਾਂ ਵੱਲੋਂ ਲਿਖੇ ਗਏ ਲਘੂ ਮਹਾਂਕਾਵਿ ਸ਼ਹੀਦ ਦੀ ਅਰਦਾਸ ਵਿੱਚ ਉਨਾਂ ਨੇ ਸ਼ਹਾਦਤ ਦੇ ਗੁੱਝੇ, ਸਰਬ ਕਾਲਾਂ ਅਤੇ ਸਰਬ ਧਰਮਾਂ ਤੋਂ ਪਾਰ ਅੰਤਲੇ ਰਹੱਸਾਂ ਨੂੰ ਉਜਾਗਰ ਕਰਦਿਆਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਸ਼ਹਾਦਤ ਨੂੰ ਅਸਲੋਂ ਨਵੇਂ ਦ੍ਰਿਸ਼ਟੀਕੋਣ ਰਾਹੀਂ ਵੇਖਦਿਆਂ ਉਸ ਦੀ ਮਹਾਨਤਾ ਦਾ ਪ੍ਰਗਟਾਵਾ ਕੀਤਾ ਹੈ। ਭਾਵੇਂ ਕਿ ਮਹਿਬੂਬ ਸਾਹਿਬ ਨੇ ਸ਼ਹੀਦ ਭਗਤ ਸਿੰਘ ਤੇ ਵੀ ਤਿੰਨ ਕਵਿਤਾਵਾਂ ਲਿਖੀਆਂ ਸਨ ਪ੍ਰੰਤੂ ਇਹ ਲਘੂ ਕਾਵਿ ਦੇ ਹਾਣ ਦੀਆਂ ਨਾ ਹੋ ਸਕੀਆਂ ਅਤੇ 'ਸ਼ਹੀਦੀ ਦੀ ਅਰਦਾਸ' ਦੇ ਸਫ਼ਰ ਦੌਰਾਨ ਕਵੀ ਅਚੇਤ ਹੀ ਭਗਤ ਸਿੰਘ ਬਾਰੇ ਜ਼ਿਕਰ ਕਰਨਾ ਭੁੱਲ ਗਿਆ।

ਮਹਾਂਕਾਵਿ ਇਲਾਹੀ ਨਦਰ ਦੇ ਪੈਂਡੇ ਦੀਆਂ ਚਾਰ ਜਿਲਦਾਂ ਰਾਹੀਂ ਸਿੱਖ ਯਾਦ ਦੇ ਸਨਮੁਖ ਵਿਚਰਦਿਆਂ ਗੁਰੂ ਜੀਵਨ ਨੂੰ ਅਸਲੋਂ ਨਵੇਂ ਕਾਵਿਕ ਆਵੇਸ਼ ਰਾਹੀਂ ਸਿੱਖ ਸੰਗਤਾਂ ਦੇ ਸਨਮੁੱਖ ਰੱਖਣ ਦੇ ਵੱਡ ਅਕਾਰੀ ਕਾਰਜ ਨੂੰ ਅਧੂਰਾ ਛੱਡਦਿਆਂ 14 ਫਰਵਰੀ 2010 ਨੂੰ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਮਹਾਂਕਵੀ ਅਤੇ ਦਰਵੇਸ਼ ਚਿੰਤਕ ਸਾਨੂੰ ਸਦੀਵੀ ਵਿਛੋੜਾ ਦੇ ਗਿਆ, ਪ੍ਰੰਤੂ ਵਿਛੋੜੇ ਤੋਂ ਪਹਿਲਾਂ ਮਹਿਬੂਬ ਸਾਹਿਬ ਇਲਾਹੀ ਨਦਰ ਦੇ ਪੈਂਡੇ ਦੇ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਅੰਗਦ ਸਾਹਿਬ ਨਾਲ ਸਬੰਧਤ ਹਿੱਸੇ ਨੂੰ ਪੂਰਾ ਕਰ ਚੁੱਕੇ ਸਨ। ਮਹਿਬੂਬ ਸਾਹਿਤ ਇੱਕ ਪਾਸੇ ਤਾਂ ਪੰਜਾਬੀ ਕਾਵਿ ਅਤੇ ਸਾਹਿਤ ਨੂੰ ਵਿਸ਼ਵ ਸਾਹਿਤ ਦੇ ਸਨਮੁੱਖ ਇੱਕ ਨਿਆਰੀ ਨੁਹਾਰ ਦੇ ਰੂਪ ਵਿੱਚ ਪੇਸ਼ ਕਰਦਾ ਹੈ ਦੂਸਰੇ ਪਾਸੇ ਸਿੱਖ ਸੰਗਤ ਦੇ ਸਨਮੁੱਖ ਸਿੱਖ ਧਰਮ, ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਗੁਰੂ ਨਾਨਕ ਸੱਚ ਅਮਲ ਦੀ ਪਹਿਲ ਤਾਜ਼ਗੀ ਦੀ ਖੁਸ਼ਬੂ ਬਿਖੇਰਦਾ ਹੋਇਆ, ਬਿਪਰ ਸੰਸਕਾਰ ਦੇ ਲੱਛਣ ਅਤੇ ਕੰਮ ਕਰਨ ਦੇ ਢੰਗ ਦੱਸਦਿਆਂ ਇਸ ਤੋਂ ਬਚਣ ਦੀ ਤਾਕੀਦ ਕਰਦਾ ਹੈ। ਮਹਿਬੂਬ ਸਾਹਿਬ ਸਹਿਜੇ ਰਚਿਓ ਖਾਲਸਾ ਵਿੱਚ ਅੱਜ ਸਿੱਖ ਕੌਮ ਦੇ ਸਨਮੁੱਖ ਮੂੰਹ ਅੱਡ ਖੜੀਆਂ ਵਿਕਰਾਲ ਸਮੱਸਿਆਵਾਂ ਨੂੰ ਭਾਸਦਿਆਂ ਸੁਚੇਤ ਕਰਦੇ ਨੇ ਕਿ ਤੁਸੀਂ ਆਪਣੀ ਰਹਿਤ, ਇਖਲਾਕੀ ਸੁੱਚਤਾ, ਸੂਰਮਗਤੀ ਅਤੇ ਰੂਹਾਨੀਅਤ ਦਾ ਨਿਆਰਾ ਰੂਪ ਦੁਨੀਆਂ ਦੇ ਸਭਨਾਂ ਸੁਆਰਥਾਂ ਤੋਂ ਅਛੋਹ ਅਤੇ ਉਚੇਰਾ ਰੱਖਣਾ। ਖਾਲਸਾ ਜੀਓ ਪੰਥਕ ਅਪਮਾਨ ਨੂੰ ਕਦੇ ਨਾ ਭੁੱਲਣਾ, ਕਿਉਂਕਿ ਅਣਖ ਨੂੰ ਪ੍ਰਚੰਡ ਕੀਤੇ ਬਿਨਾਂ ਅਜਿਹਾ ਨਹੀਂ ਹੋ ਸਕਦਾ। ਅੱਜ ਮਹਿਬੂਬ ਸਾਹਿਬ ਨੂੰ ਉਨਾਂ ਦੀ ਦਸਵੀਂ ਬਰਸੀ ਤੇ ਯਾਦ ਕਰਦਿਆਂ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਮਹਿਬੂਬ ਸਾਹਿਤ ਨੂੰ ਪੜੀਏ ਵਿਚਾਰੀਏ ਅਤੇ ਵਿਸ਼ਵ ਸਾਹਿਤ ਦੇ ਸਨਮੁੱਖ ਮਹਿਬੂਬ ਸਾਹਿਤ ਨੂੰ ਬਣਦਾ ਸਤਿਕਾਰ ਦਿਵਾਉਣ ਲਈ ਹੰਭਲਾ ਮਾਰੀਏ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਸ਼ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਨਿਊਯਾਰਕ ਯੂਨਿਟ ਦਾ ਗਠਨ



**ਨਿਊਯਾਰਕ/ਏ. ਟੀ. ਨਿਊਜ਼:** ਗੁਰਦੁਆਰਾ ਸਾਹਿਬ ਸਿੱਖ ਕਲਚਰ ਸੋਸਾਇਟੀ ਨਿਊਯਾਰਕ ਵਿਖੇ ਸ਼ਰੋਮਣੀ ਅਕਾਲੀ ਦਲ ਅਮ੍ਰਿਤਸਰ ਅਮਰੀਕਾ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ,ਜੋਗਾ ਸਿੰਘ, ਅਵਤਾਰ ਸਿੰਘ, ਇੰਦਰਜੀਤ ਸਿੰਘ, ਭੁਪਿੰਦਰ ਸਿੰਘ, ਤਰਲੋਕ ਸਿੰਘ ਨੇ ਨਿਊਯਾਰਕ ਦੇ ਪਾਰਟੀ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਤੇ ਹੋਰ ਪੰਥਕ ਮੁੱਦਿਆਂ ਪ੍ਰਤੀ ਖੁਲਾ ਵਿਚਾਰ ਵਿਟਾਦਰਾ ਕੀਤਾ ਗਿਆ ਅਮਰੀਕਾ ਵਿਚ ਪਾਰਟੀ 1992 ਤੋ ਚਲਦੀ ਆ ਰਹੀ ਹਰ ਕੰਮ ਪਾਰਟੀ ਦੇ ਕੌਮੀ ਪਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਹੁੰਦਾ ਹੈ ਪਾਰਟੀ ਨੂੰ ਖੋਰਾ ਲਾਉਣ ਵਾਲੀਆਂ ਦਾ ਵੀ ਜਿਕਰ ਕੀਤਾ ਗਿਆ ਇਸ ਤਰਾਂ ਦੇ ਮੋਕਾ ਪਰੱਸਤ ਲੋਕ ਬੁਹਤ ਵਾਰ ਆਏ ਤੇ ਬੁਹਤ ਵਾਰ ਗਏ ਪਰ ਪਾਰਟੀ ਆਪਣੀ ਹਾਥੀ ਚਾਲ ਚਲਦੀ ਆ ਰਹੀ ਹੈ ਕੌਮ ਦੀ ਅਜਾਦੀ ਦਾ ਮੁੱਦਾ ਹਰੇਕ ਪਲੇਟਫਾਰਮ ਲਿਜਾਇਆ ਗਿਆ ਉਹ ਭਾਵੇ ਯੁਨਾਇਟਿਡ ਨੇਸ਼ਨ ,ਯੂ ਐਸ ਕਾਂਗਰਸ, ਸੈਨੇਟ, ਸਟੇਟ ਡਿਪਾਰਟਮੈਂਟ, ਜਾ ਅਮਰੀਕਾ ਦੇ ਬਾਕੀ ਕਮਿਸ਼ਨ ਜਿਹੜੇ ਸਟੇਟ ਡਿਪਾਰਟਮੈਂਟ ਵਲੋ ਮਾਨਤਾ ਪ੍ਰਾਪਤ ਹਨ ,ਬਾਕੀ ਕੌਮੀ ਰੋਸ ਪ੍ਰਦਰਸ਼ਨਾ ਵਿਚ ਆਪਣੇ ਸੀਮਤ ਸਾਧਨਾ ਰਾਹੀ ਲਗਾਤਾਰ ਹਿੱਸਾ ਲੈਂਦੀ ਆ ਰਹੀ ਹੈ ਇਸ ਮੀਟਿੰਗ ਵਿੱਚ ਨਿਊਯਾਰਕ ਯੂਨਿਟ ਦਾ ਗਠਨ ਕਰਨ ਤੋ ਬਾਅਦ ਹੇਠ ਲਿਖੀਆਂ ਨਿਯੁਕਤੀਆਂ ਕੀਤੀਆ ਗਈਆਂ ,ਦਲਵਿੰਦਰ ਸਿੰਘ ਪਰਧਾਨ ਨਿਊਯਾਰਕ ਯੂਨਿਟ, ਨਰਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਜਨਰਲ ਸਕੱਤਰ, ਗੁਰਮੇਜ ਸਿੰਘ ਮੈਬਰ,ਵਰਿੰਦਰ ਸਿੰਘ ਮੈਬਰ, ਲਖਵਿੰਦਰ ਸਿੰਘ ਮੈਬਰ, ਲਵਦੀਪ ਸਿੰਘ ਮੈਬਰ, ਪਰਵਿੰਦਰ ਸਿੰਘ ਮੈਬਰ, ਹਰਨਾਮ ਸਿੰਘ ਮੈਬਰ, ਦਲਜੀਤ ਸਿੰਘ ਮੈਬਰ, ਭਗਵੰਤ ਸਿੰਘ ਮੈਬਰ ,ਇਸ ਤਰਾਂ ਸੁਰਜੀਤ ਸਿੰਘ ਕੁਲਾਰ ਪਰਧਾਨ ਸ਼ਰੋਮਣੀ ਅਕਾਲੀ ਦਲ ਅਮ੍ਰਿਤਸਰ ਅਮਰੀਕਾ ਤੇ ਬੂਟਾ ਸਿੰਘ ਖੜੌਦ ਕਨਵੀਨਰ ਤੇ ਬਾਕੀ ਪਾਰਟੀ ਆਗੂਆਂ ਦੇ ਤੇ ਪੰਜ ਮੈਂਬਰੀ ਕਮੇਟੀ ਦੇ ਸਹਿਯੋਗ ਤੋ ਬਾਅਦ ਗਿਆਰਾਂ ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ ਹੈ ਜਿਹੜੀ ਆਉਣ ਵਾਲੇ ਸਮੇ ਵਿਚ ਪੰਥਕ ਕਾਰਜਾਂ ਵਿਚ ਜੁਟ ਜਾਵੇਗੀ

# ਫਰਿਜ਼ਨੋ ਵਿਖੇ ਹਰਵਿੰਦਰ ਰਿਆੜ ਦੇ ਸੁਆਗਤ ਦੌਰਾਨ ਵਿਸ਼ੇਸ਼ ਪ੍ਰੋਗਰਾਮ

## ਬਾਜ਼ ਟੀ.ਵੀ. ਦਾ ਰਸਮੀ ਉਦਘਾਟਨ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਪੰਜਾਬੀ ਮੀਡੀਏ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੇ ਪੱਤਰਕਾਰ ਹਰਵਿੰਦਰ ਰਿਆੜ ਬੀਤੇ ਦਿਨੀ ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਅਤੇ ਮਾਛੀਕੇ - ਧਾਲੀਆਂ ਮੀਡੀਆ ਗਰੁੱਪ ਦੇ ਸੱਦੇ ਤੇ ਫਰਿਜ਼ਨੋ ਦੇ ਇੰਡੀਆ ਓਵਨ ਰੈਸਟਰੰਟ ਵਿੱਚ ਆਪਣੇ ਚਾਹੁੰਣ ਵਾਲਿਆ ਦੇ ਰੂਬਰੂ ਹੋਏ। ਇਸ ਮੌਕੇ ਵੱਡੀ ਗਿਣਤੀ ਵਿੱਚ ਫਰਿਜ਼ਨੋ ਨਿਵਾਸੀਆਂ ਨੇ ਪਹੁੰਚਕੇ ਆਪਣੇ ਆਪਣੇ ਮਹਿਬੂਬ ਪੱਤਰਕਾਰ ਦੇ ਵਿਚਾਰ ਸੁਣੇ। ਜਿਸ ਦੌਰਾਨ ਹਰਵਿੰਦਰ ਰਿਆੜ ਦੇ ਨਾਲ ਉਹਨਾਂ ਦੇ ਬੇਟੇ ਅਰਜ਼ਨ ਸਿੰਘ ਰਿਆੜ ਅਤੇ ਪਤਨੀ ਅਮਰਜੀਤ ਕੌਰ ਰਿਆੜ ਵੀ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਆਇਆ ਆਖਕੇ ਕੀਤੀ। ਇਸ ਮੌਕੇ ਰਿਆੜ ਪਰਿਵਾਰ ਨੇ ਆਪਣੇ ਬੇਟੇ ਅਰਜ਼ਨ ਰਿਆੜ ਦੇ ਨਵੇਂ ਮੀਡੀਆ ਹਾਊਸ ਦੇ ਪੰਜਾਬੀ ਚੈਂਨਲ 'ਬਾਜ਼' ਦਾ ਰਸਮੀਂ ਉਦਘਾਟਨ ਕੀਤਾ। ਇਸ ਸਮੇਂ ਬੋਲਣ ਵਾਲੇ ਬੁਲਾਰਿਆਂ ਨੇ ਰਿਆੜ ਪਰਿਵਾਰ ਨੂੰ ਨਵੇਂ ਪੰਜਾਬੀ ਚੈਂਨਲ ਲਈ ਵਧਾਈਆ ਦਿੱਤੀਆਂ ਅਤੇ ਹਰ ਪ੍ਰਕਾਰ ਦੇ ਸਹਿਯੋਗ ਲਈ ਵਚਨ-ਬੱਧਤਾ ਪ੍ਰਗਟਾਈ। ਬੁਲਾਰਿਆਂ ਨੇ ਪਿਛਲੇ ਡੇਢ ਦਹਾਕੇ ਦੌਰਾਨ ਪੰਜਾਬੀ ਮੀਡੀਏ ਦੁਆਰਾ ਪੁੱਟੀਆਂ ਸ਼ਾਨਦਾਰ ਪੁਲਾਂਘਾ ਦੀ ਸਿਫ਼ਤ ਕੀਤੀ 'ਤੇ ਹਰਵਿੰਦਰ ਰਿਆੜ ਨੂੰ ਪੰਜਾਬੀ ਪੱਤਰਕਾਰੀ ਦਾ ਮੀਲ ਪੱਥਰ ਗਰਦਾਨਿਆਂ। ਬੀਤੇ ਤੇਰਾਂ ਸਾਲਾਂ ਤੋਂ 'ਪੰਜਾਬੀ ਰਾਈਟਰ ਵੀਕਲੀ' ਅਖਬਾਰ ਅਤੇ 'ਮੁੱਦਾ ਪ੍ਰੋਗਰਾਮ' ਜ਼ਰੀਏ ਪੰਜਾਬੀਆਂ ਦੀ ਅਵਾਜ਼ ਬਣਕੇ ਗੜਕਣ ਵਾਲਾ ਸੱਚਾ ਸੁੱਚਾ ਪੱਤਰਕਾਰ ਦੱਸਿਆ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਸ. ਸੁਰਿੰਦਰ ਸਿੰਘ ਨਿੱਝਰ, ਮਹਿੰਦਰ ਸਿੰਘ ਸੰਧਾਵਾਲ਼ੀਆ, ਸੁਖਬੀਰ ਭੰਡਾਲ, ਅੰਮ੍ਰਿਤਪਾਲ ਸਿੰਘ ਨਿੱਝਰ, ਗੀਤਕਾਰ ਮਲਕੀਤ ਮੀਤ, ਸ. ਗੁਰਦੀਪ ਸਿੰਘ ਅਣਖੀ, ਗੁਰਦੀਪ ਸ਼ੇਰਗਿੱਲ, ਦਿਲਾਵਰ ਚਾਹਲ, ਡਾ. ਮਲਕੀਤ ਸਿੰਘ ਕਿੰਗਰਾ, ਸੁਖਦੇਵ ਸਿੰਘ ਸਿੱਧੂ, ਡਾ. ਅਰਜ਼ਨ ਸਿੰਘ ਜੋਸ਼ਨ ਅਤੇ ਸਾਧੂ ਸਿੰਘ ਸੰਘਾ ਆਦਿ ਦੇ ਨਾਮ ਜਿਕਰਯੋਗ ਹਨ। ਇਸ ਮੌਕੇ ਪੱਤਰਕਾਰ ਹਰਵਿੰਦਰ ਰਿਆੜ ਨੇ ਕਿਹਾ ਕਿ ਮੈਂ ਜਲਦ 'ਬਾਜ਼' ਟੀ.ਵੀ. ਜ਼ਰੀਏ ਕਚਹਿਰੀ ਪ੍ਰੋਗ੍ਰਾਮ ਨਾਲ ਤੁਹਾਡੇ ਸਨਮੁਖ ਹੋਵਾਂਗਾ। ਉਹਨਾਂ ਕਿਹਾ ਕਿ ਪੱਤਰਕਾਰਤਾ ਇਹ ਨਹੀਂ ਹੁੰਦੀ ਕਿ ਸਿਰਫ ਕਿਸੇ ਦੀ ਖੁਸ਼ਾਮਦੀਦ ਕਰਕੇ ਲੋਕਾਂ ਨੂੰ ਖੁਸ਼ ਕੀਤਾ ਜਾਵੇ, ਸਗੋਂ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਿਆ ਸੱਚ ਲੋਕ ਕਚਹਿਰੀ ਵਿੱਚ ਲਿਆਉਣ ਨੂੰ ਪੱਤਰਕਾਰੀ ਕਹਿੰਦੇ ਨੇ। ਉਹਨਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਉਹ ਹਮੇਸ਼ਾਂ ਦੀ ਤਰਾਂ ਪੀਲੀ ਪੱਤਰਕਾਰੀ ਤੋਂ ਹਟਕੇ ਲੋਕ ਮੁੱਦਿਆਂ ਤੇ ਦ੍ਰਿੜਤਾ ਨਾਲ ਪਹਿਰਾ ਦਿੰਦੇ ਰਹਿਣਗੇ। ਇਸ ਮੌਕੇ ਲੋਕਾਂ ਨੇ ਉਹਨਾਂ ਨੂੰ ਜੋਤਸ਼ੀਆਂ ਵਗੈਰਾ ਦੀਆਂ ਮਸ਼ਹੂਰੀਆਂ ਆਪਣੇ ਚੈਨਲ ਤੇ ਪ੍ਰਮੋਟ ਨਾਂ ਕਰਨ ਦੀ ਸਲਾਹ ਦਿੱਤੀ।

# ਨਕੋਦਰ ਦੇ ਸ਼ਹੀਦਾਂ ਦੀ 34ਵੀਂ ਸ਼ਹੀਦੀ ਵਰ੍ਹੇਗੰਢ ਸ਼ਰਧਾ ਤੇ ਸਤਿਕਾਰ ਨਾਲ ਮਨਾਈ

**ਮਿਲਪੀਟਸ/ ਏ. ਟੀ. ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦਾਂ ਦੀ 34ਵੀਂ ਸ਼ਹੀਦੀ ਵਰੇਗੰਢ ਮੌਕੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਵਿੱਚ ਸ਼ਹਾਦਤਾਂ ਪ੍ਰਾਪਤ ਕਰਨ ਵਾਲੇ ਸੂਰ-ਬੀਰਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ, ਭਾਈ ਝਿਲਮਣ ਸਿੰਘ ਗੋਰਸੀਆਂ ਅਤੇ ਭਾਈ ਹਰਮਿੰਦਰ ਸਿੰਘ ਚਲੂਪਰ ਨੂੰ ਸਿਜਦਾ ਕਰਦੇ ਹੋਏ ਬੀਬੀ ਨਵਕਿਰਨ ਕੌਰ ਖਾਲੜਾ ਸਪੁੱਤਰੀ ਭਾਈ ਜਸਵੰਤ ਸਿੰਘ ਜੀ ਖਾਲੜਾ ਨੇ ਅਮਰੀਕਾ ਦੀਆਂ ਸਿੱਖ ਸੰਗਤਾਂ ਤੇ ਵਿਦਿਆਰਥੀ ਜਥੇਬੰਦੀਆਂ ਤੋਂ ਅਮਰੀਕਨ ਕਾਂਗਰਸ ਮੈਂਬਰਾਂ ਨੂੰ ਮਿਲਕੇ ਸਾਕਾ ਨਕੋਦਰ ਦੀ ਬੇਇਨਸਾਫ਼ੀ ਬਾਰੇ ਯਾਦ ਪੱਤਰ ਦਿੱਤੇ ਜਾਣ ਦੀ ਮੁਹਿੰਮ ਉਲੀਕਣ ਦਾ ਸੰਕਲਪ ਲਿਆ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ 'AGPC' ਅਮਰੀਕਨ ਗੁਰਦੁਆਰਾ ਪ੍ਰੰਬਧਕ ਕਮੇਟੀ ਵੱਲੋਂ ਵਾਅਦਾ ਕੀਤੀ ਗਿਆ ਕਿ ਸਿੱਖ ਕਾਕਸ ਅਮਰੀਕਨ ਕਾਂਗਰਸ ਦੇ ਆਉਣ




ਵਾਲੇ ਸ਼ੈਸ਼ਨ ਵਿੱਚ ਸਾਕਾ ਨਕੋਦਰ ਦੀ ਬੇਇਨਸਾਫ਼ੀ ਦੀ ਕਹਾਣੀ ਇੱਕ ਕੇਸ ਸਟੱਡੀ ਦੇ ਰੂਪ ਵਿੱਚ ਰੱਖੇਗਾ, ਉਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਵਾਅਦਾ ਨਿਭਾ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਦਾ ਦੂਸਰਾ ਭਾਗ ਜਨਤਕ ਕਰਨ ਅਤੇ ਰਿਪੋਰਟ ਨੂੰ ਆਉਂਦੇ ਵਿਧਾਨ ਸਭਾ ਸੈਸ਼ਨ ਵਿਚ ਪੇਸ਼ ਕਰਕੇ ਬਹਿਸ ਕਰਵਾਉਣ ਐਕਸ਼ਨ ਰਿਪੋਰਟ ਰੱਖਣ ਤੇ ਸਪੈਸ਼ਲ ਸੈੱਟ ਟੀਮ ਬਣਾ ਕੈ ਬੇਗੁਨਾਹ ਨੌਜਵਾਨਾਂ ਦੈ ਕਾਤਲਾਂ ਤੇ ਮੁਕੱਦਮੇ ਦਰਜ਼ ਕਰਵਾਕੇ ਪੀੜਤ ਪ੍ਰੀਵਾਰਾਂ ਨੂੰ ਇਨਸਾਫ ਦੇਣ ਦੀ ਮੰਗ ਵੀ ਕੀਤੀ।

ਸ਼ਹੀਦ ਭਾਈ ਰਵਿੰਦਰ ਸਿੰਘ ਦੇ ਭਰਾ ਡਾਕਟਰ ਹਰਿੰਦਰ ਸਿੰਘ (ਸਟੈਨਫੋਰਡ ਯੂਨੀਵਰਸਿਟੀ) ਵਲੋਂ ਸੰਗਤਾਂ ਨਾਲ ਸਾਕਾ ਨਕੋਦਰ ਦੇ ਪਿਛਲੇ 34 ਸਾਲ ਦੇ ਇਤਿਹਾਸ ਦੀ ਸੰਗਤਾਂ ਨਾਲ ਸਾਂਝ ਪਾਈ ਗਈ।

# ਸਰਹੱਦੋਂ ਪਾਰ ਸਿੱਖ ਵਿਰਾਸਤ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਸਿੱਖ ਵਿਰਾਸਤ ਤੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ। ਲੇਕਿਨ ਸਰਹੱਦ ਪਾਰ ਤੋਂ ਸਿੱਖ ਵਿਰਾਸਤ ਸਬੰਧੀ ਡਾ. ਦਲਵੀਰ ਸਿੰਘ ਪੰਨੂੰ ਦੀ ਪੁਸਤਕ ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼ ਇਹਨੀਂ ਦਿਨੀਂ ਬੜੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਡਾ. ਪੰਨੂ ਨੇ ਬੜੀ ਮਿਹਨਤ ਨਾਲ ਜ਼ਮੀਨੀ ਪੱਧਰ ਤੇ ਕੰਮ ਕਰਕੇ ਇਹ ਪੁਸਤਕ ਹੋਂਦ ਵਿੱਚ ਲਿਆਂਦੀ । ਇਸ ਪੁਸਤਕ ਵਿੱਚ ਡਾਕਟਰ ਪੰਨੂ ਨੇ ਜਿਹੜੀਆਂ ਸਿੱਖ ਵਿਰਾਸਤ ਨਾਲ ਸਬੰਧੀ ਇਮਾਰਤਾਂ ਪਾਕਿਸਤਾਨ ਵਿੱਚ ਰਹਿ ਗਈਆ ਸਨ, ਸਬੰਧੀ ਵਿਸਥਾਰ ਪੂਰਵਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਡਾਕਟਰ ਪੰਨੂ ਨੇ ਹਰ ਇਮਾਰਤ ਦਾ ਵੇਰਵਾ ਤੱਥਾਂ ਦੇ ਅਧਾਰਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਡਾਕਟਰ ਪੰਨੂ ਦੀ ਇਸ ਪੁਸਤਕ ਨੂੰ ਜਿੱਥੇ ਪਾਕਿਸਤਾਨ ਵਿੱਚ ਬੇਸ਼ੁਮਾਰ ਹੁੰਗਾਰਾ ਮਿਲਿਆ, ਓਥੇ ਪੰਜਾਬ ਅਤੇ ਆਲ ਓਵਰ ਵਰਲਡ ਵਿੱਚ ਸਿੱਖ ਸੰਗਤ ਨੇ ਇਸ ਕਿਤਾਬ ਨੂੰ ਬਹੁਤ ਮਾਣ ਇੱਜਤ ਬਖ਼ਸ਼ਿਆ । ਲੰਘੇ ਐਂਤਵਾਰ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਵਿਖੇ ਵਿੱਖੇ ਇਸ ਪੁਸਤਕ ਸਬੰਧੀ ਗੋਸ਼ਟੀ ਹੋਈ। ਇਸ ਮੌਕੇ ਡਾਕਟਰ ਪੰਨੂ ਨੇ ਸੰਗਤਾਂ ਨਾਲ ਇਹ ਪੁਸਤਕ ਕਿਵੇਂ ਅਤੇ ਕਿਉਂ ਹੋਂਦ ਵਿੱਚ ਆਈ ਸਬੰਧੀ ਲੰਮੀ ਚੌੜੀ ਗੱਲ ਬਾਤ ਕੀਤੀ ।ਇਸ ਸਬੰਧੀ ਉਹਨਾਂ ਪੁਸਤਕ ਸਬੰਧੀ ਸੰਗਤ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਅਤੇ ਉਹਨਾਂ ਸਿੱਖ ਜਥੇਬੰਦੀਆਂ ਅਤੇ ਧਾਰਮਿਕ ਜਥੇਬੰਦੀਆਂ ਤੋਂ ਕਿਤਾਬ ਨੂੰ ਪ੍ਰੋਟ ਕਰਨ ਲਈ ਸਹਿਯੋਗ ਦੀ ਮੰਗ ਵੀ ਕੀਤੀ।

# 12 ਸਾਲਾਂ ਵਿਚ 358 ਅਣਪਛਾਤੀਆਂ ਲਾਸ਼ਾਂ ਦਾ ਸਸਕਾਰ ਕਰਨ ਵਾਲਾ ਗੁਰਸੇਵਕ ਸਿੰਘ

**ਮੋਗਾ/ ਏ.ਟੀ.ਨਿਊਜ਼:** ਗੁਰਸੇਵਕ ਸਿੰਘ ਸੰਨਿਆਸੀ ਜਿਹੜੇ ਚੜਦੇ ਪੰਜਾਬ ਦੇ ਮੋਗਾ ਸ਼ਹਿਰ ਵਿਚ ਡੈਂਟਿੰਗ-ਪੇਂਟਿੰਗ ਦਾ ਕਿੱਤਾ ਕਰਦੇ ਹਨ। ਪਿਛਲੇ 12 ਸਾਲਾਂ ਦੌਰਾਨ 358 ਅਣਪਛਾਤੀਆਂ ਲਾਸ਼ਾਂ ਦਾ ਸਸਕਾਰ ਕਰ ਚੁੱਕੇ ਹਨ। ਜਿਹੜਾ ਕਾਰਜ 2007 ਵਿਚ ਗੁਰਸੇਵਕ ਸਿੰਘ ਨੇ ਇਕੱਲਿਆਂ ਸ਼ੁਰੂ ਕੀਤਾ ਸੀ, ਅੱਜ ਉਸ ਦੇ ਕਾਫ਼ਲੇ ਵਿਚ 150 ਸਰਗਰਮ ਵਲੰਟੀਅਰਾਂ ਦੀ ਟੀਮ, ਦੋ ਐਂਬੂਲੈਂਸ ਤੇ ਮ੍ਰਿਤਕਾਂ ਨੂੰ ਲਿਜਾਣ ਵਾਲੀ ਇੱਕ ਵੈਨ ਹੈ। ਇਹ ਟੀਮ ਕੇਵਲ ਅਣਪਛਾਤੀਆਂ ਲਾਸ਼ਾਂ ਦਾ ਹੀ ਸਸਕਾਰ ਨਹੀਂ ਕਰਦੀ ਸਗੋਂ ਦੇਸ ਦੇ ਵੱਖ-ਵੱਖ ਹਿੱਸਿਆਂ ਵਿਚ ਆਉਣ ਵਾਲੀ ਕਿਸੇ ਵੀ ਕੁਦਰਤੀ ਆਫ਼ਤ ਸਮੇਂ ਪੀੜਤ ਲੋਕਾਂ ਦੀ ਸੰਭਾਲ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਗੁਰਸੇਵਕ ਸਿੰਘ ਨੇ ਕਿਹਾ ਕਿ "ਅਸੀਂ ਪਿਛਲੇ 12 ਸਾਲਾਂ ਦੌਰਾਨ 358 ਅਣਪਛਾਤੀਆਂ ਲਾਸ਼ਾਂ ਦਾ ਸਸਕਾਰ ਕਰ ਚੁੱਕੇ ਹਾਂ। "ਲਾਸ਼ ਦੀ ਸ਼ਨਾਖ਼ਤ ਲਈ ਅਸੀਂ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਾਂ। ਫ਼ੋਟੋ, ਕੱਪੜਿਆਂ ਦੇ ਰੰਗ ਤੇ ਬਣਤਰ ਤੋਂ ਇਲਾਵਾ ਲਾਸ਼ ਮਿਲਣ ਵਾਲੀ ਥਾਂ ਦਾ ਜ਼ਿਕਰ ਕਰਦੇ ਹਾਂ ਤਾਂ ਕਿ ਲਾਸ਼ ਦੀ ਸ਼ਨਾਖ਼ਤ ਸੌਖੀ ਹੋ ਸਕੇ।" ਗੁਰਸੇਵਕ ਸਿੰਘ ਨੇ ਦੱਸਿਆ ਕਿ ਅਣਪਛਾਤੀਆਂ ਲਾਸ਼ਾ ਜਾਂ ਤਾਂ ਨਹਿਰਾਂ ਵਿਚੋਂ ਮਿਲਦੀਆਂ ਹਨ ਤੇ ਜਾਂ ਫਿਰ ਰੇਲਵੇ ਲਾਈਨ ਤੋਂ। ਲਾਸ਼ਾਂ ਦਾ ਅੰਤਮ ਸਸਕਾਰ ਬਾਕਾਇਦਾ ਤੌਰ 'ਤੇ ਧਾਰਮਿਕ ਰਸਮਾਂ ਨਾਲ ਕਰਨ ਤੋਂ ਇਲਾਵਾ ਇਹ ਟੀਮ ਮ੍ਰਿਤਕਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਦੀ ਹੈ। ਇਸ ਟੀਮ ਕੋਲ ਹਰ ਲਾਸ਼ ਦਾ ਰਿਕਾਰਡ ਮੌਜੂਦ ਹੈ। ਰਿਕਾਰਡ ਮੁਤਾਬਿਕ ਕੇਵਲ ਅਣਪਛਾਤੀਆਂ ਲਾਸ਼ਾਂ ਦੀ ਸੰਭਾਲ ਹੀ ਨਹੀਂ ਕੀਤੀ ਗਈ ਸਗੋਂ ਵੱਖ-ਵੱਖ ਸੜਕ ਤੇ ਰੇਲ ਹਾਦਸਿਆਂ ਵਿੱਚ ਜ਼ਖ਼ਮੀ ਹੋਣ ਵਾਲੇ ਲੋਕਾਂ ਨੂੰ ਬਚਾਇਆ ਵੀ ਗਿਆ ਹੈ। ਉਹ ਦੱਸਦੇ ਹਨ ਕਿ ਅਸੀਂ ਇਸ ਬਾਰੇ ਆਪਣੀ ਜੇਬ ਵਿਚੋ ਖਰਚ ਕਰਦੇ ਆਂ ਤੇ ਬਾਕੀ ਸੰਗਤ ਵੀ ਸਹਿਯੋਗ ਕਰ ਰਹੀ ਹੈ। ਪੈਸੇ ਦੀ ਅਹਿਮੀਅਤ ਨਹੀਂ ਹੈ। ਸਵਾਲ ਇਨਸਾਨੀਅਤ ਦਾ ਹੈ।

"ਸਾਡੀ ਟੀਮ ਲਈ ਟੈਲੀਫ਼ੋਨ ਦੀ ਹਰ ਘੰਟੀ ਅਤਿ ਮਹੱਤਵਪੂਰਨ ਹੈ। ਘੰਟੀ ਖੜਕਦੇ ਹੀ ਅਸੀਂ ਆਪਣੇ ਸਾਰੇ ਕੰਮ ਛੱਡ ਕੇ ਘਟਨਾ ਵਾਲੇ ਸਥਾਨ ਵੱਲ ਕੂਚ ਕਰਦੇ ਹਾਂ ਤੇ ਇੱਕ-ਇੱਕ ਮਨੁੱਖੀ ਜਾਨ ਬੁਚਾਉਣ ਲਈ ਕੰਮ ਸ਼ੁਰੂ ਕਰ ਦਿੰਦੇ ਹਾਂ।"

ਉਹ ਆਪਣੀ ਟੀਮ ਨਾਲ ਪੰਜਾਬ ਤੋਂ ਇਲਾਵਾ ਉੱਤਰਾਖੰਡ, ਜੰਮੂ-ਕਸ਼ਮੀਰ, ਬਿਹਾਰ ਤੇ ਗੁਜਰਾਤ ਵਿਚ ਹੜਾਂ ਸਮੇਂ ਮਰਨ ਵਾਲਿਆਂ ਦੀ ਲਾਸ਼ਾਂ ਨੂੰ ਸੰਭਾਲਣ ਦੀ ਸੇਵਾ ਨਿਭਾਅ ਚੁੱਕੇ ਹਨ। "ਨਹਿਰਾਂ ਵਿਚੋਂ ਮਿਲਣ ਵਾਲੀਆਂ ਕੁਝ ਕੁ ਲਾਸ਼ਾਂ ਬਹੁਤ ਜ਼ਿਆਦਾ ਗਲੀਆਂ-ਸੜੀਆਂ ਹੁੰਦੀਆਂ ਹਨ। ਅਜਿਹੀਆਂ ਲਾਸ਼ ਨੂੰ ਸੰਭਾਲਣ ਸਮੇਂ ਸਾਡੇ ਕੁਝ ਵਲੰਟੀਅਰ ਬਿਮਾਰ ਵੀ ਹੋ ਜਾਂਦੇ ਹਨ ਪਰ ਸੇਵਾ ਦੇ ਜਜ਼ਬੇ ਅੱਗੇ ਅਸੀਂ ਬਿਮਾਰੀ ਨੂੰ ਕੁਝ ਵੀ ਨਹੀਂ ਸਮਝਦੇ।"

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਧਾਰਮਿਕ ਤੇ ਸੱਭਿਆਚਾਰਕ ਸਹਿਹੋਂਦ ਦਾ ਵੀ ਰੌਸ਼ਨ ਮੁਨਾਰਾ ਕਰਤਾਰਪੁਰ

- ਤਲਵਿੰਦਰ ਸਿੰਘ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੰਸਾਰੀ ਜਾਮੇ 'ਚ ਮਨੁੱਖਤਾ ਨੂੰ ਆਤਮਿਕ ਅਤੇ ਸਰੀਰਕ ਬਹੁਪ੍ਰਕਾਰੀ ਬੰਧਨਾਂ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਦਾ ਦੈਵੀ ਕਾਰਜ ਲੈ ਕੇ ਆਏ ਸਨ। ਗੁਰੂ ਸਾਹਿਬ ਨੇ ਮਨੁੱਖਤਾ ਦੇ ਜਿਊਣ ਲਈ ਨਿਵੇਕਲਾ ਜੀਵਨ ਦ੍ਰਿਸ਼ਟੀਕੋਣ ਦਿੱਤਾ। ਗੁਰੂ ਸਾਹਿਬ ਨੇ ਚਾਰ ਉਦਾਸੀਆਂ ਦੇ ਰੂਪ ਵਿਚ 30 ਮੁਲਕਾਂ ਵਿਚ 48 ਹਜ਼ਾਰ ਮੀਲ ਪੈਦਲ ਸਫ਼ਰ ਕਰਕੇ ਮਰ ਚੁੱਕੀ ਮਨੁੱਖਤਾ ਨੂੰ ਜਗਾਇਆ। ਵੱਖ-ਵੱਖ ਅਕੀਦਿਆਂ ਨੂੰ ਅੱਖੀਂ ਵੇਖਿਆ, ਉਨਾਂ ਨਾਲ ਸੰਵਾਦ ਰਚਾਇਆ ਅਤੇ ਅਖ਼ੀਰ ਵਿਚ ਕਰਤਾਰਪੁਰ ਸਾਹਿਬ ਦੀ ਸਥਾਪਨਾ ਕਰਕੇ ਇਕ ਆਦਰਸ਼ਕ ਸਮਾਜ ਦੀ ਨੀਂਹ ਰੱਖੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ
ਬੈਠਿ ਕੀਆ ਅਵਤਾਰਾ। (ਵਾਰ 1, ਪਉੜੀ 38)

ਕਰਤਾਰਪੁਰ ਦਾ ਵਸਾਉਣਾ : ਇਤਿਹਾਸਕਾਰਾਂ ਅਨੁਸਾਰ, 'ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਤੋਂ ਬਾਅਦ ਹੀ ਨਿਰਣਾ ਕਰ ਲਿਆ ਸੀ ਕਿ ਜੀਵਨ ਦੇ ਜਿਸ ਆਦਰਸ਼ਕ ਰਾਹ ਦਾ ਉਹ ਪ੍ਰਚਾਰ ਕਰਨ ਆਏ ਹਨ, ਉਸ ਨੂੰ ਅਮਲੀ ਜਾਮਾ ਦੇਣ ਲਈ ਕੋਈ ਨਾ ਕੋਈ ਥਾਂ ਕਾਇਮ ਕਰਨੀ ਜ਼ਰੂਰੀ ਹੈ। ਰਾਇ ਭੋਇ ਦੀ ਤਲਵੰਡੀ ਇਕ ਪਾਸੇ ਰਹਿ ਜਾਂਦੀ ਸੀ। ਗੁਰੂ ਜੀ ਨੇ ਫ਼ੈਸਲਾ ਕੀਤਾ ਕਿ ਜੇਕਰ ਰਾਵੀ, ਚਨਾਬ ਤੇ ਪਹਾੜੀ ਇਲਾਕਿਆਂ ਨੇੜੇ ਕੋਈ ਥਾਂ ਚੁਣ ਲਈ ਜਾਵੇ ਤਾਂ ਠੀਕ ਰਹੇਗਾ। ਬਾਬਰ ਬੇਸ਼ੱਕ ਐਮਨਾਬਾਦ ਤੋਂ ਵਾਪਸ ਚਲਾ ਗਿਆ ਸੀ ਪਰ ਉਸ ਦੇ ਹੋਰ ਹਮਲਿਆਂ ਦਾ ਖ਼ਦਸ਼ਾ ਅਜੇ ਖ਼ਤਮ ਨਹੀਂ ਹੋਇਆ ਸੀ। ਇਸ ਕਰਕੇ ਜਰਨੈਲੀ ਸੜਕ 'ਤੇ ਕਿਤੇ ਵੀ ਕੋਈ ਅਸਥਾਨ ਦਾ ਨਿਰਮਾਣ ਕਰਨਾ ਜੁਗ-ਗਰਦੀ ਦੇ ਜ਼ਮਾਨੇ ਸਮੇਂ ਠੀਕ ਨਹੀਂ ਸੀ। ਦੁਨਿਆਵੀ ਤੇ ਅਗੰਮੀ ਦ੍ਰਿਸ਼ਟੀ ਤੋਂ ਸਾਰਾ ਕੁਝ ਸੋਚ-ਵਿਚਾਰਨ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਦਾ ਸਾਰਾ ਹੀ ਇਲਾਕਾ ਦੱਬਿਆ ਤੇ ਪੱਛੜਿਆ ਹੋਣ ਕਾਰਨ ਆਪਣੇ ਆਦਰਸ਼ਾਂ ਦੇ ਸਮਾਜ ਦੀ ਸਿਰਜਣਾ ਵਾਲਾ ਨਗਰ ਵਸਾਉਣ ਲਈ ਢੁਕਵਾਂ ਜਾਣਿਆ। ਇਸ ਇਲਾਕੇ ਦੀ ਨਿਸ਼ਾਨਦੇਹੀ ਗੁਰੂ ਸਾਹਿਬ ਦੂਜੀ ਉਦਾਸੀ ਸਮੇਂ ਕਰ ਗਏ ਸਨ ਅਤੇ ਤੀਜੀ ਉਦਾਸੀ ਤੋਂ ਬਾਅਦ ਉਨਾਂ ਨਗਰ ਵਸਾਉਣ ਦਾ ਫ਼ੈਸਲਾ ਕਰ ਲਿਆ।'

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਸਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਭਾਈ ਅਜਿਤਾ ਰੰਧਾਵਾ ਨਾਲ ਸਾਂਝਾ ਕੀਤਾ। ਕਰਤਾਰਪੁਰ ਦਾ ਵਸਣਾ ਸੁਣ ਕੇ ਕੱਟੜ ਖਿਆਲੀਏ ਮੁਸਲਮਾਨਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕਰਤਾਰਪੁਰ ਦੀ ਜ਼ਮੀਨ ਕਲਾਨੌਰ ਦੇ ਪਰਗਨੇ ਵਿਚ ਪੈਂਦੀ ਸੀ। ਪਹਿਲਾਂ ਤਾਂ ਕਲਾਨੌਰ ਦੇ ਚੌਧਰੀ ਕਰੋੜੀ ਮੱਲ ਨੇ ਇਸ ਦੀ ਵਿਰੋਧਤਾ ਦਾ ਬੀੜਾ ਚੁੱਕ ਲਿਆ ਪਰ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਰੱਬੀ ਚੋਜ ਵੇਖ ਕੇ ਆਪ ਵੀ ਉਥੋਂ ਦਾ ਹੀ ਹੋ ਗਿਆ। ਇਸ ਤਰਾਂ ਕਰਤਾਰਪੁਰ ਵਸਾਉਣ 'ਚ ਅਜਿਤਾ ਜੀ ਨੇ ਮੁਢਲਾ ਉੱਦਮ ਕੀਤਾ ਅਤੇ ਬਾਅਦ 'ਚ ਦੋਦਾ ਜੀ ਤੇ ਕਰੋੜੀ ਮੱਲ ਨੇ ਵੀ ਆਪਣਾ ਯੋਗਦਾਨ ਪਾਇਆ।

ਭਾਈ ਕਾਨ ਸਿੰਘ ਨਾਭਾ ਦੀ ਰਚਨਾ 'ਮਹਾਨ ਕੋਸ਼' ਅਨੁਸਾਰ, 'ਜ਼ਿਲਾ ਗੁਰਦਾਸਪੁਰ, ਤਹਿਸੀਲ ਸ਼ਕਰਗੜ ਵਿਚ ਗੁਰੂ ਨਾਨਕ ਦੇਵ ਦਾ ਸੰਮਤ 1561 ਵਿਚ ਵਸਾਇਆ ਇਕ ਨਗਰ, ਜਿਸ ਥਾਂ ਦੇਸ਼-ਦੇਸ਼ਾਂਤਰਾਂ ਵਿਚ ਸਿੱਖ ਧਰਮ ਦਾ ਉਪਦੇਸ਼ ਕਰਨ ਪਿੱਛੋਂ ਜਗਤ ਗੁਰੂ ਨੇ ਸੰਮਤ 1579 ਵਿਚ ਰਿਹਾਇਸ਼ ਕੀਤੀ।' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਤੋਂ ਬਾਅਦ 1522 ਈਸਵੀ 'ਚ ਕਰਤਾਰਪੁਰ ਸਾਹਿਬ ਆ ਕੇ ਪੱਕਾ ਵਾਸਾ ਕੀਤਾ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਰਾਇ ਭੋਇ ਦੀ ਤਲਵੰਡੀ ਦੀ ਬਹੁਤੀ ਵਸੋਂ ਕਰਤਾਰਪੁਰ ਹੀ ਆ ਗਈ ਸੀ। ਇਕ ਅੰਦਾਜ਼ੇ ਮੁਤਾਬਕ ਕਰਤਾਰਪੁਰ ਦੀ ਵਸੋਂ ਵੀਹ ਹਜ਼ਾਰ ਹੋ ਗਈ।

ਕਰਤਾਰਪੁਰ ਦੀ ਰੋਜ਼ਾਨਾ ਮਰਯਾਦਾ : ਗੁਰੂ ਸਾਹਿਬ ਨੇ ਇਥੇ ਚਾਰੇ ਵਰਨਾਂ ਦੇ ਲੋਕਾਂ ਲਈ ਇਕੋ ਧਰਮਸ਼ਾਲ ਬਣਾਈ। ਚਾਰੇ ਪਾਸੇ ਤੋਂ ਕਰਤਾਰਪੁਰ ਲੋਕਾਂ ਦਾ ਪੁੱਜਣਾ ਸੁਖਾਲਾ ਹੋ ਗਿਆ। ਸਭ ਸਿੱਖ ਇਥੇ ਹੀ ਆ ਵਸੇ। ਭਾਈ ਬਲਵੰਡ ਜੀ ਵੀ ਆ ਗਏ ਅਤੇ ਰੋਜ਼ ਕੀਰਤਨ ਹੁੰਦਾ। ਸਾਰੇ ਪਾਸੇ ਖ਼ੁਸ਼ਬੂ ਫੈਲ ਗਈ। ਨਵੇਂ ਸ਼ਹਿਰ ਨੂੰ ਕਰਤਾਰਪੁਰ ਨਾਂਅ ਦੇਣਾ ਵੀ 'ਆਪਾ ਭਾਵ ਮਿਟਾਉਣਾ' ਦਰਸਾਉਂਦਾ ਹੈ। ਕਰਤਾਰਪੁਰ ਵਿਚ ਟਿਕ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਿਰਾਕਾਰ ਅਕਾਲ ਪੁਰਖ' ਦੇ ਸ਼ਬਦ ਨੂੰ ਹੀ ਦ੍ਰਿੜਾਇਆ। ਰੱਬੀ ਬਾਣੀ ਰਾਹੀਂ ਚਾਨਣ ਕੀਤਾ ਤੇ ਹਨੇਰਾ ਮਿਟਦਾ ਗਿਆ। ਉਥੇ ਦੂਰ-ਦੂਰ ਤੋਂ ਆਤਮਕ ਸੁੱਖ ਦੇ ਜਗਿਆਸੂ ਆਉਣ ਲੱਗੇ ਤੇ ਹਰ ਵੇਲੇ ਰੱਬੀ ਸਿਫ਼ਤ-ਸਲਾਹ ਹੋਣ ਲੱਗੀ। ਕਲਯੁਗ ਦਾ ਪ੍ਰਭਾਵ ਮਿਟ ਗਿਆ। ਮਨੁੱਖਤਾ ਪਦਾਰਥਾਂ ਦੀ ਲਾਲਸਾ ਤੋਂ ਉੱਪਰ ਉਠ ਗਈ। ਦਿਨ ਨਿਕਲਣ ਤੋਂ ਡੇਢ ਪਹਿਰ ਰਹਿੰਦੇ ਸ੍ਰੀ ਗੁਰੂ ਨਾਨਕ ਦੇਵ ਜੀ ਉੱਠ ਪੈਂਦੇ। ਸੰਗਤਾਂ ਇਸ਼ਨਾਨ ਕਰਕੇ ਧਰਮਸ਼ਾਲ 'ਚ ਜੁੜ ਬੈਠਦੀਆਂ। ਜਪੁਜੀ ਸਾਹਿਬ ਦਾ ਪਾਠ ਅਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਸੂਰਜ ਨਿਕਲਣ ਤੋਂ ਪਿੱਛੋਂ ਸਵਾ ਪਹਿਰ ਤੱਕ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ। 'ਗਗਨ ਮੈ ਥਾਲ' ਸਵੇਰੇ ਪੜਿਆ ਜਾਂਦਾ। ਇੰਜ ਲੱਗਦਾ, ਜਿਵੇਂ ਇਹ ਕਰਤਾਰਪੁਰ ਦਾ ਕੌਮੀ ਤਰਾਨਾ ਸੀ। ਫਿਰ ਸਵੇਰ ਦਾ ਪ੍ਰਸ਼ਾਦਾ ਵਰਤਾਇਆ ਜਾਂਦਾ। ਦਿਨੇ ਸਾਰੇ ਲੋਕ ਕਿਰਤ ਵਿਚ ਜੁਟ ਜਾਂਦੇ। ਗੁਰੂ ਜੀ ਬਹੁਤਾ ਕਰਕੇ ਖੇਤਾਂ ਨੂੰ ਚਲੇ ਜਾਂਦੇ। ਤੀਜੇ ਪਹਿਰ ਫਿਰ ਸ਼ਬਦ ਕੀਰਤਨ ਹੁੰਦਾ। ਉਪਰੰਤ ਸ਼ਾਮ ਨੂੰ ਸੋਦਰੁ ਦਾ ਪਾਠ ਹੁੰਦਾ। ਸਾਰੇ ਸਿੱਖ ਇਕੱਠੇ ਹੀ ਪ੍ਰਸ਼ਾਦ ਛਕਦੇ। ਇਕ ਪਹਿਰ ਰਾਤ ਜਦ ਗੁਜ਼ਰ ਜਾਂਦੀ ਤਾਂ ਸਾਰੇ ਸੋਹਿਲਾ ਦਾ ਪਾਠ ਕਰਕੇ ਆਰਾਮ ਕਰਦੇ।

ਇਤਿਹਾਸਕਾਰ ਮੈਕਾਲਫ਼ ਲਿਖਦਾ ਹੈ ਕਿ ਗੁਰੂ ਜੀ ਨੇ ਸਾਰੇ ਉਦਾਸੀਆਂ ਵਾਲੇ ਕੱਪੜੇ ਉਸਾਰ ਦਿੱਤੇ ਤੇ ਆਮ ਰਿਵਾਜ ਅਨੁਸਾਰ ਕੱਪੜੇ ਪਾ ਲਏ। ਲੱਕ ਦੁਆਲੇ ਕੱਪੜਾ, ਮੋਢਿਆਂ 'ਤੇ ਚਾਦਰ ਅਤੇ ਸਿਰ 'ਤੇ ਦਸਤਾਰ ਸਜਾ ਲਈ। ਇਸ ਪਹਿਰਾਵੇ 'ਚ ਗੁਰੂ ਜੀ ਦੀ ਝਾਲ ਝੱਲੀ ਨਹੀਂ ਸੀ ਜਾਂਦੀ।

ਕਰਤਾਰਪੁਰ 'ਚ ਉਪਦੇਸ਼ : ਮੁਨਸ਼ੀ ਸੋਹਣ ਲਾਲ ਦਾ ਕਹਿਣਾ ਹੈ, 'ਆਤਮਿਕ ਸ਼ਾਂਤੀ ਲਈ ਹਰ ਸ਼ਹਿਰ ਤੇ ਹਰ ਪ੍ਰਾਂਤ ਦੇ ਲੋਕ ਕਰਤਾਰਪੁਰ 'ਚ ਆ ਕੇ ਗੁਰੂ ਨਾਨਕ ਸਾਹਿਬ ਦੀ ਸੇਵਾ 'ਚ ਹਾਜ਼ਰ ਹੁੰਦੇ ਤੇ ਖ਼ੁਸ਼ੀਆਂ ਪ੍ਰਾਪਤ ਕਰਦੇ। ਆਪ ਜੀ ਦੇ ਦੀਦਾਰ ਸਦਕਾ ਉਨਾਂ ਦੀਆਂ ਅੱਖਾਂ ਵਿਚ ਨੂਰ ਤੇ ਚਮਕ ਆ ਜਾਂਦੀ।' ਆਤਮ-ਜਗਿਆਸੂ ਇਥੇ ਆ ਕੇ ਗੁਰੂ ਜੀ ਤੋਂ ਉਪਦੇਸ਼ ਹਾਸਲ ਕਰਦੇ ਤੇ ਉਨਾਂ ਮੁਤਾਬਕ ਜੀਵਨ-ਜਾਚ ਧਾਰਨ ਕਰਦੇ। ਬੇਅੰਤ ਹੀ ਲੋਕ ਕਰਤਾਰਪੁਰ ਪੁੱਜ ਕੇ ਗੁਰੂ ਜੀ ਕੋਲ ਟਿਕ ਕੇ ਮਨ ਦੇ ਸ਼ੰਕੇ ਨਿਵਾਰਦੇ ਪਰ ਭਾਈ ਗੁਰਦਾਸ ਜੀ ਨੇ 20 ਸਿੱਖਾਂ ਦਾ ਉਚੇਚਾ ਜ਼ਿਕਰ ਕੀਤਾ ਹੈ, ਜਿਨਾਂ ਨੇ ਕਰਤਾਰਪੁਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਹਾਸਲ ਕਰਕੇ ਜੀਵਨ ਪਦਵੀ ਹਾਸਲ ਕੀਤੀ। ਭਾਈ ਗੁਰਦਾਸ ਜੀ ਨੇ ਸਭ ਤੋਂ ਪਹਿਲੀ ਥਾਂ ਭਾਈ ਤਾਰੂ ਜੀ ਨੂੰ ਦਿੱਤੀ। ਗੁਰੂ ਜੀ ਨੇ ਤਾਰੂ ਜੀ ਨੂੰ ਕਿਹਾ, 'ਧਰਮ ਦੀ ਕਿਰਤ ਕਰਕੇ ਵੰਡ ਖਾਵਣਾ, ਦੁੱਖ ਵੰਡਿ ਆਉਣਾ। ਸਵਾਸ ਸਵਾਸ ਵਾਹਿਗੁਰੂ ਜਪਣਾ ਰਿਦਾ ਸ਼ੁੱਧ ਰੱਖਣਾ।' ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ, 'ਭਾਈ ਤਾਰੂ ਜੀ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਹੀ ਵਰਤੇ। ਧਰਮ ਦੀ ਕਿਰਤ ਕਰਦੇ, ਭਜਨ ਕਰਦੇ ਤੇ ਆਏ ਸਿੱਖਾਂ ਦੀ ਸੇਵਾ ਕਰਦੇ ਤੇ ਵਾਪਸ ਜਾਣ ਲੱਗਿਆਂ ਮੰਜ਼ਿਲ 'ਤੇ ਛੱਡ ਕੇ ਆਉਂਦੇ। ਕਿਸੇ ਦਾ ਵੀ ਦੁੱਖ-ਦਰਦ ਸਹਿਣ ਨਾ ਕਰਦੇ।' ਇਕ ਵਾਰ ਭਿਆਨਕ ਅੱਗ ਨਾਲ ਲਾਹੌਰ ਸੜਨ ਲੱਗਾ ਤਾਂ ਭਾਈ ਤਾਰੂ ਜੀ ਆਪਣੇ ਘਰੋਂ ਬਾਲਟੀ ਚੁੱਕ ਕੇ ਖੂਹ ਤੋਂ ਪਾਣੀ ਭਰ ਕੇ ਅੱਗ ਬੁਝਾਉਣ ਲਈ ਤੁਰ ਪਏ। ਕਿਸੇ ਨੇ ਕਿਹਾ, ਭਾਈ ਜੀ ਇੰਨੀ ਭਿਆਨਕ ਅੱਗ ਤੁਹਾਡੀ ਇਕ ਬਾਲਟੀ ਨਾਲ ਨਹੀਂ ਬੁਝਣ ਲੱਗੀ। ਪਰਉਪਕਾਰੀ ਭਾਈ ਤਾਰੂ ਜੀ ਕਹਿਣ ਲੱਗੇ, ਮੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਕਿ ਮੇਰੀ ਬਾਲਟੀ ਨਾਲ ਅੱਗ ਬੁਝਦੀ ਹੈ ਜਾਂ ਨਹੀਂ ਪਰ ਗੁਰੂ ਨਾਨਕ ਦਾ ਸਿੱਖ ਅੱਗ ਲੱਗੀ ਵੇਖ ਕੇ ਚੁੱਪ ਕਰਕੇ ਆਰਾਮ ਨਾਲ ਨਹੀਂ ਬੈਠ ਸਕਦਾ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ, 'ਭਾਈ ਤਾਰੂ ਜੀ ਫਾਇਰ ਬ੍ਰਿਗੇਡ ਦੇ ਬਾਨੀ ਕਹੇ ਜਾ ਸਕਦੇ ਹਨ।'



ਇਸੇ ਤਰਾਂ ਕਰਤਾਰਪੁਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਜੀਵਨ ਵਿਚ ਧਾਰਨ ਕਰਕੇ 'ਜੀਵਨ ਪਦਵੀ' ਪਾਉਣ ਵਾਲੇ ਬਾਕੀ ਸਿੱਖਾਂ 'ਚ ਭਾਈ ਗੁਰਦਾਸ ਜੀ ਕ੍ਰਮਵਾਰ; ਭਾਈ ਮੂਲਾ ਜੀ, ਭਾਈ ਪ੍ਰਿਥਾ ਜੀ, ਭਾਈ ਖੇਡਾ ਜੀ, ਭਾਈ ਮਰਦਾਨਾ ਜੀ, ਭਾਈ ਪ੍ਰਿਥੀ ਮੱਲ ਜੀ, ਭਾਈ ਰਾਮਾ ਡਿਡੀ ਜੀ, ਭਾਈ ਦੌਲਤ ਖ਼ਾਨ ਜੀ, ਭਾਈ ਮਾਲੋ ਜੀ, ਭਾਈ ਮਾਂਗਾ ਜੀ, ਭਾਈ ਕਾਲੂ ਜੀ, ਭਾਈ ਭਗਤਾ ਜੀ, ਭਾਈ ਵੰਸੀ ਜੀ, ਭਾਈ ਸੀਹਾਂ ਜੀ, ਭਾਈ ਗਜਣ ਉਪਲ ਜੀ, ਭਾਈ ਭਗੀਰਥ ਜੀ, ਭਾਈ ਅਜਿਤਾ ਰੰਧਾਵਾ ਜੀ, ਬਾਬਾ ਬੁੱਢਾ ਜੀ, ਭਾਈ ਫਿਰਣਾ ਜੀ ਅਤੇ ਭਾਈ ਜੋਧ ਜੀ ਦੇ ਨਾਂਅ ਲਿਖਦੇ ਹਨ।

ਭਾਈ ਗੁਰਦਾਸ ਜੀ ਨੇ ਇਨਾਂ 20 ਸਿੱਖਾਂ ਦੀ ਸੂਚੀ ਬਣਾ ਕੇ ਇਹ ਦਰਸਾਇਆ ਹੈ ਕਿ ਕਰਤਾਰਪੁਰ ਵਸਾਉਣ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਨੋਰਥ ਬਿਨਾਂ ਕਿਸੇ ਜਾਤ, ਪਾਤ, ਰੰਗ, ਨਸਲ, ਦੇਸ਼ ਅਤੇ ਮਜ਼ਬ ਦੇ ਵਿਤਕਰੇ ਤੋਂ ਮਨੁੱਖ ਨੂੰ ਸਚਿਆਰ ਮਨੁੱਖ ਬਣਾਉਣ ਦਾ ਜੀਵਨ ਅਮਲ ਦ੍ਰਿੜਾਉਣਾ ਸੀ। ਜੋ ਕੁਝ ਕਰਤਾਰਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਅਤੇ ਕੀਤਾ, ਉਹ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਅਤੇ ਆਦਰਸ਼ ਸੀ। ਇਤਿਹਾਸਕਾਰ ਮੁਹਸਨ ਫ਼ਾਨੀ 'ਦਬਿਸਤਾਨਿ ਮਜ਼ਾਹਬ' ਵਿਚ ਲਿਖਦਾ ਹੈ ਕਿ ਜੋ (ਗੁਰੂ) ਨਾਨਕ ਦੇ ਰਾਹ ਤੁਰ ਪੈਂਦੇ ਸਨ, ਉਨਾਂ ਨੂੰ 'ਕਰਤਾਰੀ' ਕਿਹਾ ਜਾਂਦਾ ਸੀ। ਮੰਨਣ ਵਾਲੇ ਇਕ ਤਾਂ ਕਰਤਾਰ ਵਾਹਿਗੁਰੂ ਦੇ ਉਪਾਸ਼ਕ ਹੁੰਦੇ ਹਨ, ਦੂਜੇ ਕਰਤਾਰਪੁਰ ਦੀ ਮਰਯਾਦਾ ਹੀ ਆਪਣੇ ਨਗਰਾਂ ਤੇ ਜੀਵਨ ਵਿਚ ਨਿਭਾਉਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕਰਤਾਰੀ ਸੰਗਤ ਨੂੰ 'ਵਾਹਿਗੁਰੂ ਜੀ ਕਾ ਖ਼ਾਲਸਾ' ਬਣਾਇਆ। ਜਿਸ ਫ਼ਸਲ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘਰ ਲਿਆ ਰਹੇ ਸਨ, ਉਸ ਦੀ ਬਿਜਾਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤੀ ਸੀ।

ਮਨੁੱਖੀ ਜੀਵਨ 'ਤੇ ਕਰਤਾਰਪੁਰੀ ਆਦਰਸ਼ਾਂ ਦਾ ਅਸਰ : ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ, 'ਕਰਤਾਰਪੁਰ ਦੀ ਮਰਯਾਦਾ ਸਮਝਣੀ ਕੋਈ ਸੌਖਾ ਕੰਮ ਨਹੀਂ ਸੀ।' ਕਈ ਕਰਤਾਰਪੁਰ ਆਉਂਦੇ, ਗੁਰੂ ਜੀ ਨੂੰ ਖੇਤਾਂ ਵਿਚ ਹੱਲ ਵਾਹੁੰਦਿਆਂ ਵੇਖ ਕੇ ਵਾਪਸ ਚਲੇ ਜਾਂਦੇ। ਕਈ ਗੁਰੂ ਜੀ ਨੂੰ ਗ੍ਰਹਿਸਤੀ ਵੇਖ ਕੇ ਨੱਕ ਚੜਾਉਂਦੇ। ਇਕ ਵਾਰੀ ਸਾਧੂਆਂ ਦੀ ਇਕ ਮੰਡਲੀ ਆਈ ਤੇ ਉਨਾਂ ਨੇ ਗੁਰੂ ਜੀ ਦੇ ਮਿੱਟੀ ਵਿਚ ਲਿਬੜੇ ਹੱਥ ਤੇ ਸੇਵਕਾਂ ਨੂੰ ਲੱਕੜਾਂ ਪਾੜਦੇ, ਲੰਗਰ ਤਿਆਰ ਕਰਦੇ ਵੇਖ ਕੇ ਕਿਹਾ, 'ਗੁਰੂ ਨਾਨਕ ਜੀ, ਤੁਸਾਂ ਤਾਂ ਸਾਨ (ਜਾਨਵਰ) ਪਾਲ ਰੱਖੇ ਹਨ।' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਵਾਬ ਦੇਣ ਦੀ ਥਾਂ ਉਨਾਂ ਨੂੰ ਕੁਝ ਦਿਨ ਕਰਤਾਰਪੁਰ ਰਹਿਣ ਲਈ ਕਿਹਾ। ਉਹ ਜਦ ਕੁਝ ਦਿਨਾਂ ਬਾਅਦ ਜਾਣ ਲੱਗੇ ਤਾਂ ਉਨਾਂ ਦੇ ਮੁਖੀ ਨੇ ਕਿਹਾ, 'ਬਾਬਾ ਜੀ ਤੁਸੀਂ ਤਾਂ ਇਨਸਾਨ ਪਾਲ ਰੱਖੇ ਹਨ।' ਗੁਰੂ ਜੀ ਨੇ ਕੁਝ ਦਿਨ ਹੋਰ ਰੁਕਣ ਲਈ ਕਿਹਾ। ਜਦ ਕੁਝ ਦਿਨਾਂ ਬਾਅਦ ਫਿਰ ਉਹ ਤਿਆਰੀ ਕਰਕੇ ਜਾਣ ਲੱਗੇ ਤਾਂ ਕਹਿਣ ਲੱਗੇ, 'ਗੁਰੂ ਨਾਨਕ ਜੀ, ਤੁਸਾਂ ਤਾਂ ਦੇਵਤੇ ਪਾਲ ਰੱਖੇ ਹਨ।' ਗੁਰੂ ਜੀ ਨੇ ਕੁਝ ਦਿਨ ਹੋਰ ਟਿਕਣ ਲਈ ਕਿਹਾ। ਜਦ ਉਹ ਅਖ਼ੀਰ ਕਈ ਦਿਨ ਕਰਤਾਰਪੁਰ ਰਹਿਣ ਤੋਂ ਬਾਅਦ ਵਿਦਾਇਗੀ ਲੈਣ ਲੱਗੇ ਤਾਂ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਤੇ ਢਹਿ ਪਏ ਤੇ ਇਕੱਠੇ ਬੋਲ ਉਠੇ, 'ਮਹਾਰਾਜ ਤੁਸਾਂ ਤਾਂ ਪਰਮਾਤਮਾ ਦੇ ਰੂਪ ਪਾਲੇ ਹੋਏ ਹਨ।'

ਭਾਈ ਵੀਰ ਸਿੰਘ ਨੇ ਲਿਖਿਆ ਹੈ, 'ਗੁਰੂ ਨਾਨਕ ਜਗਤ ਵਿਚ ਆਇਆ। ਅਸੀਂ ਪਸ਼ੂ ਸਾਂ, ਸਾਨੂੰ ਆਦਮੀ ਬਣਾਇਆ। ਫਿਰ ਆਦਮੀ ਤੋਂ ਉਸ ਨੇ ਸਾਨੂੰ ਦੇਵਤੇ ਬਣਾ ਦਿੱਤਾ। ਸਾਡਾ ਹੁਣ ਧਰਮ ਇਹ ਹੀ ਹੈ ਕਿ ਧਰਮ ਦੀ ਕਿਰਤ ਕਰੀਏ, ਨਾਮ ਜਪੀਏ ਅਤੇ ਵੰਡ ਛਕੀਏ।' ਇਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਦੀ ਮੁਕੱਦਸ ਧਰਤੀ 'ਤੇ 17 ਸਾਲ 5 ਮਹੀਨੇ 9 ਦਿਨ ਤੱਕ ਰਹੇ ਅਤੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇੱਥੇ ਹੀ ਭਾਈ ਲਹਿਣੇ ਨੂੰ ਸ੍ਰੀ ਗੁਰੂ ਅੰਗਦ ਦੇਵ ਬਣਾ ਕੇ ਸਿੱਖਾਂ ਦੇ ਦੂਜੇ ਗੁਰੂ ਦੀ ਗੁਰਗੱਦੀ ਦਿੱਤੀ। ਜਦ 1539 ਈਸਵੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ-ਜੋਤਿ ਸਮਾਏ ਤਾਂ ਹਿੰਦੂ ਅਤੇ ਮੁਸਲਮਾਨ ਦੋਵਾਂ ਨੇ ਗੁਰੂ ਸਾਹਿਬ ਦੀ ਦੇਹ ਦੀਆਂ ਅੰਤਿਮ ਰਸਮਾਂ ਆਪਣੀ-ਆਪਣੀ ਮਰਯਾਦਾ ਅਨੁਸਾਰ ਪੂਰੀਆਂ ਕਰਨ ਦੇ ਦਾਅਵੇ ਰੱਖੇ। ਅਗਲੀ ਸਵੇਰ ਨੂੰ ਜਦੋਂ ਦੋਹਾਂ ਧਿਰਾਂ ਨੇ ਚਾਦਰ ਚੁੱਕ ਕੇ ਵੇਖਿਆ ਤਾਂ ਗੁਰੂ ਸਾਹਿਬ ਦਾ ਸਰੀਰ ਅਲੋਪ ਸੀ। ਦੋਹਾਂ ਭਾਈਚਾਰਿਆਂ ਨੇ ਅਖ਼ੀਰ ਗੁਰੂ ਸਾਹਿਬ ਦੀ ਚਾਦਰ ਦੇ ਹੀ ਦੋ ਹਿੱਸੇ ਕਰ ਲਏ। ਮੁਸਲਮਾਨਾਂ ਨੇ ਇਸ ਨੂੰ ਦਫ਼ਨਾ ਦਿੱਤਾ ਤੇ ਹਿੰਦੂਆਂ ਨੇ ਸਸਕਾਰ ਕਰ ਦਿੱਤਾ। ਇਸ ਲਈ ਉਥੇ ਕਬਰ ਅਤੇ ਸਮਾਧ ਦੋਵੇਂ ਹੀ ਮੌਜੂਦ ਹਨ। ਇਤਿਹਾਸਕਾਰ ਰਾਬਰਟ ਐਨ. ਕਸਟ ਅਨੁਸਾਰ ਸੰਸਾਰ ਵਿਚ ਹੋਰ ਕਿਧਰੇ ਇਹ ਨਹੀਂ ਦੇਖਿਆ ਜਾ ਸਕਦਾ ਕਿ ਇਕੋ ਪੁਰਸ਼ ਦਾ ਮਕਬਰਾ ਤੇ ਸਮਾਧ ਬਣੀ ਹੋਵੇ ਤੇ ਇਹ ਦੀਵਾਰ ਸਾਂਝੀ ਹੋਵੇ। ਇਸ ਤਰਾਂ ਕਰਤਾਰਪੁਰ ਧਾਰਮਿਕ ਤੇ ਸੱਭਿਆਚਾਰਕ ਸਹਿਹੋਂਦ ਦਾ ਵੀ ਰੌਸ਼ਨ ਮੁਨਾਰਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

ਕਾਂਡ 6

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

'ਆਪ ਲੋਗ ਫਿਰ ਭੀ ਅੱਛੇ ਹੋ ਜੋ ਕਿ ਛਾਇਆ ਮੇਂ ਤੋ ਹੋ' ਮਰਾਠੇ ਸੰਤਰੀ ਨੇ ਇੱਕ ਸਿੱਖ ਫੌਜੀ ਨੂੰ ਕੇਵਲ ਹੋਣਾ ਦੀ ਬੈਰਕ ਵਿੱਚ ਤਾੜਦੇ ਹੋਏ ਕਿਹਾ। ਉਸਦੇ ਮੂੰਹ ਵਿੱਚ ਸਿਗਰਟ ਸੀ।

'ਕਿਆ ਅੱਛੇ ਹੈਂ ਜਾਨਵਰੋਂ ਸੇ ਭੀ ਜ਼ਿਆਦਾ ਜ਼ਲੀਲ ਕੀਆ ਜਾਤਾ ਹੈ ਹਮ ਕੋ' ਦਰਸ਼ਨ ਨੇ ਗੁੱਸੇ ਹੋ ਕੇ ਕਿਹਾ।

'ਜਾਨਵਰੋਂ ਸੇ ਭੀ ਜ਼ਿਆਦਾ ਤੰਗ ਤੋ ਰਾਜਿਸਥਾਨ ਵਾਲੋਂ ਕੋ ਕੀਆ ਜਾਤਾ ਹੈ ਮੇਰੇ ਭਾਈਓ' ਸਿਗਰਟ ਦਾ ਧੂੰਆਂ ਉਤਾਂਹ ਨੂੰ ਛੱਡਦੇ ਹੋਏ ਮਰਾਠੇ ਨੇ ਕਿਹਾ। ਉਸਦੀ ਅਜੀਬ ਗੱਲ ਸੁਣ ਕੇ ਸਾਰੇ ਹੈਰਾਨ ਹੋ ਗਏ।

'ਹਮ ਸਮਝੇ ਨਹੀਂ' ਮੀਕੇ ਨੇ ਹੈਰਾਨ ਹੋ ਕੇ ਪੁੱਛਿਆ।

'ਉਨਕੋ ਰਾਜਿਸਥਾਨ ਮੇਂ ਗਰਮ ਭਾਲੂ ਰੇਤ ਮੇਂ ਲਿਟਾਤੇ ਹੈਂ! ਮਰਾਠੇ ਨੇ ਗੰਭੀਰ ਹੋ ਕੇ ਕਿਹਾ।

'ਹੈਂ ਹੈਂ, ਆਪ ਕੋ ਕੈਸੇ ਪਤਾ ?' ਸਾਰਿਆਂ ਨੇ ਹੈਰਾਨ ਹੋ ਕੇ ਪੁੱਛਿਆ।

'ਮੇਰੇ ਕੋ ਭੀ ਯੇਹ ਨਯੇ ਆਏ ਭਗੌੜੇ ਨੇ ਬਤਾਯਾ' ਉਸ ਨੇ ਜਦੋਂ ਭਗੌੜਾ ਕਿਹਾ ਤਾਂ ਸਾਰਿਆਂ ਨੂੰ ਗੁੱਸਾ ਆਇਆ ਪਰ ਕੁਛ ਨਹੀਂ ਸਨ ਕਰ ਸਕਦੇ। ਉਸ ਦਾ ਇਸ਼ਾਰਾ ਨਵੇਂ ਆਏ ਕੈਦੀ ਵੱਲ ਸੀ। ਸਾਰੇ ਉਸ ਦੇ ਦੁਆਲੇ ਹੋ ਗਏ। ਉਸ ਦੀ ਹਾਲਤ ਵੀ ਇਹਨਾ ਵਾਂਗੂੰ ਦੁੱਖਦਾਈ ਸੀ! ਇਹ ਚੜਦੀ ਉਮਰ ਦਾ ਮੁੰਡਾ ਸੀ। ਸ਼ਇਦ ਰੰਗਰੂਟੀ ਮਸਾਂ ਪਾਸ ਕੀਤੀ ਹੋਵੇਗੀ।

'ਕੀ ਨਾਂ ਤੇਰਾ ਮੁੰਡਿਆ ?' ਕੇਵਲ ਨੇ ਨੇੜੇ ਹੋ ਕੇ ਪੁੱਛਿਆ।

'ਮੇਰਾ ਨਾਂ ਸਿਪਾਹੀ ਪਾਲ ਸਿੰਘ ਆ'

'ਕਿੱਥੋਂ ਬੈਰਕਾਂ ਛੱਡੀਆਂ ਸੀ' ?

'ਰਾਜਿਸਥਾਂਨ ਤੋਂ''

'ਫਿਰ ਕਾਬੂ ਕਿਵੇਂ ਆਏ ?' ਦਰਸ਼ਨ ਨੇ ਪੁੱਛਿਆ।

'ਭਰਾਵੋ ਮੈਂ ਬੌਤ ਦੁਖੀ ਆਂ, ਜੇ ਮੇਰੀ ਹੱਡ ਬੀਤੀ ਸੁਣਨੀ ਆ ਤਾਂ ਸਾਰਿਆਂ ਨੂੰ ਬੁਲਾਵੋ, ਮੈਥੋਂ ਕੱਲੇ ਕੱਲੇ ਨੂੰ ਨੀ ਦੱਸੀ ਜਾਣੀ' ਪਾਲ ਨੇ ਕਿਹਾ ਤਾਂ ਦਰਸ਼ਨ ਨੇ ਹੱਥ ਦੇ ਇਸ਼ਾਰੇ ਨਾਲ ਸਾਰਿਆਂ ਨੂੰ ਬੁਲਾ ਲਿਆ ਸਾਰਿਆਂ ਨੇ ਪਾਲ ਨੂੰ ਵਿਚਾਲੇ ਬਿਠਾ ਲਿਆ। ਪਾਲੇ ਨੇ ਸੁਨਾਉਣਾ ਸ਼ੁਰੂ ਕਰ ਦਿੱਤਾ।

'ਅਸੀਂ ਦਰਬਾਰ ਸਾਬ ਤੇ ਹਮਲਾ ਕਰਨ ਬਾਰੇ ਅਸੀਂ ਘੁਸਰ ਮੁਸਰ ਤਾਂ ਸੁਣੀ ਸੀ ਪਰ ਸਾਨੂੰ ਜਕੀਨ ਨੀ ਸੀ ਕਿ ਦਰਬਾਰ ਸਾਬ ਤੇ ਹਮਲਾ ਕਰ ਦੇਣਗੇ! ਅਸੀਂ ਪੰਚਮ ਪਾਤਸ਼ਾਹ ਦੇ ਸ਼ਹੀਦੀ ਦਿਨ ਤੇ ਗੁਰਦਵਾਰਾ ਸਾਬ ਗਏ ਚਾਹ ਪਾਣੀ ਪੀਣ ਤੋਂ ਬਾਅਦ ਦੀਵਾਨ ਹਾਲ 'ਚ' ਬੈਠੇ ਹੀ ਸੀ ਕਿ ਅਚਾਨਕ ਕੀਰਤਨ ਬੰਦ ਹੋ ਗਿਆ ਅਤੇ ਆਰ ਐਚ ਐਮ ਨੇ ਮਾਈਕ ਫੜ ਲਿਆ ਉਸ ਦਾ ਮੂੰਹ ਲਾਲ ਸੀ ਤੇ ਅੱਖਾਂ ਵਿੱਚ ਖ਼ੂਨ ਉੱਤਰ ਆਇਆ ਲਗਦਾ ਸੀ ਅਤੇ ਗੁੱਸੇ ਨਾਲ ਕੰਬ ਰਿਹਾ ਸੀ ਉਹ ਬੋਲਣ ਲੱਗਾ–

'ਗੁਰੂ ਰੂਪ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਸ਼ੈਦ ਪਤਾ ਹੋਵੇਗਾ ਜਾਂ ਨਹੀਂ ਪਰ ਮੈਨੂੰ ਪਤਾ ਹੈ ਕਿ ਭਾਰਤ ਦੀ ਜ਼ਾਲਮ ਸਰਕਾਰ ਨੇ ਸਾਡੇ ਪਵਿੱਤਰ ਧਰਮ ਅਸਥਾਨ 'ਤੇ ਹਮਲਾ ਕਰ ਦਿੱਤਾ ਹੈ ਅਤੇ ਉੱਥੇ ਬਾਲ ਬੱਚਿਆਂ ਸਮੇਤ ਜਵਾਨ ਬੁੱਢੇ ਕਤਲ ਕਰ ਦਿੱਤੇ ਨੇ, ਕੋਈ ਸਰਧਾਲੂ ਨੀ ਦੇਖਦੇ ਕੋਈ ਕੁੜੀ ਜਾਂ ਬੁੜੀ ਨੀ ਦੇਖਦੇ ਸਾਰਿਆਂ ਨੂੰ ਹਿੰਦੂ ਫੌਜੀ ਮੌਤ ਦੀ ਘਾਟ ਉਤਾਰ ਰਹੇ ਨੇ! ਕੀ ਸਾਨੂੰ ਅੱਖਾਂ ਬੰਦ ਕਰ ਲੈਣੀਆਂ ਚਾਈਦੀਆਂ ਨੇ' ?

'ਨਹੀਂ, ਨਹੀ, ਨਹੀ' ਚਾਰ ਚੁਫੇਰਿਓਂ ਅਵਾਜ਼ਾਂ ਆਈਆਂ।

'ਕੀ ਸਾਨੂੰ ਹੱਥ ਤੇ ਹੱਥ ਧਰ ਕੇ ਬੈਠਣਾ ਚਾਈਦੈ ?'

'ਨਹੀਂ ਨਹੀਂ' ਚਾਰੇ ਪਾਸਿਓਂ ਫਿਰ ਆਵਜ਼ਾਂ ਆਈਆਂ।

'ਸਾਰੇ ਅੰਬਰਸਰ ਜਾ ਕੇ ਭਾਰਤੀ ਫੌਜਾਂ ਨਾਲ ਲੜਨ ਨੂੰ ਤਿਆਰ ਹੋ ?'

'ਹਾਂਜੀ ਹਾਂਜੀ ਅਸੀਂ ਲੜਾਂਗੇ, ਪਰ ਦੱਸੋ ਥੋਨੂੰ ਪਤਾ ਕਿਵੇਂ ਲੱਗਾ ?' ਵਿੱਚੋਂ ਕਿਸੇ ਨੇ ਕਿਹਾ।

'ਅੱਜ ਹੀ ਬੀ ਬੀ ਸੀ ਲੰਡਨ ਤੋਂ ਖਬਰ ਆਈ ਕਿ ਭਾਰਤੀ ਫੌਜ ਦਾ ਹਰਮੰਦਰ ਸਾਹਬ ਤੇ ਕਬਜ਼ਾ ਸੰਤ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਬ੍ਰਾਮਦ, ਅਤੇ ਦੇਸ ਦੇ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ 15 ਸਾਲਾਂ ਵਿੱਚ ਕਿਸੇ ਮੁੰਡੇ ਦੀ ਜੰਨ ਨਹੀਂ ਚੜਨ ਦੇਵਾਂਗੀ 18 ਤੋਂ 45 ਸਾਲ ਦੇ ਮੁੰਡੇ ਖਤਮ ਕਰਵਾਂਵਾਂਗੀ'

'ਏਦਾ ਮਤਲਬ ਸਾਰੇ ਮੁੰਡੇ ਮਾਰ ਦਿੱਤੇ ਜਾਣਗੇ ?' ਵਿੱਚੋਂ ਕਈ ਬੰਦੇ ਬੁੜੀਆਂ ਬੋਲੇ।

'ਲਗਦਾ ਤਾਂ ਏਵੇਂ ਆ' ਆਰ ਐਚ ਐਮ ਨੇ ਗੁੱਸੇ ਨਾਲ ਕਿਹਾ।

'ਸਾਡੇ ਮੁੰਡਿਆਂ ਦੀ ਜੰਨ ਚੜਨ ਤੋਂ ਰੋਕ ਕੇ ਦਿਖੌਣ! ਚਲੋ ਕਰੋ ਅਰਦਾਸ ਤੇ ਚੱਕੋ ਥਿਆਰ ਚੱਲ ਕੇ ਜ਼ਾਲਮਾਂ ਨੂੰ ਮਾਰੋ, ਜੋ ਬੋਲੇ ਸੋ ਨਿਹਾਲ'

'ਜੋ ਬੋਲੇ ਸੋ ਨਿਹਾਲ' ਚਾਰ ਚੁਫੇਰਿਓਂ ਅਵਾਜ਼ਾਂ ਆਈਆਂ। ਅਰਦਾਸ ਦਾ ਨਾਂ ਸੁਣ ਕੇ ਬਾਬਾ ਜੀ ਖੜੇ ਹੋ ਗਏ। ਨਾਲ ਹੀ ਸਾਰੀ ਸਾਧ ਸੰਗਤ ਖੜੀ ਹੋ ਗਈ। ਬਾਬਾ ਜੀ ਨੇ ਅਰਦਾਸ ਕੀਤੀ ਕਿ ਸਿੱਖ ਆਪਣੇ ਧਰਮ ਅਸਥਾਨ ਦੀ ਇੱਜ਼ਤ ਵਾਸਤੇ ਲੜਨ ਜਾ ਰਹੇ ਹਨ ਅੰਗ ਸੰਗ ਸਹਾਈ ਹੋਣਾ ਬੋਲੇ ਸੋ ਨਿਹਾਲ' ਬਾਬਾ ਜੀ ਨੇ ਅਰਦਾਸ ਕੀਤੀ ਦੇਗ ਵਰਤਾਈ ਗਈ, ਆਰ ਐਚ ਐਮ ਫਿਰ ਖੜਾ ਹੋ ਗਿਆ।

'ਮੇਰੇ ਪਿਆਰੇ ਫੌਜੀ ਜਵਾਨੋ ਰਾਤ ਨੂੰ ਪ੍ਰੇਡ ਗ੍ਰਾਂਊਡ ਵਿੱਚ ਕੱਠੇ ਹੋਵੋ 20-20 ਫੌਜੀ ਇੱਕ ਇੱਕ ਗੱਡੀ 'ਚ ਆਪਣੇ ਹਥਿਆਰ ਲੈ ਕੇ ਬੈਠ ਜਾਣਾ, ਗੱਡੀਆਂ ਤੇ ਸਵਾਰ ਹੋ ਕੇ ਅੰਬਰਸਰ ਪਹੁੰਚੋ ਰਸਤੇ 'ਚ ਕਿਸੇ ਦਾ ਨੁਕਸਾਨ ਨਹੀਂ ਕਰਨਾ ਮਾਰਾ ਮਾਰੀ ਨਹੀਂ ਕਰਨੀ ਰਸਤੇ 'ਚ' ਵਾਇਰਲੈਸ ਰਾਹੀਂ ਗੱਲਬਾਤ ਹੁੰਦੀ ਰਹੇਗੀ ਕੋਈ ਸ਼ੱਕ ?'

'ਸਰ ਜੇ ਕੋਈ ਰਾਹ 'ਚ ਮੁਕਾਬਲਾ ਹੋ ਜਾਂਦਾ ਤਾਂ ਕੀ ਕਰਨਾ ?' ਵਿੱਚੋਂ ਕਿਸੇ ਨੇ ਕਿਹਾ।

'ਜੇ ਕੋਈ ਥੋਨੂੰ ਮਾਰਦਾ ਤਾਂ ਅਸੀਂ ਗਾਂਧੀ ਵਾਂਗੂੰ ਦੂਜੀ ਗੱਲ ਨੀ ਕਰਨੀ ਕਿ ਹੋਰ ਮਾਰ! ਬੱਸ ਜੇ ਕੋਈ ਰਾਸਤੇ 'ਚ ਅੜਿੱਕਾ ਬਣਦਾ ਹੋ ਸਕੇ ਤਾਂ ਜ਼ਖਮੀ ਕਰਨਾ ਮਾਰਨਾ ਨਹੀਂ'

'ਜੋ ਬੋਲੇ ਸੋ ਨਿਹਾਲ' ਸਾਰਿਆਂ ਨੇ ਜੈਕਾਰਾ ਛੱਡਿਆ। ਰਾਤ ਦਾ ਖਾਣਾ ਖਾਣ ਤੋਂ ਬਾਅਦ ਆਰ ਐਚ ਐਮ ਨੇ ਵਿਸਲ ਮਾਰੀ ਤਕਰੀਬਨ ਸਾਰੇ ਆ ਗਏ ਸਨ, ਗੱਡੀਆਂ ਲਾਈਨ ਅੱਪ ਕਰ ਦਿੱਤੀਆਂ। ਸੂਬੇਦਾਰ ਦਿਲਬਾਗ ਸਿੰਘ ਜੀ ਵੀ ਦਾਹੜੀ ਬੰਨ ਕੇ ਆ ਗਏ ਕਿਉਂਕਿ ਅਗਲਾ ਆਡਰ ਉਸ ਨੇ ਦੇਣਾ ਸੀ–

'ਮੇਰੇ ਪਿਆਰੇ ਜਵਾਨੋ ਆਪਾਂ ਬਾਹਰਲੇ ਦੇਸ਼ਾਂ ਨਾਲ ਲੜਨ ਵਾਸਤੇ ਭਰਤੀ ਹੋਏ ਸੀ ਪਰ ਅੱਜ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਨੂੰ ਅੱਜ ਸਾਡੇ ਦੇਸ਼ ਦੇ ਫੌਜੀਆਂ ਨਾਲ ਹੀ ਲੜਨ ਜਾਣਾ ਪੈ ਰਿਹਾ ਹੈ, ਰਾਹ ਵਿੱਚ ਕਿਸੇ ਸਿਵਲੀਅਨ ਨੂੰ ਨਹੀਂ ਮਾਰਨਾ ਹਾਂ ਜੇ ਕੋਈ ਸਿਵਲੀਅਨ ਥੋਡੇ ਰਾਹ 'ਚ ਰੁਕਾਵਟ ਖੜੀ ਕਰਦਾ ਹੈ ਤਾਂ ਰੁਕਾਵਟ ਨੂੰ ਹਟਾ ਦੇਣਾ ਕੋਈ ਸ਼ੱਕ ?' ਸੂਬੇਦਾਰ ਨੇ ਕਿਹਾ।

'ਨਹੀਂ'

'ਆਪਾਂ ਮੇਨ ਰੋਡ ਤੇ ਚੱਲਣਾਂ ਜਾਂ ਲਿੰਕ ਰੋਡਾਂ ਤੇ' ਐਮ ਟੀ ਹੌਲਦਾਰ ਨੇ ਪੁੱਛਿਆ।

'ਬੌਤ ਚੰਗਾ ਸਵਾਲ ਏ ਆਪਾਂ ਕੋਸ਼ਿਸ਼ ਕਰਕੇ ਲਿੰਕ ਰੋਡਾਂ ਤੇ ਚੱਲਣਾਂ ਹਰ ਇੱਕ ਗੱਡੀ 'ਚ ਰੋਡ ਮੈਪ ਰੱਖ ਦਿੱਤਾ ਉਸਨੂੰ ਫਾਲੋ ਕਰਨਾ ਕੋਈ ਸ਼ੱਕ ?' ਸੂਬੇਦਾਰ ਨੇ ਕਿਹਾ।

'ਕਿੰਨੇ ਵਜੇ ਮੂਵ ਕਰਨਾ ਜੀ' ? ਆਰ ਐਚ ਐਮ ਨੇ ਪੁੱਛਿਆ।




'ਜਵਾਨੋ ਆਪਾਂ ਨੂੰ ਏਹ ਲੋਕ ਸਰਦਾਰਾਂ ਦੇ ਬਾਰਾਂ ਵੱਜਗੇ ਆਖ ਕੇ ਬੌਤ ਮਖੌਲ ਕਰਦੇ ਆ ਇਸ ਕਰ ਕੇ ਅੱਜ ਰਾਤ ਦੇ ਬਾਰਾਂ ਵਜੇ ਕੋਈ ਸ਼ੱਕ ?' ਸੂਬੇਦਾਰ ਨੇ ਕਿਹਾ, ਹੁਕਮ ਤੋਂ ਬਾਅਦ ਰਾਤ ਨੂੰ ਸਾਰੇ ਕੁਆਟਰ ਗਾਰਡ ਵੱਲ ਭੱਜ ਤੁਰੇ, ਕੋਤ ਖੁੱਲਾ ਸੀ ਕਿਉਂਕਿ ਕੋਤ ਕਮਾਂਡਰ ਨੂੰ ਫੂਨ ਕਰ ਦਿੱਤਾ ਸੀ। ਸਾਰਿਆਂ ਨੇ ਆਪੋ ਆਪਣੇ ਹਥਿਆਰ ਲਏ ਟਾਈਮ ਮਿੰਟਾਂ ਵਿੱਚ ਗੁਜ਼ਰ ਗਿਆ। ਰਾਤ ਨੂੰ ਬਾਰਾਂ ਵਜੇ ਸੂਬੇਦਾਰ ਦੇ ਇਸ਼ਾਰੇ ਤੇ ਸਾਰੇ ਗੱਡੀਆਂ ਵਿੱਚ ਬੈਠ ਗਏ। ਇੱਕ ਦਮ ਗੱਡੀਆਂ ਸਟਾਰਟ ਹੋ ਗਈਆਂ ਸਾਰੀ ਯੂਨਿਟ ਵਿੱਚ ਗੱਡੀਆਂ ਦਾ ਸ਼ੋਰ ਸ਼ਰਾਬਾ ਹੋ ਗਿਆ। ਸਾਰੇ ਵਿੱਚ ਗੁਰੂ ਘਰ ਦੇ ਪਿਆਰੇ ਵੀ ਨਹੀਂ ਹੁੰਦੇ ਕਈ ਫੌਜੀ ਤਾਂ ਉਦੋਂ ਹੀ ਗੁਰਦਵਾਰਿਓਂ ਰਫੂ ਚੱਕਰ ਹੋ ਗਏ ਜਦੋਂ ਆਰ ਐਚ ਐਮ ਨੇ ਬੈਰਕਾਂ ਛੱਡ ਕੇ ਅੰਮ੍ਰਿਤਸਰ ਜਾਣ ਵਾਸਤੇ ਕਿਹਾ ਤੇ ਯੂਨਿਟ ਤੋਂ ਭੱਜ ਕੇ ਬਜ਼ਾਰ ਚਲੇ ਗਏ। ਉਹਨਾ ਵਿੱਚੋਂ ਨਾਇਬ ਸੂਬੇਦਾਰ ਅਰਜਨ ਸਿੰਘ ਸੀ ਜੋ ਕਿ ਅਫਸਰਾਂ ਦਾ ਚਮਚਾ ਸੀ ਅਤੇ ਸਾਰੀ ਖੁਫੀਆ ਰੀਪੋਰਟ ਅਫਸਰਾਂ ਨੂੰ ਦਿੰਦਾ ਸੀ। ਅਰਜਨ ਵੀ ਗੁਰਦਵਾਰੇ ਬੈਠਾ ਸੀ ਜਦੋਂ ਆਰ ਐਚ ਐਮ ਨੇ ਬੈਰਕਾਂ ਛੱਡਣ ਵਾਸਤੇ ਕਿਹਾ ਸੀ ਤੇ ਬਾਬਾ ਜੀ ਨੇ ਅਰਦਾਸ ਕੀਤੀ ਸੀ। ਪਹਿਲਾਂ ਤਾਂ ਅਰਜਨ ਨੇ ਸੋਚਿਆ ਕਿ ਐਵੇਂ ਕਰਦੇ ਹਨ ਫੌਜ ਵਿੱਚੋਂ ਬਾਗ਼ੀ ਹੋਣਾ ਕੋਈ ਖੇਡ ਹੈ, ਸਾਰੀ ਉਮਰ ਦੀ ਰੋਜ਼ੀ ਰੋਟੀ ਨੂੰ ਲੱਤ ਮਾਰਨੀ ? ਕਿਹੜੀ ਸਿਆਣਪ ਦੀ ਗੱਲ ਹੈ ? ਅਰਜਨ ਸੋਚ ਰਿਹਾ ਸੀ ਕਿ ਬਿੱਲੀ ਦੇ ਗਲ ਟੱਲੀ ਬੰਨਣ ਵਾਲੀ ਗੱਲ ਹੈ, ਸਿਰਫ ਦਲੀਲਾਂ ਹਨ ਕਰਨਾ ਕਿਸੇ ਨੇ ਕੁਛ ਨਹੀਂ ਪਰ ਅਰਜਨ ਉਦੋਂ ਹੈਰਾਨ ਹੋ ਗਿਆ ਜਦੋਂ ਰਾਤ ਨੂੰ ਸਾਰੇ ਫੌਜੀ ਹਥਿਆਰ ਲੈ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡਦੇ ਹੋਏ ਗੱਡੀਆਂ ਵਿੱਚ ਬੈਠ ਗਏ!

'ਸਾਹਬ ਸਾਹਬ' ਅਰਜਨ ਨੇ ਕਰਨਲ ਦੇ ਘਰ ਆ ਕੇ ਬਿੱਲ ਵੀ ਮਾਰੀ ਤੇ ਨਾਲ ਹਫਦੇ ਹੋਏ ਨੇ ਆਵਾਜ਼ ਵੀ ਮਾਰੀ। ਹਿੰਦੂ ਕਰਨਲ ਲੰਮਾਂ ਗਾਊਨ ਪਾ ਕੇ ਬਾਹਰ ਆ ਗਿਆ।

'ਕਿਆ ਬਾਤ ਹੈ ਅਰਜਨ ਸਿੰਹ ਖੈਰ ਹੈ ?

'ਸਾਹਬ ਸਾਹਬ ਆਪਣੀ ਸਾਰੀ ਯੂਨਿਟ ਅੰਬਰਸਰ ਵੱਲ ਨੂੰ ਜਾ ਰਹੀ ਹੈ'

'ਕਿਓਂ' ?

'ਸਾਹਬ ਆਪ ਕੋ ਪਤਾ ਕਿ ਫੌਜ ਨੇ ਦਰਬਾਰ ਸਾਹਬ ਪਰ ਅਟੈਕ ਕਰ ਦੀਆ ਔਰ ਵੋ ਮੁਕਾਬਲਾ ਕਰਨੇ ਜਾ ਰਹੇਂ ਹੈਂ'

'ਪਾਗਲ ਹੈਂ ਵੋ ਯੇ ਮੁੱਠੀ ਭਰ ਫੌਜੀ ਟਿੱਡੀ ਦਲ ਕਾ ਮੁਕਾਬਲਾ ਕੈਸੇ ਕਰੇਂਗੇ ?'

'ਪਤਾ ਨੀ ਸਾਹਬ ਆਪ ਸਮਝਾਈਏ'

'ਸਮਝਾਨਾ ਕਿਆ ਹਮ ਆਡਰ ਦੇਗਾ ਏਕ ਇੰਚ ਨਹੀਂ ਹਿੱਲ ਸਕਤੇ ਮੈਂ ਬ੍ਰਗੇਡੀਅਰ ਸਾਹਬ ਕੋ ਲੇਕੇ ਆਤਾ ਹੂੰ' ਕਰਨਲ ਆਖ ਕੇ ਛੇਤੀ ਛੇਤੀ ਅੰਦਰ ਚਲਾ ਗਿਆ ਅਤੇ ਜੀਪ ਤੇ ਯੂਨਿਟ ਵਿੱਚ ਆ ਗਿਆ। ਗੱਡੀਆਂ ਹੌਲੀ ਹੌਲੀ ਯੂਨਿਟ ਤੋਂ ਬਾਹਰ ਆ ਰਹੀਆਂ ਸਨ। ਸਭ ਤੋਂ ਅੱਗੇ ਸੂਬੇਦਾਰ ਦੀ ਜੀਪ ਸੀ ਕਰਨਲ ਨੇ ਸੂਬੇਦਾਰ ਦੀ ਜੀਪ ਰੋਕ ਲਈ। ਸੂਬੇਦਾਰ ਜੀਪ ਵਿੱਚੋਂ ਉੱਤਰ ਕੇ ਬ੍ਰਗੇਡੀਅਰ ਨੂੰ ਸਲੂਟ ਮਾਰਿਆ ਉਹ ਗੁੱਸੇ ਵਿੱਚ ਸੀ! ਹੋਣਾ ਹੀ ਸੀ ਜਿਸ ਗੱਲ ਬਾਰੇ ਕਦੇ ਸੋਚਿਆ ਹੀ ਨਹੀਂ ਸੀ ਅੱਜ ਉਹ ਹੋ ਰਹੀ ਸੀ! 1857 ਵਾਲੇ ਗਦਰ ਬਾਰੇ ਪੜਿਆ ਸੀ ਪਰ ਹੁਣ ਦੇ ਗਦਰ ਬਾਰੇ ਸੋਚਿਆ ਵੀ

ਨਹੀਂ ਸੀ।
'ਪਾਗਲ ਹੋ ਗਏ ਹੋ ਸਾਹਬ' ਬ੍ਰਗੇਡੀਅਰ ਨੇ ਸੂਬੇਦਾਰ ਨੂੰ ਕਿਹਾ।
'ਪਾਗਲ ਹਮ ਨਹੀਂ ਪਾਗਲ ਭਾਰਤੀ ਫੌਜ ਹੋ ਗਈ ਹੈ ਜਿਸ ਨੇ ਹਮਾਰੇ ਧਰਮ ਅਸਥਾਨ ਪਰ ਹਮਲਾ ਕੀਆ' ਸੂਬੇਦਾਰ ਨੇ ਗੁੱਸੇ ਵਿੱਚ ਕਿਹਾ।
'ਸਾਹਬ ਗੌਰਮਿੰਟ ਕੁਝ ਵੀ ਕਰੇ ਹਮ ਕੋ ਦਖਲ ਨੀ ਦੇਨਾ ਚਾਹੀਏ'
ਕਰਨਲ ਨੇ ਕਿਹਾ।
'ਫੌਜ ਕੋ ਭੀ ਦੇਸ ਕੀ ਅੰਦਰੂਨੀ ਲੜਾਈ ਮੇਂ ਦਖਲ ਨਹੀਂ ਦੇਨਾ ਚਾਹੀਏ ? ਹਮਾਰੇ ਰਸਤੇ ਸੇ ਹੱਟ ਜਾਵੋ' ਸੂਬੇਦਾਰ ਨੇ ਕਿਹਾ।
'ਅਰੇ ਮੈਂ ਆਪ ਕੇ ਭਲੇ ਕੇ ਲੀਏ ਰੋਕ ਰਹਾ ਹੂੰ ? ਅਗਰ ਫੌਜ ਸੇ ਭਾਗਨੇ ਸੇ ਕੋਈ ਫਾਇਦਾ ਹੈ ਤੋ ਮੈਂ ਖ਼ੁਦ ਸਾਥ ਚਲਤਾ ਹੂੰ' ਬ੍ਰਗੇਡੀਅਰ ਨੇ ਕਿਹਾ ਕਿਉਂਕਿ ਉਸਨੂੰ ਪਤਾ ਸੀ ਕਿ ਇਹ ਦਸ ਮੀਲ ਵੀ ਨਹੀਂ ਜਾ ਸਕਦੇ ! ਪਰ ਨੇ ਪਹਿਲਾਂ ਇੱਕ ਬਿੱਕਰ ਸਿੰਘ ਦੀ ਬੇਇੱਜਤੀ ਕੀਤੀ ਸੀ। ਕਿਹਾ ਸੀ ਥੋਡੇ ਸਿੰਘ ਬੀਬੀਆਂ ਦੀ ਇੱਜਤ ਲੁੱਟਦੇ ਹਨ, ਤੇ ਚੋਰ ਡਾਕੂ ਹਨ। ਇਸ ਗੱਲ ਤੇ ਇੱਕ ਫੌਜੀ ਨੂੰ ਗੁੱਸਾ ਸੀ।
'ਸਰ ਸਾਡੇ ਰਾਹ 'ਚ' ਨਾ ਆਵੋ' ਬਿੱਕਰ ਨੇ ਗੁੱਸੇ 'ਚ' ਕਿਹਾ।
'ਅਗਰ ਮੈਂ ਨਾ ਹਟੂੰ ਤੋ ?' ਬ੍ਰਗੇਡੀਅਰ ਨੇ ਕਿਹਾ ਕਿਉਂਕਿ ਉਹ ਇਹਨਾ ਨੂੰ ਆਪਣੇ ਬੱਚੇ ਸਮਝਦਾ ਸੀ ! ਬ੍ਰਗੇਡੀਅਰ ਗੁੱਸੇ ਵਿੱਚ ਆ ਗਿਆ ਜਿਵੇਂ ਪਿਓ ਆਪਣੇ ਪੁੱਤਰਾਂ ਤੇ ਅਤੇ ਇਹ ਭੁੱਲ ਗਿਆ ਕਿ ਕਿਸੇ ਵੀ ਹਥਿਆਰਬੰਦ ਬੰਦੇ ਨਾਲ ਲੜਨਾ ਨਹੀਂ ਚਾਹੀਦਾ ! ਪਰ ਭੁੱਲ ਗਿਆ ਕਿ ਇਹ ਮੈਨੂੰ ਮਾਰ ਵੀ ਸਕਦੇ ਆ ! ਪਰ ਕੈਂਦੇ ਹਨ ਹੋਣੀ ਹਾਰ ਮਿਟਾਵੇ ਕੌਣ !
'ਸਾਨੂੰ ਹਟੌਣ ਔਂਦਾ' ਬਿੱਕਰ ਸਿੰਘ ਨੇ ਕਿਹਾ ਜੋ ਕਿ ਅੰਮ੍ਰਿਤਧਾਰੀ ਸਿੰਘ ਸੀ। ਉਸ ਨੇ ਰਾਈਫ਼ਲ ਕਾਕ ਕੀਤੀ ਖੜਕਾ ਹੋਇਆ। ਕਰਨਲ ਨੇ ਕੰਨ ਚੱਕ ਲਏ ਉੱਧਰੋਂ ਬਿੱਕਰ ਨੇ ਨਿਸ਼ਾਨਾ ਲੈ ਲਿਆ। ਸੂਬੇਦਾਰ ਨੇ ਮੂੰਹ ਫੇਰ ਕੇ ਦੇਖਿਆ ਬਿੱਕਰ ਦੀ ਕਲਮੇ ਵਾਲੀ ਉਂਗਲੀ ਨਾਲ ਘੋੜਾ ਨੂੰ ਦਬਾ ਰਿਹਾ ਸੀ !
'ਨਾ ਓਏ ਏਹ ਕੰਮ ਨਾ ਕਰੀਂ' ਸੂਬੇਦਾਰ ਨੇ ਜ਼ੋਰ ਨਾਲ ਕਿਹਾ ਤੇ ਰਾਈਫ਼ਲ ਦੀ ਬੈਰਲ ਕਰਨੀ ਉਤਾਂਹ ਵੱਲ ਸੀ ਪਰ ਹਰਫਲ ਕੇ ਹੇਠਾਂ ਵੱਲ ਕਰ ਦਿੱਤੀ ਉਦੋਂ ਨੂੰ ਬਿੱਕਰ ਨੇ ਘੋੜਾ ਦਬਾ ਦਿੱਤਾ ਬ੍ਰਗੇਡੀਅਰ ਦੇ ਫਾਇਰ ਵੱਜਾ ਉਹ ਡਿੱਗ ਪਿਆ। ਸੂਬੇਦਾਰ ਨੇ ਵਕਤ ਦੀ ਚਾਲ ਨੂੰ ਸਮਝਦਿਆਂ ਹੋਇਆਂ ਆਖ ਦਿੱਤਾ-
'ਮੂਵ' ਗੱਡੀਆਂ ਧੂੜਾਂ ਪੱਟਦੀਆਂ ਪੰਜਾਬ ਨੂੰ ਚੱਲ ਪਈਆਂ ਅਬੋਹਰ ਵਿੱਚ ਵੜਦਿਆਂ ਹੀ ਇੱਕ ਵੱਡਾ ਸਾਰਾ ਗੇਟ ਸੀ ਉਸ ਤੇ ਹਿੰਦੂ ਪਹਿਰਾ ਦੇ ਰਿਹਾ ਸੀ ਗੇਟ ਬੰਦ ਸੀ !
'ਗੇਟ ਖੋਲੋ' ਸੂਬੇਦਾਰ ਨੇ ਜੀਪ ਵਿੱਚੋਂ ਉੱਤਰ ਕੇ ਕਿਹਾ।
'ਓਪਰ ਸੇ ਆਡਰ ਹੈ ਗੇਟ ਨਹੀਂ ਖੋਲਨੇ ਕਾ' ਪਹਿਰੇਦਾਰ ਨੇ ਰੋਅਬ ਨਾਲ ਕਿਹਾ।
'ਗੇਟ ਖੋਲੇਗਾ ਜਾਂ ਓਪਰ ਜਾਨਾ ਹੈ' ਤਾਰੇ ਨੇ ਆ ਕੇ ਕਿਹਾ।
'ਓਪਰ ਭੇਜੇਗਾ ਤੇਰੇ ਬਾਪ ਕਾ ਰਾਜ ਹੈ ਕਿਆ ?' ਪਹਿਰੇਦਾਰ ਨੇ ਕਿਹਾ ਤਾਂ ਤਾਰੇ ਨੂੰ ਗੁੱਸਾ ਆ ਗਿਆ।
'ਖੜ ਸਾਲੇ ਮੇਰੇ ਤੇਰੇ ਕੋ ਬਨਾਊ ਬੰਦੇ ਕਾ ਪੂਤ ਆਗੇ ਫਿਰ ਦੇਖੇਂਗੇ' ਆਖਕੇ ਤਾਰੇ ਨੇ ਗੋਡਿਆਂ ਵਿੱਚ ਫਾਇਰ ਮਾਰਿਆ ਉਹ ਢੇਰੀ ਹੋ ਗਿਆ। ਸਬੇਗ ਨੇ ਉਸ ਦੀ ਜੇਬ ਵਿੱਚੋਂ ਚਾਬੀਆਂ ਕੱਢ ਕੇ ਗੇਟ ਖੋਹਲ ਦਿੱਤਾ ਗੱਡੀਆਂ ਥੋੜੀ ਦੂਰ ਮੇਨ ਰੋਡ ਤੋਂ ਚੱਲ ਕੇ ਲਿੰਕ ਰੋਡ ਤੇ ਪਿੰਡਾਂ ਵਿੱਚਦੀ ਅੰਮ੍ਰਿਤਸਰ ਨੂੰ ਭੱਜੀਆਂ ਜਾ ਰਹੀਆਂ ਸਨ।
ਅੱਗੇ ਬਠਿਡਾ ਆ ਗਿਆ। ਨਕਸ਼ੇ ਮੁਤਾਬਿਕ ਬਠਿੰਡੇ ਤੋਂ ਬਾਘੇ ਪੁਰਾਨੇ ਤੱਕ ਪੱਕੀ ਸੜਕ ਤੇ ਜਾਣਾ ਸੀ ਅਤੇ ਉਸ ਤੋਂ ਬਾਅਦ ਫਿਰ ਪਿੰਡਾਂ ਵਿੱਚਦੀ ਜਾਣਾ ਸੀ ਕਿਉਂਕਿ ਬਠਿੰਡੇ ਤੋਂ ਬਾਘੇ ਪੁਰਾਨੇ ਤੱਕ ਕੋਈ ਫੌਜੀ ਯੂਨਿਟ ਨਹੀਂ ਸੀ। ਬਠਿੰਡੇ ਦੀ ਰੇਲਵੇ ਲਾਈਨ ਪਾਰ ਕਰ ਕੇ ਮੇਨ ਸੜਕ ਤੇ ਚੜਨਾ ਸੀ ਅਤੇ ਰੇਲ ਗੱਡੀਆਂ ਦੀ ਆਵਾਜਾਈ ਹੋਣ ਕਰ ਕੇ ਫਾਟਕ ਬੰਦ ਹੋ ਸਕਦੇ ਸਨ। ਸੂਬੇਦਾਰ ਦੀ ਜੀਪ ਭੱਜੀ ਜਾ ਰਹੀ ਸੀ ਪਿੱਛੇ ਪਿੱਛੇ ਸਾਰੀ ਕਾਨਵਾਈ। ਵਾਇਰਲੈਸ ਅਪਰੇਟਰ ਸਾਰੀ ਕਾਰਵਾਈ ਸੁਣ ਕੇ ਸੂਬੇਦਾਰ ਨੂੰ ਦੱਸ ਰਿਹਾ ਸੀ। ਅੱਧੀ ਕਾਨਵਾਈ ਫਾਟਕ ਪਾਰ ਕਰ ਗਈ।
'ਰੁਕ ਜਾਵੋ ਨਹੀਂ ਤੋ ਭੂੰਨ ਕੇ ਰੱਖ ਦੇਂਗੇ' ਦੁਖਤਾਂ ਦੇ ਝੁੰਡ ਵਿੱਚੋਂ ਚਾਲੀ ਪੰਜਾਹ ਹਿੰਦੂ ਫੌਜੀ ਹਥਿਆਰਾਂ ਸਮੇਤ ਆ ਗਏ ਤੇ ਫਾਇਰਿੰਗ ਸ਼ੁਰੂ ਕਰ ਦਿੱਤੀ ! ਕਾੜ ਕਾੜ ਗੋਲੀਆਂ ਦੀਆ ਆਵਾਜ਼ਾਂ ਆਉਣ ਲੱਗ ਪਈਆਂ ! ਨੇੜੇ ਤੇੜੇ ਦੇ ਲੋਕ ਘਰਾਂ ਵਿੱਚ ਸਹਿਮੇਂ ਹੋਏ ਵਹਿਗੁਰੂ ਦਾ ਜਾਪ ਕਰ ਰਹੇ ਸਨ। ਹਨੇਰਾ ਹੋਣ ਕਰਕੇ ਹੱਥ ਨੂੰ ਹੱਥ ਦਿਖਾਈ ਨਹੀਂ ਦਿੰਦਾ ਫਾਇਰਿੰਗ ਕਿਵੇਂ ਹੋ ਸਕਦੀ ਸੀ। ਚਾਰ ਪੰਜ ਗੱਡੀਆਂ ਹੀ ਘਿਰੀਆਂ ਸਨ ਬਾਕੀ ਸਾਰੇ ਪਿੱਛੇ ਨੂੰ ਮੂੰਹ ਕਰਕੇ ਫਾਇਰਿੰਗ ਕਰਦੇ ਬਚ ਕੇ ਨਿਕਲ ਗਏ ! ਇਹਨਾ ਵਿੱਚ ਵੀ ਇੱਕ ਇੱਕ ਗੱਡੀ ਵਿੱਚ ਪੰਜ ਪੰਜ ਲਾਸ਼ਾਂ ਤੇ ਬਾਕੀ ਜ਼ਖਮੀ ਸਨ ਜੋ ਹਾਏ ਹਾਏ ਕਰ ਰਹੇ ਸਨ। ਹਨੇਰੇ ਵਿੱਚ ਮੱਲਮ ਪੱਟੀ ਦਾ ਸਵਾਲ ਹੀ ਪੈਦਾ ਨਹੀ ਸੀ ਹੁੰਦਾ ! ਖ਼ੂਨ ਨਿਕਲ ਕੇ ਸੜਕ ਨੂੰ ਲਾਲ ਕਰ ਰਿਹਾ ਸੀ ! ਡਰਾਈਵਰਾਂ ਨੇ ਗੱਡੀਆਂ ਸਟਾਰਟ ਕਰਕੇ ਕੋਟਕਪੂਰੇ ਦੇ ਫਾਟਕਾਂ ਦੇ ਰਸਤੇ ਜਾਣ ਦੀ ਬਜਾਏ ਲਿੰਕ ਸੜਕਾਂ ਵਿੱਚ ਦੀ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ ! ਜ਼ਖ਼ਮੀਆਂ ਨੂੰ ਬੇਹੱਦ ਤਕਲੀਫ ਹੁੰਦੀ ਜਦੋਂ ਗੱਡੀ ਕੱਚੇ ਰਸਤੇ ਗੱਡੀ ਦਾ ਟਾਇਰ ਕਿਸੇ ਟੋਏ ਵਿੱਚ ਪੈ ਜਾਂਦਾ ਤੇ ਗੱਡੀ ਜੰਪ ਕਰਦੀ ! ਅੱਗੇ ਕਸਬਾ ਆ ਗਿਆ ਉਥੇ ਗੱਡੀਆ ਰੋਕ ਲਈਆਂ।
'ਪਤਾ ਕਰ ਕਿੰਨੇ ਕੁ ਬਚੇ ਤੇ ਕਿੰਨੇ ਕੁ ਸ਼ਹੀਦ ਹੋਏ ਆ' ਸੂਬੇਦਾਰ ਨੇ ਅਪਰੇਟਰ ਤੋਂ ਪੁੱਛਿਆ।
'ਸਰ ਕੋਈ ਵੀ ਸੈਟ ਚਲਦਾ ਨੀ' ਅਪਰੇਟਰ ਨੇ ਮਾਯੂਸ ਹੋ ਕੇ ਜਵਾਬ ਦਿੱਤਾ। ਵਇਰਲੈਸ ਅਪਰੇਟਰ ਫਿਰ ਵੀ ਮੱਥਾ ਮਾਰ ਰਿਹਾ ਸੀ ਪਰ ਸਾਰੇ ਸੈਟ ਖ਼ਾਮੋਸ਼ ਸਨ ! ਜਵਾਬ ਸੁਣ ਕੇ ਸੂਬੇਦਾਰ ਵੀ ਫਿਕਰਾਂ ਵਿੱਚ ਪੈ ਗਿਆ। ਕਿ ਸ਼ਇਦ ਵਾਰਿਲੈਸ ਅਪਰੇਟਰ ਸ਼ਹੀਦ ਹੋ ਗਿਆ ਬਹੁਤ ਸਾਰੇ ਫੌਜੀ ਦੇਖ ਕੇ ਪਿੰਡ ਵਾਲੇ ਘਬਰਾ ਗਏ। ਕਈ ਭੱਜਕੇ ਅੰਦਰ ਲੁਕ ਗਈ ਅਤੇ ਅੱਧਾ ਕੁ ਪਿੰਡ ਇਕੱਠਾ ਹੋ ਗਿਆ।
'ਭਾਈ ਸਾਹਬ ਡਰੋ ਨਾ ਸਾਨੂੰ ਰੋਟੀ ਟੁੱਕ ਤੇ ਗੱਡੀਆਂ ਵਾਸਤੇ ਤੇਲ ਦੇਵੋ ਤਾਂ ਕਿ ਅਸੀਂ ਅੰਬਰਸਰ ਜਾ ਕੇ ਦੁਸ਼ਮਨਾਂ ਨੂੰ ਸੋਧਾ ਲਾ ਸਕੀਏ' ਸੂਬੇਦਾਰ ਨੇ ਕਿਹਾ ਇਹ ਗੱਲ ਸੁਣ ਕੇ ਸਾਰੇ ਪਿੰਡ ਨੂੰ ਚਾਅ ਚੜ ਗਿਆ। ਕਿਉਂਕਿ ਰੇਡੀਓ ਦੀਆਂ ਖਬਰਾਂ ਤੋਂ ਪਤਾ ਲੱਗ ਗਿਆ ਸੀ ਕਿ ਸਿੱਖ ਫੌਜੀ ਦਰਬਾਰ ਸਾਹਿਬ ਉੱਤੇ ਅਟੈਕ ਤੋਂ ਬਾਅਦ ਬੈਰਕਾਂ ਛੱਡ ਕੇ ਅੰਬਰਸਰ ਵੱਲ ਭੱਜ ਤੁਰੇ ! ਫਟਾ ਫਟ ਸਾਰੇ ਪਿੰਡ ਨੇ ਰੋਟੀਆਂ ਪਕਾਈਆਂ ਥੋੜਾ ਬਹੁਤ ਤੇਲ ਮਿਲਿਆ ਉਹ ਥੋੜਾ ਥੋੜਾ ਵੰਡ ਕੇ ਗੱਡੀਆਂ ਵਿੱਚ ਪਾਇਆ। ਪਟਰੋਲ ਪੰਪ ਤੇ ਗਏ ਉਥੇ ਵੀ ਤੇਲ ਖਤਮ ਦਾ ਬੋਰਡ ਲੱਗਿਆ ਸੀ। ਸੋਚਿਆ ਕਿ ਅੱਗੇ ਕੋਈ ਨਾ ਕੋਈ ਪਟਰੋਲ ਪੰਪ ਆਵੇਗਾ ਉੱਥੋਂ ਟੈਂਕ ਫੁੱਲ ਕਰ ਲਵਾਂਗੇ। ਗੱਡੀਆਂ ਸਟਾਰਟ ਕਰ ਲਈਆਂ।
'ਵੀਰ ਜੀ ਅਸੀਂ ਵੀ ਨਾਲ ਜਾਣਾ' ਸਾਰੇ ਪਿੰਡ ਦੇ ਮੁੰਡੇ ਕੁੜੀਆਂ ਫੌਜੀਆਂ ਦੇ ਨਾਲ ਜਾਣ ਨੂੰ ਇੱਕਠੇ ਹੋ ਕੇ ਆ ਗਏ !
'ਏਹ ਕੋਈ ਕੁੰਭ ਦਾ ਮੇਲਾ ਜਾਂ ਕੋਈ ਸਰਕਸ ਸਿਨਮੇ ਦਾ ਸ਼ੋਅ ਨੀ ਏਹ ਲੜਾਈ ਹੈ ਸੱਚਮੁੱਚ ਅਸਲ 'ਚ ਕੁੜੀਆਂ ਦਾ ਕੋਈ ਕੰਮ ਨੀ ਤੇ ਤੁਸੀਂ ਕਰੋਗੀਆਂ ਕੀ ?' ਹੌਲਦਾਰ ਹਰਦੇਵ ਨੇ ਕਿਹਾ। 'ਅਸੀਂ ਜੀ ਥੋਂਨੂੰ ਮੈਗਜ਼ੀਨਾਂ 'ਚ ਗੋਲੀਆਂ ਭਰ ਭਰ ਦੇਵਾਂਗੀਆਂ' ਕੁੜੀਆਂ ਨੇ ਕਿਹਾ।
'ਤੁਸੀਂ ਸਮਝਦੇ ਕਿਓਂ ਨੀ ਸਿਵਲੀਅਨਾ ਦਾ ਲੜਾਈ 'ਚ ਕੋਈ ਕੰਮ ਨੀ ਬੱਸ ਸਾਡੀ ਚੜਦੀ ਕਲਾ ਵਾਸਤੇ ਅਰਦਾਸ ਕਰਿਓ' ਸੂਬੇਦਾਰ ਨੇ ਕਿਹਾ।
'ਨਈਂ ਨਈਂ ਅਸੀਂ ਤਾਂ ਜਾਣਾ' ਮੁੰਡੇ ਕੁੜੀਆਂ ਨੇ ਜ਼ਿਦ ਫੜ ਲਈ !।
'ਦੇਖੋ ਲੜਾਈ ਸ਼ਸ਼ਤਰਾਂ ਨਾਲ ਲੜੀ ਜਾਂਦੀ ਆ, ਗੱਲਾਂ ਬਾਤਾਂ ਜਾਂ ਜ਼ਜ਼ਬਾਤੀ ਹੋ ਕੇ ਨਹੀਂ' ਸੂਬੇਦਾਰ ਨੇ ਸਮਝਾਇਆ।
'ਠੀਕ ਅਸੀਂ ਘਰਾਂ ਤੋਂ ਬੰਦੂਕਾਂ ਲੈ ਔਨੇ ਆਂ' ਇੱਕ ਕੁੜੀ ਨੇ ਕਿਹਾ।
'ਭੈਣ ਮੇਰੀਏ ਫੌਜੀ ਹਥਿਆਰਾਂ ਸਾਮਣੇ ਥੋਡੀਆਂ ਰਫਲਾਂ ਨੀ ਚੱਲਣੀਆਂ, ਮਾਂ ਸਦਕੇ ਥੱਲੇ ਉੱਤਰੋ ਤੇ ਸਾਨੂੰ ਜਾਣ ਦਿਓ ਸਾਡਾ ਟੈਮ ਨਾ ਖਰਾਬ ਕਰੋ' ਹੌਲਦਾਰ ਹਰਦੇਵ ਨੇ ਵਾਸਤਾ ਪਾਇਆ।
'ਅਸੀਂ ਲੜਾਂਗੀਆਂ' ਕੁੜੀਆਂ ਨੇ ਆਖਿਆ ਤੇ ਸਾਰੇ ਮੁੰਡੇ ਕੁੜੀਆਂ ਗੱਡੀਆਂ ਵਿੱਚ ਚੜ ਗਏ !
'ਦੇਖੋ ਸਿਆਣੇ ਕੈਂਦੇ ਆ "ਸ਼ਸ਼ਤਰ ਬਾਝੋਂ ਸੂਰਮਾਂ ਕਿਸੇ ਕੰਮ ਨਾ ਆਵੇ" ਹੌਲਦਾਰ ਨੇ ਫਿਰ ਵਾਸਤਾ ਪਾਇਆ ਪਰ ਮੁੰਡੇ ਕੁੜੀਆਂ ਟੱਸ ਤੋਂ ਮੱਸ ਨਾ ਹੋਏ। ਮੁੰਡੇ ਕੁੜੀਆਂ ਗੱਡੀਆਂ ਵਿੱਚੋਂ ਉੱਤਰਦੇ ਨਹੀਂ ਸਨ। ਫਿਰ ਫੌਜੀਆਂ ਨੇ ਖਿੱਚ ਖਿੱਚ ਕੇ ਮਿੰਨਤਾਂ ਤਰਲਿਆਂ ਨਾਲ ਥੱਲੇ ਉਤਾਰੇ ਅਤੇ ਰਵਾਨਾ ਹੋ ਗਏ ! ਸਾਰੀ ਰਾਤ ਗੱਡੀਆਂ ਚਲਦੀਆਂ ਰਹੀਆਂ। ਗੱਡੀਆਂ ਦੀ ਤੇਲ ਵਾਲੀ ਸੂਈ ਹੇਠਾਂ ਡਿੱਗ ਰਹੀ ਸੀ ! ਜਿਓਂ ਜਿਓਂ ਤੇਲ ਖਤਮ ਹੋ ਰਿਹਾ ਸੀ ਤਿਓਂ ਤਿਓਂ ਡਰਾਈਵਰਾਂ ਦਾ ਦਿਲ ਡੋਲ ਰਿਹਾ ਸੀ। ਜਿਸ ਪਟਰੌਲ ਪੰਪ ਤੇ ਜਾਂਦੇ ਉਥੇ ਤੇਲ ਖਤਮ ਦਾ ਬੋਰਡ ਲੱਗਿਆ ਹੁੰਦਾ। ਵੈਸੇ ਤੇਲ ਖਤਮ ਨਹੀਂ ਸੀ ਇਹ ਚਾਲ ਸੀ ਕਿ ਭਗੌੜੇ ਫੌਜੀ ਕਿਤੋਂ ਤੇਲ ਨਾ ਪਵਾ ਸਕਣ। ਦਿਨ ਚੜੇ ਤੱਕ ਗੱਡੀਆਂ ਚਲਦੀਆਂ ਰਹੀਆਂ। ਅੱਗੇ ਇੱਕ ਬਹੁਤ ਵੱਡਾ ਪਿੰਡ ਤੇ ਟਿੱਬੇ ਉੱਤੇ ਇੱਕ ਡੇਰਾ ਦਿਸਿਆ ਉੱਥੇ ਬਹੁਤ ਜ਼ਿਆਦਾ ਦ੍ਰਖਤ ਸਨ। ਫੌਜੀਆਂ ਵਾਸਤੇ ਇਹ ਕੁਦਰਤੀ ਕੈਮੋਂਫਲਾਈਜ਼ ਕੰਨਸੀਲਮੈਂਟ ਸੀ। ਸੂਬੇਦਾਰ ਨੇ ਜੀਪ ਡੇਰੇ ਵੱਲ ਮੋੜ ਲਈ। ਡੇਰੇ ਦੇ ਗੇਟ ਤੇ ਲਿਖਿਆ ਸੀ 'ਡੇਰਾ ਬਾਬਾ ਕੁੰਢੇ ਸ਼ਾਹ ਜੀ' ਸਾਰੇ ਫੌਜੀਆ ਨੇ ਡੇਰੇ ਦੇ ਦਰਖਤਾਂ ਵਿੱਚ ਗੱਡੀਆਂ ਲਾ ਦਿੱਤੀਆਂ। ਡੇਰੇ ਦੇ ਸ਼ਰਧਾਲੂ ਵੀ ਸਾਫ ਸਫਾਈਆਂ ਕਰ ਰਹੇ ਸਨ। ਇਹ ਡੇਰਾ ਤਕਰੀਬਨ ਦਸ ਕਿੱਲਿਆਂ ਵਿੱਚ ਸੀ। ਡੇਰੇ ਵਿੱਚ ਗਾਈਆਂ ਰੱਖੀਆਂ ਸਨ। ਬਹੁਤ ਸਾਰੇ ਫੌਜੀ ਦੇਖ ਕੇ ਸੇਵਾਦਾਰ ਘਬਰਾ ਗਏ ਤੇ ਜਾ ਕੇ ਡੇਰੇ ਦੇ ਬਾਬੇ ਨੂੰ ਦੱਸਿਆ।
'ਹਾਂ ਮੈਂ ਵੀ ਸੁਣਿਆਂ ਸੀ ਫੌਜ ਭੱਜ ਕੇ ਅੰਬਰਸਰ ਵੱਲ ਨੂੰ ਜਾ ਰਹੀ ਏ'
'ਕੀ ਕਰੀਏ ਮਹਾਰਾਜ' ਸੇਵਾਦਾਰਾਂ ਨੇ ਪੁੱਛਿਆ।
'ਪੈਲੋਂ ਚਾ ਪਾਣੀ ਪਿਆਵੋ ਜੇ ਕੋਈ ਢਿੱਲਾ ਮੱਠਾ ਤਾਂ ਦੁਆ ਦਾਰੂ ਕਰੋ ਭਾਈ' ਬਾਬੇ ਨੇ ਕਿਹਾ।
'ਏਨਾ ਦੀ ਮੱਦਤ ਕਰਨ ਨਾਲ ਕਿਤੇ ਪੁਲਸ ਆਪਾਂ ਨੂੰ ਨਾ ਖਿੱਚੀ ਫਿਰੇ' ਵਿੱਚੋਂ ਕਿਸੇ ਨੇ ਕਿਹਾ।
'ਆਪਣੇ ਕੋਲ ਹੈ ਕੀ ਅਸੀਂ ਤਾਂ ਸੇਵਾ ਕਰਨੀ ਭਾਈ ਚਾਹੇ ਕੋਈ ਚੋਰ ਹੋਵੇ ਚਾਹੇ ਡਾਕੂ' ਬਾਬੇ ਨੇ ਕਿਹਾ।
'ਗੱਡੀਆਂ 'ਚੋਂ' ਤਾਂ ਜੀ ਹਾਏ ਹਾਏ ਦੀਆਂ ਵਾਜਾਂ ਆ ਰਹੀਆਂ ਨੇ' ਸੇਵਾਦਾਰਾਂ ਨੇ ਕਿਹਾ।
'ਫਿਰ ਛੇਤੀ ਲਾਜ ਕਰੋ' ਬਾਬੇ ਨੇ ਕਿਹਾ ਤਾਂ ਸੇਵਾਦਾਰਾਂ ਤੇ ਫੌਜੀਆਂ ਨੇ ਜ਼ਖ਼ਮੀਆਂ ਨੂੰ ਬਰਾਂਡੇ ਵਿੱਚ ਲਿਟਾ ਦਿੱਤਾ ਕੋਈ ਚਾਲੀ ਪੰਜਾਹ ਫੌਜੀ ਸਨ ਜਿਹਨਾ ਦੇ ਗੋਲੀਆਂ ਲੱਗੀਆਂ ਸਨ। ਲਾਸ਼ਾਂ ਗੱਡੀਆਂ ਵਿੱਚ ਹੀ ਰਹਿਣ ਦਿੱਤੀਆਂ ! ਬਾਬਾ ਜੀ ਨੇ ਚਾਹ ਪਾਣੀ ਪਿਆਉਣ ਵਾਸਤੇ ਕਿਹਾ ਸਾਰੇ ਫੌਜੀ ਭੁੱਖੇ ਭਾਣੇ ਸਨ। ਚਾਹ ਨੂੰ ਟੁੱਟ ਕੇ ਪੈ ਗਏ ਕੁਛ ਰਾਤ ਦੀਆਂ ਰੋਟੀਆਂ ਸਨ ਉਹ ਵੀ ਵੰਡ ਕੇ ਖਾ ਗਏ। ਤਿੰਨ ਸੌ ਫੌਜੀਆਂ ਵਿੱਚ ਦੋ ਕੁ ਸੌ ਰਹਿ ਗਏ ਕੁਛ ਸ਼ਹੀਦ ਹੋ ਗਏ ਕੁਛ ਜ਼ਖ਼ਮੀ ਤੇ ਕੁਛ ਲਾ-ਪਤਾ ਹੋ ਗਏ ! ਜ਼ਖ਼ਮੀਆਂ ਦੀ ਮੱਲਮ ਪੱਟੀ ਚੱਲ ਰਹੀ ਸੀ। ਪਿੰਡ ਵਿਚੋਂ ਆਰ ਐਮ ਪੀ ਡਾਕਟਰ ਬੁਲਾ ਲਿਆ ਉਸ ਨੇ ਫੌਜੀਆਂ ਦੇ ਸਰੀਰਾਂ ਵਿੱਚੋਂ ਗੋਲੀਆਂ ਕੱਢ ਕੇ ਮੱਲਮ ਪੱਟੀ ਕੀਤੀ।
ਅਚਾਨਕ ਇੱਕ ਹੈਲੀਕਾਪਟਰ ਆ ਕੇ ਗੇੜਾ ਕੱਢ ਕੇ ਮੁੜ ਗਿਆ।
'ਅੱਜ ਤੱਕ ਤਾਂ ਕੋਈ ਜਹਾਜ ਇੱਥੇ ਆਇਆ ਨੀ ਅੱਜ ਕਿਵੇਂ ਆ ਗਿਆ ? ਬਾਬੇ ਨੇ ਸੇਵਾਦਾਰਾਂ ਤੋਂ ਪੁੱਛਿਆ। ਸੇਵਾਦਾਰ ਵੀ ਰੱਬ ਦੀਆਂ ਦਿੱਤੀਆ ਖਾਣ ਵਾਲੇ ਸਨ ਉਹਨਾ ਨੂੰ ਲੜਾਈਆਂ ਦੇ ਦਾਅ ਪੇਚ ਦਾ ਕੀ ਪਤਾ ਸੀ।
'ਸਾਬ ਪੋਜੀਸ਼ਨਾਂ ਲੈ ਲਈਏ ਹੈਲੀਕਾਪਟਰ ਰੈਕੀ ਕਰਕੇ ਚਲਾ ਗਿਆ' ਅਪਰੇਟਰ ਨੇ ਕਿਹਾ।
'ਮਲਕੀਤ ਸਿੰਘ ਤੂੰ ਤੇਰੇ ਚਾਰ ਸਾਥੀ ਆਪਣੀ ਆਪਣੀ ਐਲ ਐਮ ਜੀ ਕਿਸੇ ਉੱਚੀ ਜਗਾ ਫਿੱਟ ਕਰੋ ਕਿਉਂਕਿ ਦੁਸ਼ਮਨ ਦਾ ਕੋਈ ਪਤਾ ਨੀ ਅਵੇਸਲੇ ਨਾ ਹੋਵੋ, ਮਹਿੰਦਰ ਸਿੰਘ ਤੂੰ ਚਾਰ ਪੰਜ ਫੌਜੀ ਲੈ ਕੇ ਜ਼ਖ਼ਮੀਆਂ ਦੀ ਦੇਖ ਭਾਲ ਕਰ ਅਤੇ ਸਾਰੇ ਆਪੋ ਆਪਣੇ ਬਚਾ ਵਾਸਤੇ ਮੋਰਚੇ ਪੱਟੋ ਥੋੜਾ ਚਿਰ ਆਰਾਮ ਕਰਨ ਤੋਂ ਬਾਦ ਆਪਾਂ ਅੰਬਰਸਰ ਨੂੰ ਚਾਲੇ ਪਾ ਦੇਣੇ ਆ ਮੂਵ' ਸੂਬੇਦਾਰ ਨੇ ਕਿਹਾ ਹੁਕਮ ਦੀ ਦੇਰ ਸੀ ਕਿ ਸਾਰਿਆਂ ਨੇ ਮੋਰਚੇ ਪੱਟ ਕੇ ਆਪੋ ਆਪਣੀਆਂ ਪੁਜ਼ੀਸ਼ਨਾਂ ਲੈ ਲਈਆਂ।
'ਬਾਬਾ ਜੀ ਇੱਕ ਕ੍ਰਿਪਾ ਸਾਡੇ ਤੇ ਹੋਰ ਕਰੋ'
'ਕੀ ਭਗਤੋ' ?
'ਜੀ ਸਾਡੀਆਂ ਗੱਡੀਆਂ 'ਚ' ਤੇਲ ਖਤਮ ਆ ਸਾਨੂੰ ਅੱਗੇ ਜਾਣ ਵਾਸਤੇ ਤੇਲ ਚਾਈਦੈ'
'ਕੋਈ ਗੱਲ ਨੀ ਮੈਂ ਸੇਵਾਦਾਰ ਭੇਜ ਕੇ ਬੰਦੋਬਸਤ ਕਰਦਾਂ' ਬਾਬਾ ਜੀ ਨੇ ਕਿਹਾ ਪਰ ਫ਼ਿਕਰਾਂ ਵਿੱਚ ਪੈ ਗਿਆ ਕਿ ਜਿਹੜੇ ਫੌਜੀ ਟ੍ਰੈਕਟਰ ਟਰਾਲੀਆਂ ਰੋਕ ਸਕਦੇ ਹਨ ਤੇ ਉਹ ਕੇਨੀਆ ਵਿੱਚ ਤੇਲ ਕਿਵੇਂ ਲਿਜਾਣ ਦੇਣਗੇ ? ਬਾਬਾ ਸਿਰ ਫੜ ਕੇ ਬੈਠ ਗਿਆ। ਕਿ ਪਿੰਡ ਵਿੱਚ ਐਨੀਆਂ ਗੱਡੀਆਂ ਵਾਸਤੇ ਤੇਲ ਕਿੱਥੇ ?


When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834




# ਪਾਠਕਾਂ ਦਾ ਨਜ਼ਰੀਆ

## ਕੇਜਰੀਵਾਲ ਦੀ ਸਾਨਦਾਰ ਜਿੱਤ ਪੰਜਾਬੀਆਂ ਲਈ ਖਤਰੇ ਦੀ ਘੰਟੀ

ਕੇਜਰੀਵਾਲ ਦੀ ਪੰਜਾਬ ਦੀ ਮਿਊਂਸਪਲ ਕਾਰਪੋਰੇਸਨ ਦੇ ਅਧਿਕਾਰਾਂ ਵਰਗੇ ਅਧਿਕਾਰਾਂ ਵਾਲੇ ਰਾਜ ਦਿੱਲੀ ਦੀ ਵਿਧਾਨ ਸਭਾ ਦੀ ਚੋਣ ਅੰਦਰ 63/70 ਨਾਲ ਸਾਨਦਾਰ ਜਿੱਤ , ਵਧਾਈਆਂ ਤੇ ਲੋਕਾਂ ਦੇ ਫਤਵੇ ਨੂੰ ਪਰਵਾਨ ਕਰੋ !!!

ਪਰ ਪੰਜਾਬੀਓ , ਜਰਾ ਬੱਚਕੇ ਮੋੜ ਤੋਂ .. ਤੁਹਾਡੇ ਲਈ ਇਹ ਖਤਰੇ ਦੀ ਘੰਟੀ ਵੀ ਹੈ ...

ਭਲਾ ਕਿਵੇਂ ???

* ਜਿੱਤ ਤੋਂ ਬਾਅਦ ਲੋਕਾਂ ਨੂੰ " ਭਾਰਤ ਮਾਤਾ ਕੀ ਜੈ " ਅਤੇ " ਬੰਦੇ ਮਾਤਰਮ " ਦਾ ਨਾਹਰਾ ਲਾਉਂਦਿਆਂ ਕੇਜਰੀਵਾਲ ਨੇ ਇਸਨੂੰ ਭਾਰਤ ਮਾਤਾ ਦੀ ਜਿੱਤ ਦੇ ਨਾਲ ਨਾਲ ਹਿੰਦੂ ਦੇਵਤਾ ਹਨੂੰਮਾਨ ਜੀ ਦੀ ਅਸੀਰਵਾਦ ਕਰਾਰ ਦਿੱਤਾ ਹੈ।

* ਕੇਜਰੀਵਾਲ ਨੇ ਆਪਣੇ ਸੰਬੋਧਨ ਅੰਦਰ ਭਾਜਪਾ-ਰਸਸ ਦੀ ਨਫਰਤੀ ਰਾਜਨੀਤੀ , ਹਿੰਦੂ-ਮੁਸਲਮਾਨ ਪਾਲਾਬੰਦੀ , ਹਿੰਦੋਸਤਾਨ - ਪਾਕਿਸਤਾਨ ਦੇ ਵਿਚਕਾਰ ਯੁੱਧ ਤੇ ਹਿੰਦੂ ਰਾਸਟਰਵਾਦ ਬਾਰੇ ਇਕ ਸਬਦ ਵੀ ਨਹੀ ਬੋਲਿਆ।

* ਉਸਨੇ ਭਾਜਪਾ-ਰਸਸ ਦੀ ਨਫਰਤੀ ਰਾਜਨੀਤੀ ਦਾ ਸਿਆਸੀ ਵਿਰੋਧ ਕਰਨ ਦੀ ਲੋੜ ਤੋਂ ਮੂੰਹ ਭੁਆਕੇ ਆਪਣੇ ਅਧਿਕਾਰ ਹੇਠਲੇ ਮੁੱਦਿਆਂ ਸਬੰਧੀ ਚੰਗੇ ਪਰਸਾਸਨ ਨੂੰ ਹੀ ਮੁਲਕ ਲਈ ਨਵੀ ਰਾਜਨੀਤੀ ਵਜੋਂ ਪੇਸ ਕੀਤਾ ਹੈ।

* ਸਾਨੂੰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਕਸਮੀਰ ਬਾਰੇ ਧਾਰਾ 370 ਤੇ 35 ਏ ਦੇ ਖਾਤਮੇ ਤੇ ਕਸਮੀਰ ਦੇ ਸੂਬਾਈ ਦਰਜੇ ਨੂੰ ਖਤਮ ਕਰਨ ਦੇ ਮੋਦੀ ਸਰਕਾਰ ਦੇ ਫੈਸਲੇ ਦਾ ਉਸਨੇ ਸਮਰਥਨ ਕੀਤਾ ਹੈ ਤੇ , ਤੇ ਦੇ ਖਿਲਾਫ ਅੰਦੋਲਨ ਨਾਲੋਂ ਤੇ ਸਾਹੀਨ ਬਾਗ ਦੇ ਮੋਰਚੇ ਨਾਲੋਂ ਆਪਣੇ ਆਪ ਨੂੰ ਨਾ ਸਿਰਫ ਵੱਖ ਕੀਤਾ ਹੈ ਸਗੋਂ ਵੋਟਾਂ ਤੋਂ ਕੁੱਝ ਦਿਨ ਪਹਿਲਾਂ ਇਹ ਐਲਾਨ ਵੀ ਕੀਤਾ ਕਿ ਜੇ ਦਿੱਲੀ ਪੁਲਿਸ ਮੇਰੇ ਅਧੀਨ ਹੁੰਦੀ ਤਾਂ ਉਹ ਦੋ ਘੰਟੇ ਵਿੱਚ ਸਾਹੀਨ ਬਾਗ ਦੇ ਧਰਨੇ ਨੂੰ ਹਟਾ ਦਿੰਦਾ।

* ਇਹੀ ਕਾਰਨ ਹੈ ਕਿ ਦਿੱਲੀ ਅੰਦਰ ਸੀਟਾਂ ਦੀ ਗਿਣਤੀ ਵਿੱਚ ਬੁਰੀ ਤਰਾਂ ਮਾਰ ਖਾਣ ਦੇ ਬਾਵਜੂਦ ਭਾਜਪਾ-ਰਸਸ ਦੀ ਨਫਰਤੀ ਰਾਜਨੀਤੀ ਨੇ 2015 ਵਾਲੀ ਵਿਧਾਨ ਸਭਾ ਦੀ ਚੋਣ ਵਾਲੇ ਅਧਾਰ , ਆਪਣੇ ਵੋਟ ਹਿੱਸੇ ਨੂੰ 32% ਤੋਂ ਵਧਾਕੇ 40% ਕਰ ਲਿਆ ਹੈ।

.. ਹੁਣ ਪੰਜਾਬ ਬਾਰੇ ਗੱਲ ਕਰੀਏ

* ਪੰਜਾਬ ਬਾਰੇ ਹੁਣ ਤੱਕ ਕਾਂਗਰਸ-ਭਾਜਪਾ ਦੀ ਸਿਆਸੀ ਪਹੁੰਚ ਤੇ ਕੀਤੇ ਸਾਰੇ ਫੈਸਲਿਆਂ ਦਾ ਉਹ ਡੱਟਵਾਂ ਹਿਮਾਇਤੀ ਹੈ। ਪੰਜਾਬ ਦੇ ਪਾਣੀਆਂ, ਪਣ ਬਿਜਲੀ 'ਤੇ ਮਾਰੇ ਡਾਕੇ ਤੇ ਹੈਡਵਰਕਸਾਂ ਦਾ ਕੇਂਦਰ ਕੋਲ ਕੰਟਰੋਲ ਹੋਣ ਦਾ ਹਾਮੀ ਹੈ ਕੇਜਰੀਵਾਲ ਤੇ ਉਸਨੇ ਇਸ ਸੰਬੰਧੀ ਸੁਮਰੀਮ ਕੋਰਟ ਵਿੱਚ ਹਲਫੀਆ ਬਿਆਨ ਵੀ ਦਿੱਤਾ ਹੋਇਆ ਹੈ।

* ਪੰਜਾਬ ਨੂੰ ਰਾਹਤ ਲੈਣ ਲਈ ਜਰੂਰੀ ਹੈ ਕਿ ਪਾਕਿਸਤਾਨ ਨਾਲ ਅਮਨ ਸਾਂਤੀ ਤੇ ਦੋਸਤੀ ਦਾ ਮਹੌਲ ਸਥਾਪਤ ਕੀਤਾ ਜਾਵੇ।ਪਾਕਿਸਤਾਨ ਨਾਲ ਖੁੱਲੇ ਵਪਾਰ ਲਈ ਬਾਰਡਰ ਖੋਲੇ ਜਾਣ। ਪੰਜਾਬ ਅੰਦਰ ਅੰਮ੍ਰਿਤਸਰ ਤੇ ਚੰਡੀਗੜ ਦੇ ਹਵਾਈ ਅੱਡਿਆਂ ਤੋਂ ਯੂਰਪ ਤੇ ਅਮਰੀਕਾ ਲਈ ਸਿੱਧੀਆਂ ਕੌਮਾਂਤਰੀ ਹਵਾਈ ਉਡਾਣਾਂ ਸੁਰੂ ਕੀਤੀਆਂ ਜਾਣ। ਪਰ ਇਹਨਾ ਬਾਰੇ ਇਹ ਪੱਕਾ ਰਾਸਟਰਵਾਦੀ ਗੱਲ ਕਰਨ ਨੂੰ ਵੀ ਤਿਆਰ ਨਹੀ ਹੈ।

* ਪੰਜਾਬ ਨੂੰ ਤੇ ਦੇਸ ਨੂੰ ਵੀ ਹੋਰ ਅੱਗੇ ਵਿਕਾਸ ਕਰਨ ਲਈ ਫੈਡਰਲ ਢਾਂਚੇ ਦੀ ਜਰੂਰਤ ਹੈ ਪਰ ਆਪ ਦਾ ਇਹ ਏਜੰਡਾ ਹੀ ਨਹੀ ਹੈ।

* ਪਹਿਲਾਂ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਇਸਨੇ ਆਪ ਨਾਲ ਜੁੜੀ ਪੰਜਾਬ ਦੀ ਸਿਆਸੀ ਲੀਡਰਸਿੱਪ ਨੂੰ ਕਤਲ ਕੀਤਾ ਤੇ ਕੋਈ ਜਥੇਬੰਦਕ ਢਾਂਚਾ ਹੀ ਨਹੀ ਬਣਨ ਦਿੱਤਾ ਤੇ ਹੁਣ ਵੀ ਉਹ ਪੰਜਾਬ ਤੇ ਸਿੱਖ ਪੱਖੀ ਸਿਆਸਤ ਅਪਣਾਉਣ ਨਹੀ ਦੇਵੇਗਾ।

... ਗੱਲਾਂ ਤਾਂ ਹੋਰ ਵੀ ਬਹੁਤ ਨੇ ਪਰ ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ ਵਾਲੀ ਕਹਾਵਤ ਅਨੁਸਾਰ ਪੰਜਾਬੀਆਂ ਨੇ ਕੇਜਰੀਵਾਲ ਦੇ ਝਾਂਸੇ ਵਿੱਚ ਆਉਣ ਤੋਂ ਪਹਿਲਾਂ ਵੀ ਇਨਕਾਰ ਕੀਤਾ ਹੈ ਤੇ ਹੁਣ ਵੀ ਖਬਰਦਾਰ ਰਹਿਣ ਦੀ ਜਰੂਰਤ ਹੈ। ਦਿੱਲੀ ਦੀ ਜਿੱਤ ਦੀ ਆੜ ਵਿੱਚ ਇਹ ਬਹੁਰੂਪੀਆ ਗੈਂਗ ਤੁਹਾਨੂੰ ਸਿਰਫ ਚੰਗੇ ਪਰਸਾਸਨ ਦੇ ਜਾਲ ਵਿੱਚ ਫਸਾਉਣ ਲਈ ਸਾਜਿਸਾਂ ਰਚੇਂਗਾ।

ਪਰ ਪੰਜਾਬ ਨੂੰ ਪੰਜਾਬ ਦੇ ਪਰਸੰਗ ਵਿੱਚ ਚੰਗੇ ਪਰਸਾਸਨ ਦੇ ਨਾਲ ਨਾਲ ਇਕ ਬਦਲਵੀਂ ਤੇ ਫੈਡਰਲ ਸਿਆਸਤ ਵਾਲੇ ਏਜੰਡੇ ਦੀ ਸਭ ਤੋਂ ਸਿਰਮੌਰ ਜਰੂਰਤ ਹੈ ...

**ਮਲਵਿੰਦਰ ਸਿੰਘ ਮਾਲੀ**

## ਦਲੀ ਵਾਲੀ ਮੁਫਤਖੋਰੀ ਦੀ ਲੁੱਟ

ਦਿਲੀ ਮਹਿੰਗੀ ਜ਼ਮੀਨ ਜਾਇਦਾਦ ਵਾਲਾ ਸ਼ਹਿਰ ਹੈ . ਉਤਰੀ ਭਾਰਤ ਦੇ ਵਪਾਰ ਦਾ ਸਭ ਤੋਂ ਵੱਡਾ ਕੇਂਦਰ .ਦੇਸ ਭਰ ਦੀ ਲੁੱਟ ਦੇ ਮਾਲ ਦਾ ਘਰ . ਪੰਜਾਬ ਤੋਂ ਮੁਫਤੋ ਮੁਫਤ ਲੁਟਿਆ ਪਾਣੀ ਅਤੇ 23 ਪੈਸੇ ਪ੍ਰੀ ਯੂਨਿਟ ਬਿਜਲੀ . ਮੁਕਦੀ ਗਲ, ਅਲੀ ਬਾਬਾ ਚਾਲੀ ਚੋਰਾਂ ਵਾਲੇ ਸਾਰੇ ਮਾਲ ਦਾ ਭੰਡਾਰ . ਦਿਲੀ ਸੁਪਰ ਅਮੀਰ ਹੈ . ਸਿਰ ਤੇ ਕੋਈ ਕਰਜ਼ਾ ਨਹੀਂ . ਇਸ ਸ਼ਹਿਰ ਦੀ ਸਰਕਾਰ ਕੋਲ ਪੈਸੇ ਦੀ ਕੋਈ ਕਮੀ ਨਹੀਂ . ਕਮੀ ਹੈ ਤਾਂ ਬਸ ਪਰਬੰਧਨ ਦੀ .ਰਾਜ ਪਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਦੇ ਮਾਮੂਲੀ ਯਤਨ ਤੁਹਾਨੂੰ ਬਹੁਤ ਵਡਾ ਰਾਜਸੀ ਇਵਜ਼ਾਨਾ ਪਰਦਾਨ ਕਰਦੇ ਹਨ . ਭ੍ਰਿਸ਼ਟ ਕਾਂਗਰਸ ਦੀ ਮੁਕਾਬਤਨ ਸਾਫ ਸੁਥਰਾ ਪਰਬੰਧ ਦੇਣ ਵਾਲੀ ਸ਼ੀਲਾ ਦੀਕਸ਼ਤ ਦਸ ਪੰਦਰਾਂ ਸਾਲ ਚਲਦੀ ਰਹੀ . ਇਹੀ ਕਹਾਣੀ ਕੇਜਰੀਵਾਲ ਦੀ ਹੈ .

ਭਗਤੋ ! ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਬਾਜ਼ ਆਉ .ਤੁਸੀਂ ਕਹਿੰਦੇ ਹੋ ਦਿਲੀ ਵਾਲੀ ਮੁਫਤਖੋਰੀ ਦੀ ਲੁੱਟ ਪੰਜਾਬ ਵਿਚ ਵੀ ਵਰਤਾਵਾਂਗੇ . ਪਹਿਲਾਂ ਬੈਠ ਕੇ ਹਿਸਾਬ ਕਰੋ : ਪੰਜਾਬ ਉਪਰ ਕਲੋਨੀਅਨ ਲੁੱਟ ਦੇ 2.70 ਲਖ ਕਰੋੜ ਕਰਜ਼ੇ ਅਤੇ ਉਸ ਉਤੇ ਪੰਜਾਬ ਦੀ ਕੁਲ ਆਮਦਨ ਜਿੰਨੇ ਪੈਂਦੇ ਸਾਲਾਨਾ ਸੂਦ ਦੀ ਅਦਾਇਗੀ ਕਿਹੜੀ ਮਾਸੀ ਤੋਂ ਮੰਗ ਕੇ ਪੂਰੀ ਕਰੋਗੇ ? ਪੰਜਾਬ ਨਾਲ ਫਰਾਡ ਕਰਨਾ ਬੰਦ ਕਰੋ . ਕਿਤੇ ਇਥੇ ਆਉਂਦੇ ਆਉਂਦੇ ਦਿਲੀ ਦਾ ਰਾਜ ਵੀ ਖੁਹਾ ਕੇ ਨਾ ਬੈਠ ਜਾਇਉ .

**ਸੁਖਦੇਵ ਸਿੰਘ ਸੀਨੀਅਰ ਪਤਰਕਾਰ**

## ਸੋਸ਼ਲ ਮੀਡੀਆ ਤੇ ਪੰਜਾਬ

ਲੋਕਾਂ ਨਾਲ ਵਾਅਦੇ ਕਰਕੇ ਸੱਤਾ ਵਿੱਚ ਆਈ ਮੌਜੂਦਾ ਪੰਜਾਬ ਸਰਕਾਰ ਆਪਣੇ ਕਹੇ ਅਨੁਸਾਰ ਲੋਕ ਵਾਅਦੇ ਨਿਭਾਉਣੋਂ ਖੁੰਝ ਗਈ। ਸੋਸ਼ਲ ਮੀਡੀਆ ਰਾਹੀਂ ਲੋਕਾਂ ਨੇ ਇਸ ਸਰਕਾਰ ਨੂੰ ਕੀਤੇ ਵਾਅਦਿਆਂ ਦਾ ਅਹਿਸਾਸ ਕਰਵਾਉਣ ਲਈ ਗੱਡਵਾਂ ਪ੍ਰਚਾਰ ਕੀਤਾ। ਨਤੀਜਾ ਇਹ ਨਿਕਲਿਆ ਕਿ ਅੱਜ ਲੋਕ ਮਨਾਂ ਵਿੱਚ ਇਸ ਚੁਣੀ ਹੋਈ ਸਰਕਾਰ ਪ੍ਰਤੀ ਕੋਈ ਬਹੁਤੀ ਦਿਲਚਸਪੀ ਨਹੀਂ ਰਹੀ। ਸੋਸ਼ਲ ਮੀਡੀਆ ਉੱਤੇ ਹਜ਼ਾਰਾਂ ਲੱਖਾਂ ਲੋਕਾਂ ਕੋਲ ਘੁੰਮਦੀਆਂ ਪੋਸਟਾਂ ਕਿਸੇ ਮੁੱਦੇ ਨੂੰ ਐਨਾ ਵੱਡਾ ਬਣਾ ਦਿੰਦਿਆਂ ਹਨ ਕਿ ਲੋਕ ਉਸ ਦੇ ਖਿਲਾਫ ਲਾਮਬੰਦ ਹੋਣੇ ਸ਼ੁਰੂ ਹੋ ਜਾਂਦੇ ਹਨ। ਪੰਜਾਬ ਵਿੱਚ ਸੋਸ਼ਲ ਮੀਡੀਆ ਦੇ ਇਸ ਪ੍ਰਚਾਰ ਦੀ ਭੇਂਟ ਦੋ ਵੱਡੀਆਂ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਚੜ ਗਈਆਂ। ਅਕਾਲੀ ਦਲ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਮੌਕੇ ਕੀਤੀਆਂ ਗਲਤੀਆਂ ਨੂੰ ਸੋਸ਼ਲ ਮੀਡੀਆਂ ਰਾਹੀਂ ਦੁਨੀਆਂ ਦੇ ਹਰ ਕੋਨੇ ਵਿੱਚ ਬੈਠੇ ਸਿੱਖ ਨੇ ਦੇਖਿਆ। ਨਤੀਜਾ ਇਹ ਨਿਕਲਿਆ ਕਿ ਅੱਜ ਇਸ ਪਾਰਟੀ ਦੇ ਪ੍ਰਧਾਨ ਨੂੰ ਆਪਣੀ ਅਤੇ ਆਪਣੀ ਪਾਰਟੀ ਦੀ ਸਾਖ ਬਚਾਉਣ ਲਈ ਕੋਈ ਥਹੁ ਟਿਕਾਣਾ ਨਹੀਂ ਲੱਭ ਰਿਹਾ। ਉਸ ਦੇ ਸਾਥੀ ਨੇਤਾ ਉਸ ਨੂੰ ਛੱਡ ਕੇ ਜਾ ਰਹੇ ਹਨ, ਕਿਉਂਕਿ ਜਦੋਂ ਕੋਈ ਲੁਕਿਆ ਹੋਇਆ ਸੱਚ ਲੋਕਾਂ ਆਹਮਣੇ ਆ ਕੇ ਚਰਚਾ ਦਾ ਵਿਸ਼ਾ ਬਣਦਾ ਹੈ ਤਾਂ ਬਦਨਾਮੀ ਡਰੋਂ ਹਰ ਕੋਈ ਪਾਸੇ ਹੋਣਾ ਠੀਕ ਸਮਝਦਾ ਹੈ। ਅਜਿਹੇ ਸੱਚ ਜੇਕਰ ਅੱਜ ਲੋਕ ਕਚਹਿਰੀ ਵਿੱਚ ਆਏ ਹਨ ਤਾਂ ਉਹ ਸੋਸ਼ਲ ਮੀਡੀਆ ਦੀ ਹੀ ਬਦੌਲਤ ਹਨ।

ਸਭ ਨੇ ਦੇਖਿਆ ਹੋਣਾ ਹੈ ਕਿ ਜਦੋਂ ਬਰਗਾੜੀ ਵਿਖੇ ਗੋਲ਼ੀ ਚਲਦੀ ਹੈ ਤਾਂ ਸ਼ਾਂਤਮਈ ਧਰਨੇ ਉੱਤੇ ਬੈਠੀ ਸੰਗਤ ਅਤੇ ਪੁਲਿਸ ਦਰਮਿਆਨ ਜਬਰਦਸਤ ਟਕਰਾ ਹੁੰਦਾ ਹੈ। ਰਹਿਮ ਦੇ ਸਭ ਪੱਲੇ ਛੱਡ ਕੇ ਪੁਲਿਸ ਸਿੱਖ ਸੰਗਤ ਉੱਤੇ ਅੰਨਾ ਤਸ਼ੱਦਦ ਢਾਹੁੰਦੀ ਹੈ। ਇਹ ਸਾਰਾ ਘਟਨਾਕ੍ਰਮ ਸੀ.ਸੀ.ਟੀ.ਵੀ ਕੈਮਰਿਆਂ ਵਿੱਚ ਰਿਕਾਰਡ ਹੋਇਆ, ਜੋ ਬਾਅਦ ਵਿੱਚ ਸਭ ਨੇ ਸੋਸ਼ਲ ਮੀਡੀਆ ਰਾਹੀਂ ਦੇਖਿਆ। ਇਹ ਦੇਖਣ ਤੋਂ ਬਾਅਦ ਸਾਫ ਜ਼ਾਹਿਰ ਹੁੰਦਾ ਹੈ ਕਿ ਇਹ ਸਭ ਉਸ ਸਮੇਂ ਦੀ ਹਾਕਮ ਅਕਾਲੀ ਸਰਕਾਰ ਦੇ ਕਹੇ ਉੱਤੇ ਹੋਇਆ ਸੀ। ਅਜਿਹੀਆਂ ਸਚਾਈਆਂ ਅੱਜ ਲੋਕਾਂ ਸਾਹਮਣੇ ਸੋਸ਼ਲ ਮੀਡੀਆਂ ਦੀ ਹੋਂਦ ਕਾਰਨ ਹੀ ਆਉਣੀਆਂ ਸੰਭਵ ਹੋਈਆਂ ਹਨ।ਇਸਦੇ ਉਲਟ ਪੰਜਾਬ ਹਿਤੈਸ਼ੀ ਅਤੇ ਲੋਕ ਮੁੱਦਿਆਂ ਨੂੰ ਪਹਿਲ ਦੇਣ ਵਾਲੇ ਸਿਆਸੀ ਆਗੂਆਂ ਲਈ ਸੋਸ਼ਲ ਮੀਡੀਆ ਇੱਕ ਵੱਡਾ ਸ਼ਸਤਰਸਾਬਿਤ ਹੋਇਆ ਹੈ ਜੋ ਉਹਨਾਂ ਦੇ ਪ੍ਰਚਾਰ ਦਾ ਮੁੱਖ ਵਸੀਲਾ ਵੀ ਹੈ। ਇਸਦੇ ਜ਼ਰੀਏ ਇਹ ਪੰਜਾਬ ਹਿਤੈਸ਼ੀ ਆਗੂ ਅੱਜ ਪੰਜਾਬੀਆਂ ਦੇ ਮਨਾਂ ਵਿੱਚ ਵਸ ਗਏ ਹਨ। ਸੋਸ਼ਲ ਮੀਡੀਆ ਦੀ ਤਾਕਤ ਨੇ ਉਹਨਾਂ ਪਾਰਟੀਆਂ ਅਤੇ ਆਗੂਆਂ ਦੀਆਂ ਗੋਡਣੀਆਂ ਲਵਾ ਦਿੱਤੀਆਂ ਜਿਹਨਾਂ ਦੀ ਸਿਆਸੀ ਧਾਕ ਕਈ ਕਿਲੋਮੀਟਰ ਤੱਕ ਗੂੰਜਦੀ ਸੀ। ਚੰਗੀ ਗੱਲ ਹੈ ਜੇ ਸਮਾਜਿਕ ਤੌਰ ਉੱਤੇ ਲੋਕਾਂ ਨੂੰ ਜਾਗਰੂਕ ਕਰਦਾ ਹੋਇਆ ਸੋਸ਼ਲ ਮੀਡੀਆ ਇਸੇ ਤਰਾਂ ਇੱਕ ਆਮ ਵਿਅਕਤੀ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਿਆ ਰਹੇ।

**ਪ੍ਰੋ. ਧਰਮਜੀਤ ਸਿੰਘ ਮਾਨ**

## ਕੁਰੋਨਾ ਦਾ ਕਹਿਰ - ਮਨੁੱਖ ਲਈ ਸੋਚਣ ਦਾ ਵੇਲਾ

ਚੀਨ ਦਾ ਇੱਕ ਸੂਬਾ ਹੈ ਹੂਵੇਈ। ਇਸ ਸੂਬੇ ਵਿੱਚ ਕਰੋਨਾ ਵਾਇਰਸ ਨੇ ਲੋਕਾਂ ਨੂੰ ਲਿਤਾੜ ਸੁਟਿਆ। 910 ਵਿਅਕਤੀ ਮੌਤ ਦੇ ਮੂੰਹ ਚਲੇ ਗਏ ਹਨ। 40 651 ਦੀ ਗਿਣਤੀ ਵਿੱਚ ਲੋਕ ਇਸ ਭਿਅੰਕਰ ਵਾਇਰਸ ਨੇ ਆਪਣੇ ਲਪੇਟੇ ਵਿੱਚ ਲੈ ਲਏ ਹਨ। ਇਹ ਤੇਜ਼ੀ ਨਾਲ ਫੈਲਣ ਵਾਲਾ ਵਾਇਰਸ ਕਰੋਨਾ ਦੁਨੀਆਂ ਦੇ 25 ਦੇਸ਼ਾਂ ਵਿੱਚ ਫੈਲ ਚੁੱਕਾ ਹੈ। ਇਹ ਸਾਰੀ ਦੁਨੀਆਂ ਲਈ ਚਿੰਤਾ ਦਾ ਵਿਸ਼ਾ ਹੈ। ਵਿਸ਼ਵ ਸਿਹਤ ਸੰਗਠਨ ਨੇ ਇਸ ਪੈਦਾ ਹੋਈ ਭਿਅੰਕਰ ਸਥਿਤੀ ਨੂੰ ਅੰਤਰਰਾਸ਼ਟਰੀ ਸਿਹਤ ਐਮਰਜੈਂਸੀ ਗਰਦਾਨਿਆ ਹੈ। ਕਿਹਾ ਜਾ ਰਿਹਾ ਹੈ ਕਿ ਕਰੋਨਾ ਵਾਇਰਸ ਚਮਗਿੱਦੜ ਤੋਂ ਫੈਲਦਾ ਹੈ, ਇਸ ਵਾਇਰਸ ਕਾਰਨ ਫਲੂ ਅਤੇ ਨਮੋਨੀਆ ਦੇ ਲੱਛਣ ਮਨੁੱਖੀ ਸਰੀਰ ਵਿੱਚ ਵੇਖੇ ਜਾ ਸਕਦੇ ਹਨ। ਸਾਲ 2002 ਵਿੱਚ ਚੀਨ ਵਿੱਚ ਸਾਰਸ ਫੈਲਿਆ ਸੀ, ਪਰ ਕਰੋਨਾ ਵਾਇਰਸ ਉਸ ਨਾਲੋਂ ਵੀ ਖਤਰਨਾਕ ਮੰਨਿਆ ਜਾ ਰਿਹਾ ਹੈ, ਕਿਉਂਕਿ ਇਹ ਛੂਤ ਦੀ ਬਿਮਾਰੀ ਵਾਂਗ ਬਹੁਤ ਹੀ ਤੇਜ਼ੀ ਨਾਲ ਫੈਲਦਾ ਹੈ ਅਤੇ ਪੀੜਤ ਤੋਂ ਅੱਗੋਂ ਹੋਰ ਸਿਹਤਮੰਦ ਲੋਕਾਂ ਨੂੰ ਆਪਣੀ ਪਕੜ ਵਿੱਚ ਲਿਆਉਣ ਲਈ ਦੇਰੀ ਨਹੀਂ ਲਾਉਂਦਾ।

ਇਹ ਵਾਇਰਸ ਵਿਸ਼ਵ ਅਰਥ ਵਿਵਸਥਾ ਲਈ ਵੱਡੀ ਚਣੌਤੀ ਬਣਕੇ ਖੜ ਗਿਆ ਹੈ। ਇਸਦਾ ਅਸਰ ਚੀਨ ਦੀ ਅਰਥ ਵਿਵਸਥਾ ਉੱਤੇ ਪੈ ਰਿਹਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਚੀਨ ਮੈਨੂਫੈਕਚਰਿੰਗ ਦਾ ਕੇਂਦਰ ਬਣ ਕੇ ਉੱਭਰਿਆ ਹੈ। ਕਰੋਨਾ ਵਾਇਰਸ ਕਾਰਨ ਵੱਡੀਆਂ ਕੰਪਨੀਆਂ ਨੇ ਆਪਣੇ ਮੈਨੂਫੈਕਚਰਿੰਗ ਯੂਨਿਟ ਬੰਦ ਕਰ ਦਿੱਤੇ ਹਨ। ਇਸਦਾ ਅਸਰ ਚੀਨ ਦੀ ਵਿਕਾਸ ਦਰ ਉੱਤੇ ਵੀ ਪਿਆ ਹੈ, ਜੋ ਪਿਛਲੇ ਦਿਨਾਂ ਵਿੱਚ 6.1 ਫ਼ੀਸਦੀ ਤੋਂ ਘਟਕੇ 5.6 ਫ਼ੀਸਦੀ ਹੋ ਸਕਦੀ ਹੈ। ਚੀਨ ਦੇ ਬਾਅਦ ਦੁਨੀਆਂ ਭਰ ਵਿੱਚ ਫੈਲ ਰਹੇ ਕਰੋਨਾ ਵਾਇਰਸ ਉੱਤੇ ਜੇਕਰ ਜਲਦੀ ਕਾਬੂ ਨਹੀਂ ਪਾਇਆ ਜਾਂਦਾ ਤਾਂ ਭਾਰਤੀ ਦਵਾ ਉਦਯੋਗ ਵੀ ਇਸਦੀ ਲਪੇਟ ਵਿੱਚ ਆ ਸਕਦਾ ਹੈ। ਕਿਉਂਕਿ ਭਾਰਤ ਦੀਆਂ ਦਵਾਈਆਂ ਬਣਾਉਣ ਵਾਲੀਆਂ ਬਹੁਤੀਆਂ ਕੰਪਨੀਆਂ ਚੀਨ ਉੱਤੇ ਨਿਰਭਰ ਕਰਦੀਆਂ ਹਨ। ਮੌਜੂਦਾ ਹਾਲਾਤ ਵਿੱਚ ਚੀਨ ਤੋਂ ਆਯਾਤ ਪ੍ਰਭਾਵਤ ਹੋਣ 'ਤੇ ਦਵਾਈਆਂ ਦੇ ਉਦਯੋਗ ਉੱਤੇ ਅਸਰ ਪੈਣਾ ਤੈਅ ਹੈ। ਸਾਡੀਆਂ ਦਵਾ ਕੰਪਨੀਆਂ ਦੀ ਕੁਲ ਆਯਾਤ ਦਾ 67.56 ਫ਼ੀਸਦੀ ਚੀਨ ਦੀ ਹਿੱਸੇਦਾਰੀ ਹੈ। ਜੇਕਰ ਚੀਨ ਤੋਂ ਇਹਨਾਂ ਦਵਾਈਆਂ ਦਾ ਕੱਚਾ ਮਾਲ ਪ੍ਰਾਪਤ ਨਹੀਂ ਹੁੰਦਾ ਤਾਂ ਉਸਦਾ ਅਸਰ ਸਾਧਾਰਨ ਵਿਅਕਤੀਆਂ ਵਲੋਂ ਵਰਤੀਆਂ ਜਾਂਦੀਆਂ ਦਵਾਈਆਂ 'ਤੇ ਹੋਵੇਗਾ ਜੋ ਮਹਿੰਗੀਆਂ ਹੋ ਜਾਣਗੀਆਂ ਅਤੇ ਸਧਾਰਨ ਮਰੀਜ਼ਾਂ ਨੂੰ ਵੀ ਮਹਿੰਗਾ ਇਲਾਜ ਕਰਾਉਣ ਪਵੇਗਾ।

ਅਸਲ ਵਿੱਚ ਮਨੁੱਖ ਨੇ ਜਦੋਂ ਤੋਂ ਕੁਦਰਤ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ ਹੈ, ਜੰਗਲਾਂ ਦੀ ਕਟਾਈ ਦਾ ਰਸਤਾ ਫੜਕੇ ਅੰਨੇਵਾਹ ਵਿਕਾਸ ਦੇ ਨਾਮ ਉੱਤੇ ਕੁਰਦਤੀ ਸਰੋਤਾਂ ਅਤੇ ਸੋਮਿਆਂ ਦੀ ਦੁਰਵਰਤੋਂ ਕਰਨੀ ਸ਼ੁਰੂ ਕੀਤੀ ਹੈ; ਖਾਦਾਂ, ਕੀਟਨਾਸ਼ਕਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ; ਆਪਣੇ ਸਾਥੀ ਪਸ਼ੂਆਂ, ਜੀਵਾਂ ਜੰਤੂਆਂ ਨੂੰ ਮਾਰ ਵੱਢ ਕਰਕੇ ਆਪਣੀ ਖਾਣ ਸਮੱਗਰੀ ਵਿੱਚ ਸ਼ਾਮਲ ਕਰ ਲਿਆ ਹੈ, ਉਦੋਂ ਤੋਂ ਮਨੁੱਖ ਅਤੇ ਕੁਦਰਤ ਵਿੱਚ ਆਪਸੀ ਵਿਗਾੜ ਪੈਦਾ ਹੋਣਾ ਸ਼ੁਰੂ ਹੋਇਆ ਹੈ। ਇਸ ਵਿਗਾੜ ਕਾਰਨ ਹੀ ਸਮੇਂ ਸਮੇਂ ਮਨੁੱਖ ਕੁਦਰਤ ਦੀ ਮਾਰ ਸਹਿੰਦਾ ਹੈ। ਮਨੁੱਖ ਵਲੋਂ ਆਪੇ ਬੀਜੀਆਂ ਜ਼ਹਿਰਾਂ, ਉਹਦੇ ਸਰੀਰ ਨੂੰ ਘੁਣ ਵਾਂਗ ਖਾ ਰਹੀਆਂ ਹਨ। ਚੰਗੇਰੇ ਸਮਾਜ ਦੀ ਸਿਰਜਣਾ ਅਤੇ ਤੰਦਰੁਸਤ ਸਿਹਤਮੰਦ ਮਨੁੱਖੀ ਜ਼ਿੰਦਗੀ ਲਈ ਜਿੱਥੇ ਕੁਦਰਤ ਨਾਲ ਸਾਂਝ ਪਾਉਣੀ ਜ਼ਰੂਰੀ ਹੈ, ਉੱਥੇ ਸਮਾਜਿਕ ਅਸਮਾਨਤਾ ਖ਼ਤਮ ਕਰਕੇ ਸਭਨਾਂ ਲਈ ਸਾਰੇ ਬਰਾਬਰ ਸਾਧਨ ਹੋਣੇ ਵੀ ਤਾਂ ਜ਼ਰੂਰੀ ਹਨ।

**ਗੁਰਮੀਤ ਸਿੰਘ ਪਲਾਹੀ**

## ਕਸ਼ਮੀਰ ਨਾਲ ਦਗਾ

ਜਦੋਂ ਪਿਛਲੇ ਸਾਲ 5 ਅਗਸਤ ਨੂੰ ਧਾਰਾ 370 ਹਟਾਈ ਗਈ ਤਾਂ ਭਾਰਤ ਸਰਕਾਰ ਨੇ ਉਨਾਂ ਲੋਕਾਂ ਨੂੰ ਹੀ ਬਘਿਆੜਾਂ ਹਵਾਲੇ ਕਰ ਦਿੱਤਾ ਜਿਹੜੇ ਵਾਦੀ ਵਿਚ ਲਗਾਤਾਰ ਭਾਰਤ ਅਤੇ ਭਾਰਤੀ ਹਿੱਤਾਂ ਨਾਲ ਡਟ ਕੇ ਖੜੇ ਰਹੇ। ਇਹ ਬਹੁਤ ਦੁੱਖਦਾਈ ਸੀ ਕਿਉਂਕਿ ਆਪਣੀਆਂ ਸਾਰੀਆਂ ਖਾਮੀਆਂ ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਦੇ ਬਾਵਜੂਦ ਐੱਨਸੀ ਤੇ ਪੀਡੀਪੀ ਨੇ ਕਸ਼ਮੀਰੀ ਮੁਸਲਿਮ ਲੋਕ ਰਾਇ ਦੇ ਉਸ ਹਿੱਸੇ ਦੀ ਨੁਮਾਇੰਦਗੀ ਕੀਤੀ ਜਿਹੜਾ ਭਾਰਤ ਨਾਲ ਭਾਰਤੀ ਸੰਵਿਧਾਨ ਦੇ ਚੌਖਟੇ ਵਿਚ ਇੱਜਤਦਾਰ ਢੰਗ ਨਾਲ ਜੁੜਿਆ ਰਹਿਣ ਦਾ ਖਾਹਿਸ਼ਮੰਦ ਸੀ।

ਆਖਿਆ ਜਾ ਸਕਦਾ ਹੈ ਕਿ ਇਹ 'ਭਾਰਤ-ਪੱਖੀ' ਕਸ਼ਮੀਰੀ ਲੋਕ ਰਾਇ ਕਦੇ ਵੀ ਬਹੁਗਿਣਤੀ ਵਿਚ ਨਹੀਂ ਸੀ; ਪਰ ਇਹ ਕਦੇ ਮਹੱਤਵਹੀਣ ਵੀ ਨਹੀਂ ਹੋਈ। ਵਾਦੀ ਵਿਚ ਖਾਸਕਰ 1990 ਦਾ ਦਹਾਕਾ ਬਹੁਤ ਖੂਨ-ਖਰਾਬੇ ਵਾਲਾ ਸੀ, ਪਰ 2002 ਦੀਆਂ ਚੋਣਾਂ ਤੋਂ ਬਾਅਦ ਹਿੰਸਾ ਘਟੀ ਤੇ ਸੈਰ ਸਪਾਟਾ ਵਧਿਆ। ਇਸ ਨਾਲ ਆਸ ਦੀ ਕਿਰਨ ਦਿਖਾਈ ਦਿੱਤੀ ਜਿਸ ਨੇ ਮੌਕੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਕਸ਼ਮੀਰੀਆਂ ਵੱਲ ਦੋਸਤੀ ਦਾ ਹੱਥ ਵਧਾਉਣ ਲਈ ਉਤਸ਼ਾਹਿਤ ਕੀਤਾ। ਉਨਾਂ ਦੇ ਜਾਨਸ਼ੀਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਇਸ ਗੱਲ ਨੂੰ ਤਸਲੀਮ ਕੀਤਾ ਕਿ ਆਮ ਕਸ਼ਮੀਰੀਆਂ ਦੀ ਭਾਰਤ ਪ੍ਰਤੀ ਖਿੱਚ ਵਧਾਉਣ ਲਈ ਜਰੂਰੀ ਸੀ ਕਿ ਸਾਡੇ ਸੰਵਿਧਾਨਕ ਬਹੁਲਤਾਵਾਦ ਨੂੰ ਮਜਬੂਤ ਕੀਤਾ ਜਾਵੇ ਤੇ ਨਾਲ ਹੀ ਭਾਰਤ ਦੀ ਮਾਲੀ ਤਰੱਕੀ ਦਾ ਮੁਜਾਹਰਾ ਕੀਤਾ ਜਾਵੇ। ਜੇ ਕਸ਼ਮੀਰੀਆਂ ਨੂੰ ਮਾਣ-ਸਤਿਕਾਰ ਦਿੱਤਾ ਜਾਵੇ, ਉਨਾਂ ਦੇ ਸੱਭਿਆਚਾਰ ਤੇ ਅਕੀਦੇ ਦੀ ਰਾਖੀ ਤੇ ਇੱਜਤ ਹੋਵੇ ਅਤੇ ਨਾਲ ਹੀ ਖਾਸਕਰ ਕਸ਼ਮੀਰੀ ਨੌਜਵਾਨਾਂ ਦੀ ਕੌਮੀ ਅਰਥਚਾਰੇ ਵਿਚ ਆਪਣੀ ਪੇਸ਼ੇਵਰ ਤਰੱਕੀ ਦੀ ਆਸ ਬੱਝੇ ਤਾਂ ਹੋ ਸਕਦਾ ਹੈ ਕਿ ਉਨਾਂ ਨੂੰ ਪਾਕਿਸਤਾਨ ਨਾਲ ਜੁੜਨ ਜਾਂ ਆਜਾਦ ਕਸ਼ਮੀਰ ਨਾਲੋਂ ਭਾਰਤ ਨਾਲ ਜੁੜੇ ਰਹਿਣਾ ਜਿਆਦਾ ਸਹੀ ਜਾਪੇ।

ਮੋਦੀ ਸਰਕਾਰ ਦੀਆਂ 5 ਅਗਸਤ 2019 ਤੇ ਇਸ ਤੋਂ ਬਾਅਦ ਦੀਆਂ ਕਾਰਵਾਈਆਂ ਨੇ ਸਾਰੀਆਂ ਉਮੀਦਾਂ 'ਤੇ ਹੀ ਪਾਣੀ ਫੇਰ ਦਿੱਤਾ ਹੈ ਘੱਟੋ-ਘੱਟ ਅਗਲੇ ਕਾਫੀ ਸਾਲਾਂ ਲਈ ਤਾਂ ਜਰੂਰ। ਕਸ਼ਮੀਰੀ ਕਿਉਂ ਮੰਨਣ ਕਿ ਉਨਾਂ ਨੂੰ ਭਾਰਤ ਦੀ ਆਰਥਿਕ ਤਰੱਕੀ ਦਾ ਫਾਇਦਾ ਹੋਵੇਗਾ, ਜਦੋਂ ਸਿਰਫ ਉਨਾਂ ਨੂੰ ਹੀ ਇੰਟਰਨੈੱਟ ਅਤੇ ਸੰਚਾਰ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦੋਂ ਉਨਾਂ ਦੇ ਉਗਾਏ ਫਲਾਂ, ਉਨਾਂ ਦੇ ਸੈਰ ਸਪਾਟੇ ਅਤੇ ਦਸਤਕਾਰੀਆਂ ਉੱਤੇ ਭਾਰਤ ਸਰਕਾਰ ਦੀਆਂ ਹਾਲੀਆ ਨੀਤੀਆਂ ਤੇ ਫੈਸਲਿਆਂ ਕਾਰਨ ਬਹੁਤ ਮਾੜਾ ਅਸਰ ਪਿਆ ਹੈ? ਕਸ਼ਮੀਰੀ ਕਿਵੇਂ ਇਸ ਗੱਲ 'ਤੇ ਇਤਬਾਰ ਕਰਨਗੇ ਕਿ ਉਨਾਂ ਦੇ ਸੱਭਿਆਚਾਰ ਦਾ ਸਤਿਕਾਰ ਹੋਵੇਗਾ, ਜਦੋਂ ਹਾਕਮ ਪਾਰਟੀ ਅਤੇ ਇਸ ਦੇ ਸੀਨੀਅਰ ਮੰਤਰੀਆਂ ਵੱਲੋਂ ਆਏ ਦਿਨ ਮੁਸਲਮਾਨਾਂ ਨੂੰ ਦੇਸ਼ ਲਈ ਵੱਡੇ ਤੋਂ ਵੱਡੇ ਖਤਰੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ? ਅਤੇ ਅਖੀਰ, ਕਸ਼ਮੀਰੀ ਕਿਉਂ ਭਾਰਤ ਸਰਕਾਰ ਵਿਚ ਕੋਈ ਸਿਆਸੀ ਭਰੋਸਾ ਰੱਖਣਗੇ, ਜਦੋਂ ਇਸ ਨੇ ਸੂਬੇ ਦੇ ਤਿੰਨ ਸਾਬਕਾ ਮੁੱਖ ਮੰਤਰੀਆਂ ਨੂੰ ਜੇਲਾਂ ਵਿਚ ਸੁੱਟਿਆ ਹੋਇਆ ਹੈ, ਜਦੋਂਕਿ ਇਨਾਂ ਵਿਚੋਂ ਕਿਸੇ ਨੇ ਨਾ ਹਿੰਸਾ ਦਾ ਪ੍ਰਚਾਰ ਕੀਤਾ ਤੇ ਨਾ ਹਿੰਸਕ ਢੰਗ-ਤਰੀਕੇ ਵਰਤੇ ਹਨ ਅਤੇ ਇਨਾਂ ਸਾਰਿਆਂ ਨੇ ਹੀ ਭਾਰਤੀ ਸੰਵਿਧਾਨ ਦੀ ਸਹੁੰ ਚੁੱਕੀ ਸੀ?

ਵਾਪਸ 1990ਵਿਆਂ ਵੱਲ ਪਰਤੀਏ ਤਾਂ ਆਖਿਆ ਜਾ ਸਕਦਾ ਹੈ ਕਿ ਉਹ ਪਾਕਿਸਤਾਨ ਦੀ ਸ਼ਹਿ ਤੇ ਮਾਲੀ ਇਮਦਾਦ ਹਾਸਲ ਦਹਿਸ਼ਤਗਰਦ ਹੀ ਸਨ ਜਿਨਾਂ ਨੇ ਕਸ਼ਮੀਰੀ ਮੁੱਖਧਾਰਾ ਨੂੰ ਨਿਸ਼ਾਨਾ ਬਣਾਇਆ। ਹੁਣ ਇਹ ਕੰਮ ਖੁਦ ਭਾਰਤ ਸਰਕਾਰ ਕਰ ਰਹੀ ਹੈ। ਜਦੋਂ ਵਾਦੀ ਵਿਚ ਇਸਲਾਮੀ ਦਹਿਸ਼ਤਗਰਦੀ ਚੋਟੀ 'ਤੇ ਸੀ ਤਾਂ ਉੱਥੇ ਸਾਂਝੇ ਤੇ ਧਰਮ ਨਿਰਪੱਖ ਤਾਣੇ-ਬਾਣੇ ਨੂੰ ਬਚਾਉਣ ਲਈ ਆਰਐੱਸਐੱਸ ਦੇ ਕਿਸੇ ਕਾਰਕੁਨ ਨੇ ਜਾਨ ਦੀ ਕੁਰਬਾਨੀ ਨਹੀਂ ਦਿੱਤੀ। ਸਗੋਂ (ਜਿਵੇਂ ਅਨਿਲ ਨੌਰੀਆ ਨੇ ਦਸਤਾਵੇਜੀ ਤੌਰ 'ਤੇ ਸਾਬਿਤ ਕੀਤਾ) ਅਜਿਹਾ ਕਰਨ ਵਾਲੇ ਨੈਸ਼ਨਲ ਕਾਨਫਰੰਸ ਤੇ ਪੀਡੀਪੀ ਦੇ ਕਾਰਕੁਨ ਸਨ। ਹੁਣ ਸਾਡੀ ਸਰਕਾਰ ਨੇ ਐੱਨਸੀ ਤੇ ਪੀਡੀਪੀ ਦੇ ਆਗੂਆਂ ਨੂੰ ਬਹੁਤ ਹੀ ਸ਼ੱਕੀ ਤੇ ਫੋਕੇ ਇਲਜਾਮਾਂ ਤਹਿਤ ਜੇਲਾਂ ਵਿਚ ਡੱਕਿਆ ਹੋਇਆ ਹੈ। ਅਸੀਂ ਉਨਾਂ ਲੋਕਾਂ ਨਾਲ ਹੀ ਦਗਾ ਕਮਾਇਆ ਹੈ ਜਿਹੜੇ ਕਸ਼ਮੀਰ ਵਿਚ ਸਾਡੇ ਨਾਲ ਡਟ ਕੇ ਖੜੋਤੇ ਰਹੇ।

**ਰਾਮਚੰਦਰ ਗੁਹਾ**

## ਸਿਆਸਤ ਦਾ ਅਪਰਾਧੀਕਰਨ

ਜ਼ਾਹਰ ਹੈ ਕਿ ਕਾਨੂੰਨ ਦਾ ਸ਼ਾਸਨ ਰਿਹਾ ਹੁੰਦਾ ਤਾਂ ਦੋਵਾਂ ਧਿਰਾਂ ਨੂੰ ਆਪਸ ਵਿਚ ਜੁਝਣ ਦੀ ਨੌਬਤ ਨਹੀਂ ਆਉਂਦੀ। ਸਵਾਲ ਇਹ ਹੈ ਕਿ ਇਸ ਦੇਸ਼ ਵਿਚ ਕਾਨੂੰਨ ਦਾ ਸ਼ਾਸਨ ਕਿਉਂ ਕਮਜ਼ੋਰ ਹੈ? ਆਮ ਅਪਰਾਧਾਂ ਵਿਚ ਇਸ ਦੇਸ਼ ਵਿਚ ਅਦਾਲਤੀ ਸਜ਼ਾ ਦਾ ਪ੍ਰਤੀਸ਼ਤ ਕਿਉਂ ਸਿਰਫ਼ 46 ਹੈ ਜਦਕਿ ਇਹ ਅੰਕੜਾ ਅਮਰੀਕਾ ਵਿਚ 93 ਪ੍ਰਤੀਸ਼ਤ ਅਤੇ ਜਾਪਾਨ ਵਿਚ 99 ਪ੍ਰਤੀਸ਼ਤ ਹੈ? ਜਵਾਬ ਸਪਸ਼ਟ ਹੈ ਕਿ ਜਦ ਨਿਆਇਕ ਅਪਰਾਧਕ ਪ੍ਰਕਿਰਿਆ ਰਾਹੀਂ ਅਪਰਾਧੀਆਂ ਨੂੰ ਸਜ਼ਾ ਨਹੀਂ ਮਿਲ ਪਾਉਂਦੀ ਤਦ ਹੀ ਪੀੜਤ ਵਿਅਕਤੀ ਬਾਹੂਬਲੀਆਂ ਦੀ ਸ਼ਰਨ ਵਿਚ ਜਾਂਦਾ ਹੈ। ਦੇਸ਼ ਦੀਆਂ ਅਨੇਕ ਥਾਵਾਂ 'ਤੇ ਆਪੋ-ਆਪਣੇ ਭਾਈਚਾਰਿਆਂ ਦੇ ਆਪੋ-ਆਪਣੇ ਬਾਹੂਬਲੀ ਪੈਦਾ ਹੋ ਗਏ ਹਨ। ਉਹ ਖ਼ਾਸ ਸਮੂਹ ਵਿਚ ਮਕਬੂਲ ਹਨ। ਉਨ੍ਹਾਂ ਨੂੰ ਸਿਆਸੀ ਪਾਰਟੀਆਂ ਟਿਕਟ ਦਿੰਦੀਆਂ ਹਨ। ਇਕ ਪਾਰਟੀ ਨਹੀਂ ਦੇਵੇਗੀ ਤਾਂ ਦੂਜੀ ਦੇ ਦੇਵੇਗੀ। ਕੋਈ ਨਹੀਂ ਦੇਵੇਗੀ ਤਾਂ ਉਹ ਆਜ਼ਾਦ ਉਮੀਦਵਾਰ ਬਣ ਜਾਣਗੇ। ਅਨੇਕ ਨੇਤਾ ਸਵਾਲ ਕਰਦੇ ਹਨ ਕਿ ਅਸੀਂ ਬਘਿਆੜ ਦੇ ਵਿਰੁੱਧ ਕਿਸੇ ਬੱਕਰੀ ਨੂੰ ਤਾਂ ਉਮੀਦਵਾਰ ਨਹੀਂ ਬਣਾ ਸਕਦੇ? ਇਸ ਲਈ ਦੇਸ਼ ਵਿਚ ਸੰਸਦ ਤੇ ਵਿਧਾਨ ਸਭਾਵਾਂ ਵਿਚ ਬਘਿਆੜਾਂ ਦਾ ਹੜ੍ਹ ਜਿਹਾ ਆ ਗਿਆ ਹੈ। ਕਈ ਜਗ੍ਹਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ। ਇਸ ਤਰ੍ਹਾਂ ਸੰਸਦ ਤੇ ਵਿਧਾਨ ਸਭਾਵਾਂ ਦਾ ਸਰੂਪ ਬਦਲਦਾ ਜਾ ਰਿਹਾ ਹੈ। ਇਹ ਤੈਅ ਹੈ ਕਿ ਰਾਜਨੀਤਕ ਪਾਰਟੀਆਂ ਚੋਣਾਂ ਹਾਰਨ ਦਾ ਕੋਈ ਖ਼ਤਰਾ ਮੁੱਲ ਨਹੀਂ ਲੈਣਗੀਆਂ।

ਰਾਜਨੀਤੀ ਵਿਚ ਅਪਰਾਧੀਆਂ ਅਤੇ ਧਨ ਦਾ ਪ੍ਰਭਾਵ 1967 ਦੇ ਨੇੜੇ-ਤੇੜੇ ਤੋਂ ਹੀ ਵੱਧਣ ਲੱਗਾ ਸੀ। ਹਾਲਾਂਕਿ ਉਦੋਂ ਤੋਂ ਹੀ ਇਸ ਵਿਰੁੱਧ ਆਵਾਜ਼ਾਂ ਬੁਲੰਦ ਹੋ ਰਹੀਆਂ ਹਨ। ਫਿਰ ਵੀ 'ਮਰਜ਼ ਬੜਤਾ ਗਯਾ, ਜਯੋਂ-ਜਯੋਂ ਦਵਾ ਕੀ ਗਈ!' ਚੋਣ ਕਮਿਸ਼ਨ ਇਸ ਦੌਰਾਨ ਸਮੇਂ-ਸਮੇਂ ਚੋਣ ਸੁਧਾਰ ਨਾਲ ਸਬੰਧਤ 40 ਸੁਝਾਅ ਭਾਰਤ ਸਰਕਾਰ ਨੂੰ ਭੇਜ ਚੁੱਕਾ ਹੈ ਪਰ ਅਫ਼ਸੋਸ, ਅਜੇ ਤਕ ਕੋਈ ਸੁਣਵਾਈ ਨਹੀਂ ਹੋਈ। ਸਿੱਟੇ ਵਜੋਂ ਸੰਸਦ ਵਿਚ ਹੁਣ ਦਾਗੀ ਸੰਸਦ ਮੈਂਬਰਾਂ ਦੀ ਗਿਣਤੀ 43 ਫ਼ੀਸਦੀ ਹੋ ਗਈ ਹੈ ਜੋ 2004 ਵਿਚ 24 ਫ਼ੀਸਦੀ ਸੀ। ਅਜਿਹੇ ਵਿਚ ਲੋਕ ਸਭਾ ਦੀਆਂ ਅਗਲੀਆਂ ਤਿੰਨ-ਚਾਰ ਆਮ ਚੋਣਾਂ ਦੇ ਨਤੀਜਿਆਂ ਦਾ ਅਨੁਮਾਨ ਲਗਾ ਲਓ। ਕੀ ਸੁਪਰੀਮ ਕੋਰਟ ਇਸ ਨੂੰ ਇੰਜ ਹੀ ਹੋਣ ਦੇਵੇਗੀ?

ਗੁਜ਼ਰੇ ਜ਼ਮਾਨੇ ਵਿਚ ਲਾਠੀਆਂ ਅਤੇ ਹਥਿਆਰਾਂ ਦੇ ਜ਼ੋਰ 'ਤੇ ਚੋਣ ਬੂਥਾਂ 'ਤੇ ਕਬਜ਼ੇ ਕਰ ਕੇ ਬਾਹੂਬਲੀ ਕਿਸਮ ਦੇ ਲੋਕ ਨੇਤਾਵਾਂ ਨੂੰ ਜਿਤਾਉਂਦੇ ਸਨ। ਉਹ ਜਿੱਤ ਵਿਚ ਅਸਿੱਧੀ ਭੂਮਿਕਾ ਨਿਭਾਉਂਦੇ ਸਨ ਪਰ ਬਾਅਦ ਵਿਚ ਬਾਹੂਬਲੀ ਟਾਵੇਂ-ਟਾਵੇਂ ਖ਼ੁਦ ਹੀ ਚੋਣ ਲੜਨ ਲੱਗੇ ਕਿਉਂਕਿ ਉਨ੍ਹਾਂ ਨੇ ਸੋਚਿਆ ਕਿ ਜਦ ਅਸੀਂ ਉਨ੍ਹਾਂ ਨੂੰ ਜਿਤਾ ਸਕਦੇ ਹਾਂ ਤਾਂ ਖ਼ੁਦ ਵੀ ਜਿੱਤ ਸਕਦੇ ਹਾਂ। ਫਿਰ ਕਈ ਜਗ੍ਹਾ ਬਾਹੂਬਲੀ ਪਹਿਲਾਂ ਆਜ਼ਾਦ ਉਮੀਦਵਾਰ ਵਜੋਂ ਜਿੱਤੇ। ਉਸ ਤੋਂ ਬਾਅਦ ਦੇ ਸਾਲਾਂ ਵਿਚ ਸਿਆਸੀ ਪਾਰਟੀਆਂ ਵੀ ਬਾਹੂਬਲੀਆਂ ਨੂੰ ਟਿਕਟਾਂ ਦੇਣ ਲੱਗੀਆਂ। ਹਾਲਾਂਕਿ 1997 ਵਿਚ ਹੀ ਸੰਸਦ ਵਿਚ ਸਰਬਸੰਮਤੀ ਨਾਲ ਪ੍ਰਸਤਾਵ ਪੇਸ਼ ਕਰ ਕੇ ਸਿਆਸਤ ਦੇ ਅਪਰਾਧੀਕਰਨ 'ਤੇ ਚਿੰਤਾ ਪ੍ਰਗਟਾਈ ਗਈ ਸੀ ਅਤੇ ਉਸ ਨੂੰ ਰੋਕਣ ਦੀ ਕੋਸ਼ਿਸ਼ ਦਾ ਤਹੱਈਆ ਕੀਤਾ ਗਿਆ ਸੀ ਪਰ ਹੋਇਆ ਕੁਝ ਵੀ ਨਹੀਂ। ਦਰਅਸਲ, ਉਹ ਨੇਤਾਵਾਂ ਦੇ ਮਗਰਮੱਛ ਵਾਲੇ ਹੰਝੂ ਸਨ। ਸੁਪਰੀਮ ਕੋਰਟ ਇਸ ਸਮੱਸਿਆ ਦੇ ਹੱਲ ਲਈ ਸਮੇਂ-ਸਮੇਂ ਕਾਰਗਰ ਕਦਮ ਚੁੱਕਦੀ ਰਹੀ ਹੈ। ਉਸ ਦੀ ਤਾਜ਼ਾ ਪਹਿਲ ਵੀ ਕਾਬਿਲੇਤਾਰੀਫ਼ ਹੈ। ਹਾਲਾਂਕਿ ਉਸ ਦੀਆਂ ਅਜੇ ਤਕ ਦੀਆਂ ਪਹਿਲਾਂ ਦਾ ਸੀਮਤ ਅਸਰ ਹੀ ਹੋਇਆ ਹੈ। ਹੁਣ ਦੇਖਣਾ ਇਹ ਹੈ ਕਿ ਉਸ ਦੀ ਹਾਲੀਆ ਪਹਿਲਕਦਮੀ ਕਿੰਨੀ ਅਸਰਦਾਰ ਸਿੱਧ ਹੁੰਦੀ ਹੈ? ਇਸ ਦਾ ਖ਼ਦਸ਼ਾ ਹੈ ਕਿ ਸਿਆਸੀ ਪਾਰਟੀਆਂ ਦਾਗੀ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਨ ਲਈ ਚੋਰ ਮੋਰੀਆਂ ਲੱਭ ਸਕਦੀਆਂ ਹਨ। ਅਜਿਹੇ ਵਿਚ ਸੁਪਰੀਮ ਕੋਰਟ ਨੂੰ ਇਸ ਮੁੱਦੇ 'ਤੇ ਨਿਰੰਤਰ ਨਿਗਰਾਨੀ ਕਰਦੇ ਰਹਿਣਾ ਚਾਹੀਦਾ ਹੈ। ਦੂਜੇ ਪਾਸੇ ਜਨਤਾ ਵੀ ਘੱਟ ਕਸੂਰਵਾਰ ਨਹੀਂ ਹੈ। ਉਹ ਦਾਗ਼ੀਆਂ ਨੂੰ ਵੋਟਾਂ ਪਾਉਂਦੀ ਹੈ, ਤਾਂ ਹੀ ਉਹ ਜਿੱਤਦੇ ਹਨ। ਜੇ ਵੋਟਰ ਉਨ੍ਹਾਂ ਨੂੰ ਚੋਣਾਂ ਵਿਚ ਹਰਾ ਕੇ ਸਬਕ ਸਿਖਾਉਣ ਤਾਂ ਸਰਬਉੱਚ ਅਦਾਲਤ ਨੂੰ ਘਾਲਣਾ ਘਾਲਣ ਦੀ ਜ਼ਰੂਰਤ ਹੀ ਨਾ ਪਵੇ। ਭਾਰਤ ਦੀ ਇਹ ਤ੍ਰਾਸਦੀ ਰਹੀ ਹੈ ਕਿ ਇੱਥੇ ਨੇਤਾ ਚੋਣਾਂ ਸਮੇਂ ਲੋਕਾਂ ਵਿਚ ਸ਼ਰਾਬ, ਨਸ਼ੇ, ਤਰ੍ਹਾਂ-ਤਰ੍ਹਾਂ ਦੇ ਤੋਹਫ਼ੇ ਤੇ ਨਕਦੀ ਵੰਡ ਕੇ ਵੋਟਾਂ ਖ਼ਰੀਦ ਕੇ ਜਿੱਤ ਜਾਂਦੇ ਹਨ। ਹੋਰ ਵੀ ਕਈ ਹੱਥਕੰਡੇ ਅਪਣਾ ਕੇ ਉਹ ਆਪਣੀ ਜਿੱਤ ਪੱਕੀ ਕਰ ਲੈਂਦੇ ਹਨ। ਅਜਿਹੇ ਮਾਹੌਲ ਵਿਚ ਅਪਰਾਧੀਆਂ ਲਈ ਸਿਆਸਤਦਾਨ ਬਣਨਾ ਬਹੁਤ ਸੁਖਾਲਾ ਹੋ ਜਾਂਦਾ ਹੈ। ਸਿਆਸਤ ਦੇ ਅਪਰਾਧੀਕਰਨ ਨੂੰ ਰੋਕਣ ਲਈ ਅਦਾਲਤਾਂ ਆਪਣੀ ਭੂਮਿਕਾ ਨਿਭਾ ਰਹੀਆਂ ਹਨ ਪਰ ਇਹ ਕੋਸ਼ਿਸ਼ ਉਦੋਂ ਤਕ ਸਫਲ ਨਹੀਂ ਹੋ ਸਕਦੀ ਜਦ ਤਕ ਜਨਤਾ ਅਪਰਾਧੀ ਕਿਸਮ ਦੇ ਉਮੀਦਵਾਰਾਂ ਨੂੰ ਨਕਾਰਨਾ ਸ਼ੁਰੂ ਨਹੀਂ ਕਰਦੀ। ਇਸੇ ਸਿਆਸੀ ਧੱਕੇਸ਼ਾਹੀ ਨੂੰ ਰੋਕਣ ਲਈ ਸੁਪਰੀਮ ਕੋਰਟ ਨੇ ਉਕਤ ਹੁਕਮ ਦਿੱਤੇ ਹਨ। ਆਸ ਹੈ ਕਿ ਚੋਣ ਕਮਿਸ਼ਨ ਇਨ੍ਹਾਂ ਹੁਕਮਾਂ 'ਤੇ ਸਖ਼ਤੀ ਨਾਲ ਅਮਲ ਕਰਵਾਏਗਾ ਤੇ ਸਾਰੀਆਂ ਪਾਰਟੀਆਂ ਇਸ ਦੀ ਪਾਲਣਾ ਕਰਦੀਆਂ ਹੋਈਆਂ ਦਾਗ਼ੀਆਂ ਨੂੰ ਸਿਆਸਤ 'ਚੋਂ ਬਾਹਰ ਕਰਨਗੀਆਂ।

## ਹੁਣ ਵੱਡੇ ਬਾਦਲ ਮੋਦੀ ਸਰਕਾਰ...

ਉਨ੍ਹਾਂ ਮੋਦੀ ਸਰਕਾਰ ਦੀ ਕਾਰਜਸ਼ੈਲੀ 'ਤੇ ਸਿੱਧਾ ਵਾਰ ਕਰਦਿਆਂ ਕਿਹਾ ਕਿ ਧਰਮ ਨਿਰਪੱਖਤਾ ਨੂੰ ਭੰਗ ਕਰਨ ਵਾਲੀ ਕੋਈ ਵੀ ਕਾਰਵਾਈ ਦੇਸ਼ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਇਹ ਦੇਸ਼ ਦੇ ਸੰਵਿਧਾਨ ਦੀ ਭਾਵਨਾ ਦੇ ਉਲਟ ਹੈ। ਦੂਜਾ ਉਨ੍ਹਾਂ ਦੇਸ਼ ਦੀ ਹਾਲਤ ਚੰਗੀ ਨਾ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਚੰਗਾ ਸ਼ਾਸਨ ਉਹ ਹੁੰਦਾ ਹੈ, ਜਿਥੇ ਸਭ ਧਰਮਾਂ ਦਾ ਸਤਿਕਾਰ ਹੋਵੇ ਤੇ ਖਾਸ ਕਰ ਘੱਟ ਗਿਣਤੀਆਂ ਨੂੰ ਸੁਰੱਖਿਆ ਤੇ ਬਰਾਬਰਤਾ ਦਾ ਅਹਿਸਾਸ ਹੋਵੇ।

ਯਾਦ ਰਹੇ ਕਿ ਕੁਝ ਸਮਾਂ ਪਹਿਲਾਂ ਤਕ ਸ਼੍ਰੋਮਣੀ ਅਕਾਲੀ ਦਲ ਨੇ ਸੀ. ਏ. ਏ. ਤੇ ਭਾਜਪਾ ਦੇ ਪੱਖ ਵਿਚ ਸਟੈਂਡ ਲਿਆ ਹੋਇਆ ਸੀ ਪਰ 21 ਦਸੰਬਰ 2019 ਨੂੰ ਸੁਖਬੀਰ ਬਾਦਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੀ. ਏ. ਏ. ਵਿਚ ਮੁਸਲਮਾਨਾਂ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ ਸੀ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸਭ ਤੋਂ ਸੀਨੀਅਰ ਨੇਤਾ, ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸੀ. ਏ. ਏ. 'ਤੇ ਚੁੱਪ ਤੋੜਦੇ ਹੋਏ ਬਿਨਾਂ ਨਾਂ ਲਏ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ 'ਤੇ ਵੱਡਾ ਹਮਲਾ ਬੋਲਦੇ ਹੋਏ ਉਸ ਨੂੰ ਸਾਰੇ ਗੱਠਜੋੜ ਸਹਿਯੋਗੀਆਂ ਨੂੰ ਨਾਲ ਲੈ ਕੇ ਚੱਲਣ ਦੀ ਨਸੀਹਤ ਦੇ ਦਿੱਤੀ ਹੈ। ਬਾਦਲ ਦਾ ਇਹ ਕਹਿਣਾ ਮਹੱਤਵਪੂਰਨ ਹੈ ਕਿ ਜੇਕਰ ਸਰਕਾਰ ਚਲਾਉਣ ਚ ਸਫਲ ਹੋਣਾ ਹੈ ਤਾਂ ਆਪਣੇ ਸਾਰੇ ਸਹਿਯੋਗੀਆਂ ਅਤੇ ਘੱਟਗਿਣਤੀਆਂ ਨੂੰ ਨਾਲ ਲੈ ਕੇ ਚੱਲਣਾ ਹੋਵੇਗਾ ਅਤੇ ਸਾਰੇ ਧਰਮਾਂ ਦਾ ਸਨਮਾਨ ਕਰਨਾ ਹੋਵੇਗਾ ਕਿਉਂਕਿ ਸਾਰੇ ਦੇਸ਼ਵਾਸੀ ਖੁਦ ਨੂੰ ਇਕ ਪਰਿਵਾਰ ਦਾ ਹਿੱਸਾ ਮੰਨਦੇ ਹਨ।"

ਇਸ ਮੌਕੇ ਮੋਦੀ ਸਰਕਾਰ ਦੇਸ਼ ਵਿਚ ਅਸਹਿਣਸ਼ੀਲਤਾ ਫੈਲਾਉਣ ਤੇ ਘੱਟ ਗਿਣਤੀਆਂ ਖਾਸ ਕਰ ਮੁਸਲਿਮ ਭਾਈਚਾਰੇ 'ਤੇ ਹਮਲਿਆਂ ਲਈ ਆਲੋਚਨਾ ਦਾ ਸਾਹਮਣਾ ਕਰ ਰਹੀ ਹੈ ? ਅਜਿਹੇ ਮੌਕੇ ਸ: ਬਾਦਲ ਦਾ ਭਾਜਪਾ ਦੀ ਆਲੋਚਨਾ ਦਾ ਅਪਣਾਇਆ ਇਹ ਪੈਂਤੜਾ ਅਕਾਲੀ ਸਿਆਸਤ ਵਿਚ ਨਵੀਂ ਕਰਵਟ ਵਜੋਂ ਲਿਆ ਜਾ ਰਿਹਾ ਹੈ। ਵੱਡੇ ਬਾਦਲ ਇਸ ਸਮੇਂ ਜਿੱਥੇ ਸੁਖਦੇਵ ਸਿੰਘ ਢੀਂਡਸਾ ਤੇ ਟਕਸਾਲੀਆਂ ਦੀ ਚੁਣੌਤੀਆਂ ਨਾਲ ਨਿਬੜਨ ਦੀ ਕੋਸ਼ਿਸ ਕਰ ਰਹੇ ਹਨ, ਉੱਥੇ ਭਾਜਪਾ ਨੂੰ ਚੁਣੌਤੀ ਦੇ ਕੇ ਟੁੱਟ ਚੁੱਕੇ ਸਿੱਖ ਆਧਾਰ ਨੂੰ ਆਪਣੇ ਨਾਲ ਜੋੜਨ ਦੀ ਵੀ ਕੋਸ਼ਿਸ ਕਰ ਰਹੇ ਹਨ। ਬਾਦਲ ਇਸ ਗੱਲ ਨੂੰ ਜਾਣਦੇ ਹਨ ਕਿ ਭਾਜਪਾ ਕੋਲ ਅਕਾਲੀ ਦਲ ਤੋਂ ਬਿਨਾਂ ਕੋਈ ਬਦਲ ਨਹੀਂ। ਇਸੇ ਲਈ ਉਹ ਆਪਣਾ ਆਧਾਰ ਪੰਥ ਵਿਚ ਪੱਕਾ ਕਰਨ ਦੀ ਕੋਸ਼ਿਸ਼ ਕਰਕੇ ਭਾਜਪਾ ਨਾਲ ਨੇੜਤਾ ਕਾਇਮ ਕਰਨਾ ਚਾਹੁੰਦੇ ਹਨ।

ਬਾਦਲ ਪੱਖੀ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਅਕਾਲੀ ਦਲ ਪੰਜਾਬ ਅੰਦਰ ਆਪਣੀ ਪਾਰਟੀ ਦੀ ਹਸਤੀ ਤੇ ਪੰਜਾਬ ਨਾਲ ਸਬੰਧਿਤ ਮਸਲਿਆਂ ਨੂੰ ਉਭਾਰਨ 'ਤੇ ਜ਼ੋਰ ਦੇਵੇਗਾ। ਦਿੱਲੀ ਵਿਚ 'ਆਪ' ਨੂੰ ਮਿਲੀ ਭਾਰੀ ਜਿੱਤ ਦੇ ਮੱਦੇਨਜ਼ਰ ਅਕਾਲੀ ਲੀਡਰਸ਼ਿਪ ਮਾਲਵਾ ਖੇਤਰ ਵਿਚ ਪੇਸ਼ ਹੋਣ ਵਾਲੀ ਚੁਣੌਤੀ ਬਾਰੇ ਵੀ ਸਾਵਧਾਨ ਹੋ ਗਈ ਹੈ। ਇਸੇ ਕਰਕੇ ਆਉਣ ਵਾਲੇ ਕਰੀਬ ਇਕ ਮਹੀਨ ਵਿਚ 16 ਜ਼ਿਲਿਆਂ ਵਿਚ ਲੋਕ ਮਸਲਿਆਂ ਨੂੰ ਲੈ ਕੇ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਅੰਮ੍ਰਿਤਸਰ ਵਿਚ ਬੀਤੇ ਦਿਨ ਹੋਈ ਰੈਲੀ ਦੀ ਸਫ਼ਲਤਾ ਕਾਰਨ ਪਾਰਟੀ ਵਿਚ ਚੰਗੇ ਜੋਸ਼ ਭਰ ਆਇਆ ਹੈ।

**ਬਾਦਲ ਦਲ ਟਕਸਾਲੀਆਂ ਨੂੰ ਚੁਣੌਤੀ ਦੇਣ 'ਚ ਸਫਲ**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਮਿਹਨਤ ਸਦਕਾ ਟਕਸਾਲੀ ਅਕਾਲੀ ਦਲ ਨੂੰ ਤੱਕੜਾ ਝਟਕਾ ਲੱਗਾ ਹੈ ਕਿ ਉਹ ਟਕਸਾਲੀ ਅਕਾਲੀ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਨ ਵਿਚ ਸਫਲ ਹੋਏ ਹਨ। ਵੱਡੇ ਬਾਦਲ ਨੇ ਬੋਨੀ ਨੂੰ ਸਿਰੋਪਾ ਦੇ ਕੇ ਸੁਆਗਤ ਕੀਤਾ।

ਦੂਜੇ ਪਾਸੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਤੇ ਉਨ੍ਹਾਂ ਦੇ ਪਿਤਾ ਤੇ ਸਾਬਕਾ ਐੱਮਪੀ ਰਤਨ ਸਿੰਘ ਅਜਨਾਲਾ ਦੀ ਸ਼੍ਰੋਮਣੀ ਅਕਾਲੀ ਦਲ ਦੀ ਵਾਪਸੀ ਤੋਂ ਪਾਰਟੀ ਦੇ ਸਥਾਨਕ ਆਗੂ ਕੁਝ ਨਾਰਾਜ਼ ਹਨ।

ਅਜਨਾਲਾ ਪਿਓ-ਪੁੱਤਰ ਦੀ ਵਾਪਸੀ ਤੋਂ ਦੋ ਦਿਨ ਬਾਅਦ ਹੀ ਸਪੱਸ਼ਟ ਹੋ ਗਿਆ ਸੀ; ਜਦੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਅਕਾਲੀ ਦਲ ਦੇ ਅਜਨਾਲਾ ਤੋਂ ਹਲਕਾ ਇੰਚਾਰਜ ਤੇ ਕੁਝ ਹੋਰ ਸਥਾਨਕ ਅਹੁਦੇਦਾਰ ਰਾਜਾਸਾਂਸੀ ਵਾਲੇ ਸਮਾਰੋਹ ਵਿਚ ਸ਼ਾਮਲ ਨਹੀਂ ਹੋਏ ਸਨ। ਉੱਥੇ ਸੁਖਬੀਰ ਬਾਦਲ ਤੇ ਪਾਰਟੀ ਸਰਪ੍ਰਸਤ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੋਵਾਂ ਨੇ ਬੋਨੀ ਤੇ ਰਤਨ ਸਿੰਘ ਅਜਨਾਲਾ ਦੀ ਵਾਪਸੀ ਦਾ ਸੁਆਗਤ ਕੀਤਾ ਸੀ।

ਬੋਨੀ ਸਾਲ 2007 ਤੇ 2012 ਵਿਚ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਉਹ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋਣ ਲਈ ਪਾਰਟੀ ਛੱਡ ਗਏ ਸਨ। ਟਕਸਾਲੀ ਦਲ ਦੀ ਸਥਾਪਨਾ ਬੋਨੀ ਦੇ ਪਿਤਾ ਰਤਨ ਸਿੰਘ ਅਜਨਾਲਾ ਤੇ ਦੋ ਹੋਰ ਸੀਨੀਅਰ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ ਤੇ ਸੇਵਾ ਸਿੰਘ ਸੇਖਵਾਂ ਨੇ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਦੀ ਅੰਮ੍ਰਿਤਸਰ ਜ਼ਿਲਾ ਇਕਾਈ ਦੇ ਇੱਕ ਪ੍ਰਮੁੱਖ ਅਹੁਦੇਦਾਰ ਨੇ ਆਪਣਾ ਨਾਂਅ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਕਿਹਾ ਕਿ ਅਜਨਾਲਾ ਪਰਿਵਾਰ ਨੇ ਨਵੀਂ ਪਾਰਟੀ ਬਣਾਉਣ ਤੋਂ ਪਹਿਲਾਂ ਕਦੇ ਕਿਸੇ ਨਾਲ ਕੋਈ ਜ਼ਿਕਰ ਨਹੀਂ ਕੀਤਾ ਸੀ। ਫਿਰ ਉਹ ਅਚਾਨਕ ਪਾਰਟੀ ਲੀਡਰਸ਼ਿਪ 'ਤੇ ਦੋਸ਼ ਲਾਉਂਦੇ ਰਹੇ ਸਨ।

ਅਕਾਲੀ ਅਹੁਦੇਦਾਰ ਨੇ ਕਿਹਾ ਕਿ ਇਸ ਮਾਮਲੇ ਵਿਚ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਅਜਨਾਲਾ ਨਗਰ ਪੰਚਾਇਤ ਦੇ ਪ੍ਰਧਾਨ ਜੋਰਾਵਰ ਸਿੰਘ ਨੇ ਕਿਹਾ ਕਿ ਪਾਰਟੀ ਵਰਕਰ ਹੁਣ ਕਾਫ਼ੀ ਨਮੋਸ਼ੀ ਮਹਿਸੂਸ ਕਰ ਰਹੇ ਹਨ; ਇਸੇ ਲਈ ਸਾਰੇ ਹੀ ਸਥਾਨਕ ਆਗੂਆਂ ਨੇ ਰਾਜਾ ਸਾਂਸੀ ਵਾਲੀ ਰੈਲੀ ਤੋਂ ਟਾਲ਼ਾ ਵੱਟ ਕੇ ਰੱਖਿਆ ਸੀ।

## ਨਾਗਰਿਕ ਹੱਕਾਂ ਉੱਪਰ ਮੋਦੀ ਸਰਕਾਰ ...

ਹੁਣ ਜਦੋਂ 10 ਸਾਲਾਂ ਲਈ ਭਾਜਪਾ ਬਹੁਗਿਣਤੀ ਨਾਲ ਕੇਂਦਰ ਦੀ ਸੱਤਾ ਉੱਪਰ ਕਾਬਜ ਹੈ ਤਾਂ ਇਸਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਇੱਕ ਸੁਨਹਿਰੇ ਮੌਕੇ ਵਜੋਂ ਲਿਆ ਜਾ ਰਿਹਾ ਹੈ। 2019 ਵਿਚ ਦੂਜੀ ਵਾਰ ਸੱਤਾ ਸਾਂਭਦਿਆਂ ਹੀ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ, ਤਿੰਨ ਤਲਾਕ ਦੇ ਖਾਤਮੇ ਅਤੇ ਰਾਮ ਮੰਦਰ ਦੇ ਹੱਕ ਵਿੱਚ ਫੈਸਲੇ ਆ ਚੁੱਕੇ ਹਨ ਜਿਹੜੇ ਲੰਮੇ ਸਮੇਂ ਤੋਂ ਹਿੰਦੂ ਰਾਸ਼ਟਰ ਦੇ ਐਲਾਨਾਂ ਦਾ ਹਿੱਸਾ ਰਹੇ ਹਨ। ਪਿਛਲੇ ਛੇ ਸਾਲਾਂ ਵਿੱਚ ਗਊ ਹੱਤਿਆ ਦੇ ਨਾਮ 'ਤੇ ਕਤਲ ਤੇ ਹਿੰਸਾ, ਹਜੂਮੀ ਕਤਲਾਂ ਆਦਿ ਜਿਹੇ ਮਸਲਿਆਂ ਦੇ ਰੂਪ ਵਿੱਚ ਹਿੰਦੂ ਰਾਸ਼ਟਰ ਦਾ ਕਹਿਰ ਦੱਬ ਕੇ ਵਰ੍ਹਿਆ ਹੈ। ਹੁਣ ਨਾਗਰਿਕਤਾ ਹੱਕਾਂ ਉੱਪਰ ਹਮਲੇ ਰਾਹੀਂ ਮੁਸਲਮਾਨਾਂ ਤੋਂ ਨਾਗਰਿਕਤਾ ਖੋਹ ਕੇ ਉਹਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣ ਦਾ ਅਮਲ ਸ਼ੁਰੂ ਕੀਤਾ ਜਾ ਰਿਹਾ ਹੈ। ਨਾਗਰਿਕਤਾ ਤੋਂ ਵਾਂਝੇ ਕੀਤੇ ਲੋਕਾਂ ਲਈ ਨਜਰਬੰਦੀ ਕੈਂਪ ਉਸਾਰੇ ਜਾ ਰਹੇ ਹਨ।

ਨਾਗਰਿਕ ਹੱਕਾਂ ਉੱਪਰ ਮੁਸਲਿਮ ਤਾਂ ਪਹਿਲੇ ਸ਼ਿਕਾਰ ਹਨ, ਹਿੰਦੂ ਰਾਸ਼ਟਰ ਲਈ ਇਸ ਤੋਂ ਬਾਅਦ ਬਾਕੀ ਧਾਰਮਿਕ ਘੱਟਗਿਣਤੀਆਂ, ਦਲਿਤਾਂ, ਔਰਤਾਂ ਤੇ ਆਦਿਵਾਸੀਆਂ ਲਈ ਵੀ ਕੌਮੀ ਸਵੈਸੇਵਕ ਸੰਘ ਦੀ ਇਹੋ ਜਿਹੀ ਹੀ ਯੋਜਨਾ ਹੈ। ਇਸਤੋਂ ਬਿਨਾਂ ਕੌਮੀ ਨਾਗਰਿਕਤਾ ਸੂਚੀ ਵਿੱਚੋਂ ਕਰੋੜਾਂ ਦੀ ਗਿਣਤੀ ਵਿੱਚ ਬਾਕੀ ਧਰਮਾਂ, ਤਬਕਿਆਂ ਦੇ ਲੋਕ ਵੀ ਅਸਾਮ ਵਾਂਗ ਵੱਡੀ ਗਿਣਤੀ ਵਿੱਚ ਬਾਹਰ ਕੀਤੇ ਜਾਣਗੇ, ਉਹਨਾਂ ਨੂੰ ਖੱਜਲ-ਖੁਆਰ ਹੋਣਾ ਪਵੇਗਾ, ਨੌਕਰਸ਼ਾਹਾਂ-ਅਫਸਰਾਂ ਨੂੰ ਮੋਟੀਆਂ ਰਿਸ਼ਵਤਾਂ ਦੇਣੀਆਂ ਪੈਣਗੀਆਂ। ਅਸਲ ਵਿੱਚ ਹਰ ਧਰਮ, ਜਾਤ ਤੇ ਤਬਕੇ ਦੇ ਮਜ਼ਦੂਰ, ਕਿਰਤੀ ਸਭ ਤੋਂ ਵੱਧ ਇਸਦੀ ਮਾਰ ਝੱਲਣਗੇ। ਇਹ ਪੂਰੀ ਪ੍ਰਕਿਰਿਆ ਲੋਕਾਂ ਉੱਪਰ ਨਿਗਰਾਨੀ ਰੱਖਣ, ਉਹਨਾਂ ਦੀ ਨਿੱਜੀ ਜ਼ਿੰਦਗੀ ਅੰਦਰ ਝਾਕਣ, ਉਸ ਵਿੱਚ ਦਖਲ-ਅੰਦਾਜੀ ਦਾ ਵੀ ਸਾਧਨ ਬਣੇਗੀ। ਇਸ ਨਾਲ਼ ਜਮਹੂਰੀ, ਸਿਆਸੀ ਕਾਰਕੁੰਨਾਂ ਤੇ ਆਪਣੇ ਹੱਕ ਮੰਗਦੇ ਲੋਕਾਂ ਨੂੰ ਵੀ ਗੈਰ-ਨਾਗਰਿਕ ਐਲਾਨ ਕੇ ਨਿਸ਼ਾਨਾ ਬਣਾਇਆ ਜਾਵੇਗਾ। ਨਾਗਰਿਕਤਾ ਕਨੂੰਨ ਅੰਦਰ 2004 ਦੀਆਂ ਸੋਧਾਂ ਤਾਂ ਸਭ ਨਾਗਰਿਕਾਂ ਨੂੰ ਲਾਜਮੀ ਰਜਿਸਟ੍ਰੇਸ਼ਨ ਕਰਵਾਉਣ ਦੀ ਗੱਲ ਕਰਦੀਆਂ ਹਨ ਤੇ ਅਜਿਹਾ ਨਾ ਕਰਨ ਨੂੰ ਸਜਾਯੋਗ ਜੁਰਮ ਮੰਨਦੀਆਂ ਹਨ।

ਇਹ ਸਭ ਹੁਣੇ ਕਿਉਂ ਹੋ ਰਿਹਾ ਹੈ?

ਕੌਮੀ ਸਵੈਸੇਵਕ ਸੰਘ ਤਾਂ 1925 ਤੋਂ ਇਸੇ ਹਿੰਦੂ ਰਾਸ਼ਟਰ ਦਾ ਸੁਪਨਾ ਲੈ ਰਿਹਾ ਹੈ, ਫੇਰ ਸਵਾਲ ਉੱਠਦਾ ਹੈ ਕਿ ਇਹ ਸਭ ਹੁਣ ਹੀ ਕਿਉਂ ਹੋ ਰਿਹਾ ਹੈ। ਅਸਲ ਵਿੱਚ ਕੋਈ ਵੀ ਸਿਆਸੀ ਵਰਤਾਰਾ ਆਪਣੇ ਸਮਾਜਿਕ-ਆਰਥਿਕ ਪ੍ਰਬੰਧ ਤੋਂ ਨਿੱਖੜਿਆ ਨਹੀਂ ਹੁੰਦਾ। ਭਾਰਤ ਦੇ ਸਰਮਾਏਦਾਰਾ ਪ੍ਰਬੰਧ ਅਧੀਨ ਜਾਇਦਾਦ, ਕਾਰੋਬਾਰ ਉੱਪਰ ਕਾਬਜ ਸਰਮਾਏਦਾਰ ਜਮਾਤਾਂ ਤੈਅ ਕਰਦੀਆਂ ਹਨ ਕਿ ਸੱਤਾ ਕਿਸਨੂੰ ਸੌਂਪਣੀ ਹੈ ਤੇ ਦੇਸ਼ ਦੀ ਸਿਆਸਤ ਕਿੱਧਰ ਨੂੰ ਕਰਵਟ ਲਵੇਗੀ। ਪਿਛਲੇ ਕਈ ਸਾਲਾਂ ਤੋਂ ਸੰਸਾਰ ਅਰਥਚਾਰੇ ਦੇ ਨਾਲ਼ ਹੀ ਭਾਰਤੀ ਅਰਥਚਾਰਾ ਸੰਕਟ ਦਾ ਸ਼ਿਕਾਰ ਹੈ। ਅਜਿਹੇ ਸੰਕਟ ਦੇ ਵੇਲਿਆਂ ਵਿੱਚ ਸਰਮਾਏਦਾਰ ਚਾਹੁੰਦੇ ਹਨ ਕਿ ਸਰਕਾਰੀ ਖਜਾਨੇ ਦਾ ਬਚਿਆ-ਖੁਚਿਆ ਮੂੰਹ ਵੀ ਲੋਕਾਂ ਵੱਲ ਮੋੜ ਕੇ ਉਹਨਾਂ ਵੱਲ ਕਰ ਦਿੱਤਾ ਜਾਵੇ। ਜਦ ਲੋਕ ਵਧ ਰਹੀ ਬੇਰੁਜਗਾਰੀ, ਮਹਿੰਗਾਈ, ਛਾਂਟੀ ਦੇ ਰੂਪ ਵਿੱਚ ਇਸ ਸੰਕਟ ਦਾ ਬੋਝ ਝੱਲ ਰਹੇ ਹਨ ਤੇ ਸਰਕਾਰ ਵੀ ਲੋਕਾਂ ਦੀ ਥਾਂ ਸਰਮਾਏਦਾਰਾਂ ਉੱਪਰ ਮਿਹਰਬਾਨ ਹੈ ਤਾਂ ਲੋਕਾਂ ਦਾ ਇਸ ਖਿਲਾਫ ਰੋਸ ਉੱਭਰਨਾ ਲਾਜਮੀ ਹੈ। ਇਹ ਸਰਮਾਏਦਾਰ ਜਮਾਤਾਂ ਅਜਿਹੀ ਪਾਰਟੀ ਨੂੰ ਆਪਣੀ ਸੇਵਾ ਲਈ ਚੁਣਦੀਆਂ ਹਨ ਜੋ ਲੋਕਾਂ ਨੂੰ ਕਿਸੇ ਹੀਲੇ ਆਪਸ ਵਿੱਚ ਲੜਾ ਸਕੇ, ਉਹਨਾਂ ਦੀਆਂ ਸਮੱਸਿਆਵਾਂ ਲਈ ਕੋਈ ਨਕਲੀ ਦੁਸ਼ਮਣ ਉਭਾਰ ਸਕੇ, ਸਰਮਾਏਦਾਰਾਂ ਦੇ ਹੱਕ ਵਿੱਚ ਧੜੱਲੇ ਨਾਲ਼ ਫੈਸਲੇ ਕਰ ਸਕੇ ਅਤੇ ਲੋਕਾਂ ਦੇ ਵਿਰੋਧ ਨੂੰ ਬਰਬਰ ਜਬਰ ਨਾਲ਼ ਕੁਚਲਣ ਲਈ ਤਿਆਰ ਹੋਵੇ। ਭਾਜਪਾ ਦੀ ਫਾਸੀਵਾਦੀ ਹਕੂਮਤ ਹਾਕਮ ਜਮਾਤਾਂ ਲਈ ਵੱਧ ਢੁਕਵੀਂ ਹੈ ਤੇ ਹਿੰਦੂ ਰਾਸ਼ਟਰ ਨਾਲ਼ ਲੋਕਾਂ ਨੂੰ ਆਪਸ ਵਿੱਚ ਲੜਾ ਵੀ ਸਕਦੀ ਹੈ।

ਫਾਸੀਵਾਦੀ ਹਕੂਮਤ ਇਸ ਵਿਰੋਧ ਨੂੰ ਵੀ ਜਬਰ ਰਾਹੀਂ ਕੁਚਲਣ ਦੇ ਰਾਹ ਪਈ ਹੋਈ ਹੈ। ਗ੍ਰਹਿ ਮੰਤਰੀ ਹਰ ਹੀਲੇ ਕਨੂੰਨ ਲਾਗੂ ਰਹਿਣ ਦੇ ਐਲਾਨ ਕਰ ਰਿਹਾ ਹੈ। ਸੰਘਰਸ਼ ਕਰਦੇ ਲੋਕਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਪਾਕਿਸਤਾਨ ਦੇ ਏਜੰਟ ਗਰਦਾਨਿਆ ਜਾ ਰਿਹਾ ਹੈ। ਯੋਗੀ ਅਦਿਤਿਆਨਾਥ ਤਾਂ ਬਦਲਾ ਲੈਣ ਦੀਆਂ ਧਮਕੀਆਂ ਸ਼ਰੇਆਮ ਦੇ ਰਿਹਾ ਹੈ। ਪਰ ਲੋਕ ਹਨ ਕਿ ਹੋਰ ਵੀ ਜੋਰ-ਜੋਸ਼ ਨਾਲ਼ ਡਟੇ ਹੋਏ ਹਨ। ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚੋਂ ਵੀ ਵਿਰੋਧ ਦੀਆਂ ਨਵੀਆਂ ਅਵਾਜਾਂ ਉੱਠ ਰਹੀਆਂ ਹਨ ਜੋ ਹਾਕਮਾਂ ਨੂੰ ਕੰਬਣੀਆਂ ਛੇੜ ਰਹੀਆਂ ਹਨ। ਇਹਨਾਂ ਵਿਰੋਧਾਂ ਨੂੰ ਸਹੀ ਦਿਸ਼ਾ ਦੇਣਾ ਤੇ ਇਸਨੂੰ ਸਮੁੱਚੇ ਫਾਸੀਵਾਦ ਖਿਲਾਫ ਲੜਾਈ ਦਾ ਅੰਗ ਬਣਾਉਣਾ ਤੇ ਸਰਮਾਏਦਾਰਾ ਪ੍ਰਬੰਧ ਦੇ ਖਾਤਮੇ ਵੱਲ ਲਿਜਾਣ ਦੀ ਲੋੜ ਹੈ ਜੋ ਲੜਨ ਵਾਲ਼ੇ ਲੋਕਾਂ, ਖਾਸ ਕਰਕੇ ਇਨਕਲਾਬੀ ਜਥੇਬੰਦੀਆਂ ਲਈ ਗੰਭੀਰਤਾ ਨਾਲ਼ ਸੋਚਣ-ਵਿਚਾਰਨ ਦਾ ਮਸਲਾ ਹੈ।

# ਸਿੱਖੀ ਦਾ ਕੱਚ-ਘਰੜ ਵਿਸ਼ਲੇਸ਼ਣ...

ਜੇਕਰ ਹੋਰ ਗਹਿਰਾਈ 'ਚ ਜਾਨਣਾ ਹੋਵੇ ਤਾਂ ਕੈਨੇਡਾ ਦੇ ਪਹਿਲੇ ਚੁਣੇ ਪੰਜਾਬੀ ਵਿਧਾਇਕ ਤੇ ਬ੍ਰਿਟਿਸ਼ ਕੰਲੋਬੀਆਂ ਦੇ ਵਿੱਦਿਆ ਮੰਤਰੀ ਮਨਮੋਹਣ ਸਿੰਘ (ਮੋਅ) ਸਹੋਤਾ ਤੋਂ ਪੁੱਛਿਆ ਜਾ ਸਕਦਾ ਹੈ ਕਿ ਦੁਸਾਂਝ ਦਾ ਸਿਆਸੀ ਕਿਰਦਾਰ ਕਿਹੋ ਜਿਹਾ ਹੈ। ਅੱਜ ਵੀ ਮੋਅ ਸਹੋਤਾ ਨੂੰ ਪੰਜਾਬੀ 'ਹਰਮਨ ਪਿਆਰੇ ਲੀਡਰ' ਵਜੋਂ ਪਿਆਰ ਕਰਦੇ ਹਨ, ਜਿਸਨੇ ਪੰਜਾਬੀ ਭਾਸ਼ਾ ਨੂੰ ਰਾਜ 'ਚ ਦੂਜੀ ਭਾਸ਼ਾ ਵਜੋਂ ਲਾਗੂ ਕਰਕੇ, ਮਾਂ-ਬੋਲੀ ਪੰਜਾਬੀ ਦਾ ਕਰਜ਼ ਚੁਕਾਇਆ ਹੈ। ਮੋਅ ਸਹੋਤਾ ਦਾ ਸਿਆਸੀ ਕੈਰੀਅਰ ਕਿਸ ਨੇ ਤਬਾਹ ਕੀਤਾ, ਇਸ ਦਾ ਜਵਾਬ ਕੈਨੇਡਾ ਦਾ ਹਰ ਪੰਜਾਬੀ ਜਾਣਦਾ ਹੈ। ਹੋਰ ਤਾਂ ਹੋਰ, ਕੈਨੇਡਾ ਦੇ ਪੰਜਾਬੀ ਲੇਖਕ ਮਰਹੂਮ ਡਾ. ਦਰਸ਼ਨ ਗਿੱਲ, ਜੋ ਕਿ ਦੁਸਾਂਝ ਦੇ ਪ੍ਰੀਮੀਅਰ ਬਣਨ ਸਮੇਂ ਸਮਰਥਕਾਂ 'ਚ ਮੋਹਰੀ ਸਨ,ਵਲੋਂ ਬੀ.ਸੀ. ਦੀ ਮੁੱਖ ਮੰਤਰੀ ਦੀ ਕੁਰਸੀ ਤੱਕ ਪੁੱਜਣ ਤੇ ਵੋਟਾਂ ਬਣਨ ਲਈ ਵਰਤੇ ਗਏ ਹੱਥਕੰਡਿਆਂ ਦੀ ਕਹਾਣੀ ਵੀ, 'ਗਲਾਸੀ ਦੀ ਸਾਂਝ ਰਖਣ ਵਾਲੀ ਯਾਰ -ਮੰਡਲੀ' ਵਿੱਚ, ਕਈ ਵਾਰ ਸਾਂਝੀ ਕੀਤੀ ਜਾਂਦੀ ਰਹੀ ਹੈ।

ਪੰਜਾਬੀ ਦਾ ਅਖਾਣ ਹੈ ਕਿ 'ਛੱਜ ਤਾਂ ਬੋਲੇ ਛਾਣਨੀ ਕੀ ਬੋਲੇ ?' ਸਿੱਖ ਧਰਮ ਅਤੇ ਗੁਰੂ ਨਾਨਕ ਸਾਹਿਬ ਬਾਰੇ ਟਿੱਪਣੀ ਕਰਨ ਵਾਲੇ ਦੁਸਾਂਝ ਕੀ ਇਸ ਗੱਲ ਦਾ ਉਤਰ ਦੇ ਸਕਣਗੇ ਕਿ ਉਨਾਂ ਬੀ.ਸੀ. ਅਟਾਰਨੀ ਜਨਰਲ ਹੁੰਦਿਆਂਕੈਨੇਡਾ ਦੇ ਮੂਲਵਾਸੀ ਭਾਈਚਾਰੇ ਦੇ ਲੋਕਾਂ ਉਪਰ ਹਜ਼ਾਰਾਂ ਗੋਲੀਆਂ ਚਲਾ ਕੇ ਜੋ ਕਾਰਵਾਈ ਕੀਤੀ ਸੀ, ਕੀ ਉਹ ਮਨੁੱਖਤਾਵਾਦੀ ਜਾਂ 'ਐਕਟਵਿਜ਼ਮ' ਦੀ ਕਾਰਵਾਈ ਸੀ? ਕਿਸ ਸਮਾਜ ਸੁਧਾਰਕ ਸੋਚ ਦਾ ਨਤੀਜਾ ਸੀ? ਕੀ ਮਨੁੱਖੀ ਹੱਕਾਂ ਦੀ ਰੱਖਿਆ ਲਈ ਕੀਤੀ ਕਾਰਵਾਈ ਸੀ ? ਮੋਹਨਦਾਸ ਕਰਮਚੰਦ ਗਾਂਧੀ ਦੇ ਅਹਿਸਾਵਾਦੀ ਪੁੱਤਰ ਕਹਾਉਣ ਵਾਲੇ ਦੁਸਝ ਦੀ ਇਹ ਕਾਰਵਾਈ ਕੀ ਅਹਿੰਸਾ ਅਤੇ ਅਮਨ ਦੇ ਮੱਥੇ 'ਤੇ ਕਲੰਕ ਨਹੀਂ ਸੀ ? ਦਰਅਸਲ ਉੱਜਲ ਦੁਸਾਂਝ ਦੀ ਅਗਵਾਈ ਵਿੱਚ ਹੋਇਆ ਇਹ 'ਪੁਲਿਸ ਅਪ੍ਰੇਸ਼ਨ' ਕੈਨੇਡਾ ਦੇ ਇਤਿਹਾਸ ਵਿੱਚ ਕਿਸੇ ਛੋਟੇ ਜਿਹੇ ਸਮੂਹ 'ਤੇ ਹੋਈ, ਹੁਣ ਤੱਕ ਦੀ ਸਭ ਤੋਂ ਵੱਡੀ ਹਥਿਆਰਬੰਦ ਪੁਲਿਸ ਕਾਰਵਾਈ ਮੰਨੀ ਜਾਂਦੀ ਹੈ। ਵੈਨਕੂਵਰ ਦੇ ਉਤਰ ਪੂਰਬ ਵਾਲੇ ਪਾਸੇ 450 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਮੂਲਵਾਸੀ ਲੋਕਾਂ ਦੀ ਜਗਾ ਗਸਟੈਫਸਨ ਲੇਕ 'ਤੇ ਛੋਟੇ ਜਿਹੇ ਮੂਲਵਾਸੀ ਵਿਅਕਤੀਆਂ ਦੇ ਗਰੁੱਪ ਨੂੰ ਖਦੇੜਨ ਲਈ ਮੌਕੇ ਦੇ ਅਟਾਰਨੀ ਜਰਨਲ ਉਜੱਲ ਦੁਸਾਂਝ ਦੇ ਹੁਕਮ ਅਧੀਨ, 15 ਸਤੰਬਰ 1995 ਨੂੰ ਵੱਡੀ ਹਥਿਆਰਬੰਦ ਕਾਰਵਾਈ ਹੋਈ ਸੀ। ਦੁਸਾਂਝ ਨੇ ਖ਼ੁਦ ਮੰਨਿਆ ਕਿ ਛੋਟੇ ਜਿਹੇ ਮਿਲੀਟੈਂਟ ਗਰੁਪ ਨੂੰ ਖਿਦੇਣਨ ਲਈ ਇਹ ਕਾਰਵਾਈ ਕੀਤੀ ਸੀ, ਪਰ ਮੂਲਵਾਸੀਆਂ 'ਤੇ ਏਡੀ ਵੱਡੀ ਫੌਜੀ ਤਾਕਤ ਨੂੰ ਵਰਤਣ ਦੀ ਕਾਰਵਾਈ ਦੀ ਕੈਨੇਡਾ ਭਰ ਦੀਆਂ ਸਮੂਹ ਮਨੁੱਖੀ ਅਧਿਕਾਰ ਜਥੇਬੰਦੀਆਂ ਸਦਾ ਹੀ ਨਿੰਦਾ ਕਰਦੀਆਂ ਹਨ।

ਵਿਡੰਬਨਾ ਇਹ ਹੈ ਕਿ ਸਥਾਨਕ ਤੇ ਪੰਜਾਬ ਵਿਚਲੇ ਕੁਝ ਕੁ ਭਗਵੇਂ-ਕਾਮਰੇਡ ਲੇਖਕ ਦੁਸਾਂਝ ਨੂੰ 'ਦਹਿ-ਸਦੀ ਦਾ ਨਾਇਕ' ਤੇ 'ਲੋਹ ਪੁਰਸ਼' ਬਣਾ ਕੇ ਪੇਸ਼ ਕਰਦੇ ਹਨ, ਪਰ ਮਨੁੱਖੀ ਹੱਕਾਂ ਵਿਰੁੱਧ 'ਅੱਜ ਦੇ ਬਾਬਰ ਦੀ ਜਾਬਰ ਕਾਰਵਾਈ' ਬਾਰੇ ਮੂੰਹ 'ਚ ਘੁੰਙਣੀਆਂ ਪਾ ਲੈਂਦੇ ਹਨ। ਇੰਡੋ - ਕਨੇਡੀਅਨ ਟਾਈਮਜ਼ ਅਖ਼ਬਾਰ ਦਾ ਸੰਪਾਦਕ ਤਾਰਾ ਸਿੰਘ ਹੇਅਰ ਵੀ ਕਿਸੇ ਸਮੇਂ ਆਪਣੇ ਕਾਲਮਾਂ 'ਚ ਦੁਸਾਂਝ ਨੂੰ ਭਾਰਤ ਸਰਕਾਰ ਤੇ ਉਸ ਨਾਲ ਜੁੜਦੀਆਂ ਧਿਰਾਂ ਦਾ 'ਧੁਰਾ' ਦੱਸਦਾ ਸੀ। ਉੱਜਲ ਦੁਸਾਂਝ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਐਮਰਜੈਂਸੀ ਦੌਰਾਨ ਲੋਕਾਂ ਦੇ ਹੱਕ ਖੋਹਣ ਵਾਲੀ ਅਤੇ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ ਹਮਲਾ ਕਰਵਾਉਣ ਵਾਲੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਹ 'ਕੱਟੜ ਭਗਤ' ਸੀ ਅਤੇ ਸਾਕਾ ਨੀਲਾ ਤਾਰਾ ਦੀ ਕਾਰਵਾਈ ਲਈ ਦੁਸਾਂਝ ਨੇ ਇੰਦਰਾ ਨੂੰ ਵਧਾਈ ਦਿੱਤੀ ਸੀ। ਦੁਸਾਂਝ ਵੱਲੋਂ ਕੈਨੇਡਾ ਦੇ ਸਿੱਖਾਂ ਦੀ ਤੀਜੀ ਪੀੜੀ ਨੂੰ 'ਜ਼ਹਿਰੀਲਾ ਪ੍ਰਚਾਰ ਕਰਨ ਵਾਲੀ' ਕਰਾਰ ਦੇਣ ਵਾਲੀਆਂ ਟਿੱਪਣੀਆਂ ਦੀ ਵੀ, ਕਿਸੇ ਸਮੇਂ ਤਿੱਖੀ ਆਲੋਚਨਾ ਹੋਈ ਸੀ ਤੇ ਇਸ ਦੇ ਵਿਰੋਧ ਵਿੱਚ ਹੋਏ ਇਕੱਠ 'ਚੋਂ ਹੀ ਐਨ.ਡੀ.ਪੀ. ਦਾ ਕੈਨੇਡਾ ਦਾ ਮੌਜੂਦਾ ਕੌਮੀ ਆਗੂ ਜਗਮੀਤ ਸਿੰਘ 'ਲੀਡਰ' ਵਜੋਂ ਉਭਰਿਆ ਸੀ। ਦੁਸਾਂਝ ਦੀ ਸੋਚ ਅੱਜ ਵੀ ਇਹੀ ਹੈ ਕਿ ਸਿੱਖਾਂ ਦੀ ਦੂਜੀ ਤੀਜੀ ਪੀੜੀ ਦੇ ਨਿਆਣੇ ਜਿਹੜੇ ਕਦੇ ਹਿੰਦੁਸਤਾਨ ਨਹੀਂ ਆਏ, ਉਹ ਇਹ ਮੁੱਦਾ ਚੁੱਕੇ ਫਿਰਦੇ ਨੇ ਕਿ 'ਸਾਡੇ ਅੰਦਰ ਗੁੱਸਾ ਹੈ', 'ਸਾਡੀਆਂ ਰੂਹਾਂ ਜਲੀਆਂ ਹੋਈਆਂ ਨੇ', ਉਹ ਜੇਕਰ ਹਿੰਦੁਸਤਾਨ ਆ ਕੇ ਦੇਖਣ, ਤਾਂ ਉਨਾਂ ਦੀਆਂ ਰੂਹਾਂ ਠੀਕ ਹੋ ਜਾਣਗੀਆਂ, ਕਿਉਂਕਿ ਇੱਥੇ ਤਾਂ ਕੋਈ ਸਮੱਸਿਆ ਹੀ ਨਹੀਂ ਹੈ।'ਇਹ ਗ਼ਲਤ ਬਿਆਨੀ ਦੁਸਾਂਝ ਉਦੋਂ ਕਰ ਰਹੇ ਹਨ, ਜਦੋਂ ਕੈਨੇਡਾ ਦੀ ਦੂਜੀ ਤੀਜੀ ਪੀੜੀ ਸਿਆਸਤ, ਵਿੱਦਿਆ, ਵਪਾਰ ਅਤੇ ਹੋਰਨਾਂ ਵੱਖ -ਵੱਖ ਖੇਤਰਾਂ ਵਿਚ ਬੁਲੰਦੀਆਂ ਨੂੰ ਛੂਹ ਰਹੀ ਹੈ ਅਤੇ ਨਾਲੋ-ਨਾਲ ਮਨੁੱਖੀ ਹੱਕਾਂ ਦੇ ਹੋਏ ਘਾਣ ਖਿਲਾਫ ਆਵਾਜ ਬੁਲੰਦ ਕਰਨ ਲਈ ਤੱਤਪਰ ਹੈ। ਇਹ ਗੱਲ ਦੁਸਾਂਝ ਨੂੰ ਹਜਮ ਨਹੀ ਹੋ ਰਹੀ ਕਿ ਕੈਨੇਡਾ ਦੇ ਚਾਰ ਮੰਤਰੀ ਸਿੱਖ ਨੌਜਵਾਨ ਹਨ। ਸੂਬਾਈ ਪੱਧਰ 'ਤੇ ਚੋਟੀ ਦੇ ਅਹੁਦਿਆਂ 'ਤੇ ਕੈਨੇਡੀਅਨ ਸਿੱਖ ਨੌਜਵਾਨ ਪਹੁੰਚ ਚੁੱਕੇ ਹਨ। ਕੈਨੇਡਾ ਦੇ ਰੱਖਿਆ ਮੰਤਰੀ, ਆਰਥਿਕ ਵਿਕਾਸ ਮੰਤਰੀ ਅਤੇ ਹੋਰ ਵੱਖ- ਵੱਖ ਅਹੁਦਿਆਂ 'ਤੇ ਸਿੱਖ ਨੌਜਵਾਨ ਦੀ ਚੜਤ ਦੁਸਾਂਝ ਹੋਰਾਂ ਨੂੰ ਹਜਮ ਨਹੀਂ ਹੋ ਰਹੀ ਤੇ ਉਹ ਢਿੱਡ 'ਚ ਉੱਠਦੇ ਉਬਾਲ ਮੀਡੀਆ ਰਾਹੀਂ ਕੱਢਦੇ ਹੋਏ ਸਿਆਸੀ ਅਤੇ ਸਿਧਾਂਤਕ ਹੋਛੇਪਣ ਦਾ ਸਬੂਤ ਪੇਸ ਕਰ ਰਹੇ ਹਨ।

ਦੁਸਾਂਝ ਦੀ ਇਹ ਨੀਤੀ ਵੀ ਰਹੀ ਹੈ ਕਿ ਇੰਡੀਅਨ ਏਜੰਸੀਆਂ ਦਾ ਚਹੇਤਾ ਬਣਨ ਲਈ, ਉਹ ਅਕਸਰ 'ਖਾਲਿਸਤਾਨੀ ਅੱਤਵਾਦ' ਦਾ ਹਊਆ ਖੜਾ ਕਰਦੇ ਰਹਿੰਦੇ ਹਨ ਅਤੇ ਇਸ ਨੂੰ ਆਈ ਐੱਸ ਆਈ ਦੀ ਪੈਦਾਇਸ ਕਰਾਰ ਦਿੰਦੇ ਰਹਿੰਦੇ ਹਨ। ਦੁਸਾਂਝ ਅਤੇ ਅਜਿਹੇ ਹੀ ਇੱਕ ਹੋਰ ਬੌਣੀ ਬੁਧੀ ਦੇ ਮਾਲਕ ਕੌਮਘਾਤੀ ਵਿਅਕਤੀ ਤਾਰਿਕ ਫ਼ਤਿਹ ਵਰਗਿਆਂ ਦੀ ਸੋਚ ਕਿੰਨੀ ਘਟੀਆ ਹੋ ਸਕਦੀ ਹੈ, ਇਸ ਦੀ ਇਕ ਮਿਸਾਲ ਉਸ ਸਮੇਂ ਸਾਹਮਣੇ ਆਈ, ਜਦੋਂ ਗੁਰਧਾਮ ਦਰਸ਼ਨਾਂ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਿਆ ਗਿਆ ਸੀ। ਕੈਨੇਡਾ ਦੀਆਂ ਸਿੱਖ ਜਥੇਬੰਦੀਆਂ ਨੇ ਇਸ ਮੌਕੇ 'ਤੇ ਪਾਕਿਸਤਾਨ ਦੇ ਕੌਂਸਲ ਜਨਰਲ ਦਾ ਧੰਨਵਾਦ ਕੀਤਾ, ਤਾਂ ਤਾਰਿਕ ਫਤਹਿ ਨੇ ਹਮੇਸ਼ਾ ਵਾਂਗ ਘਟੀਆ ਟਿੱਪਣੀ ਕਰਦਿਆਂ ਕਿਹਾ ਕਿ ਕੈਨੇਡਾ ਦੇ ਖਾਲਿਸਤਾਨੀ ਆਈ ਐੱਸ ਆਈ ਨਾਲ ਮਿਲ ਕੇ ਭਾਰਤ ਵਿਰੁੱਧ ਦਹਿਸ਼ਤਵਾਦ ਨੂੰ ਹੱਲਾਸੇਰੀ ਦੇਣ ਲਈ, ਅਜਿਹਾ ਕਰ ਰਹੇ ਹਨ। ਇੱਕੋ ਸ਼ੈਤਾਨੀ ਸੋਚ ਦੇ ਮਾਲਕ ਹੋਣ ਕਾਰਨ ਤਾਰਿਕ ਫ਼ਤਿਹ ਦੀ ਇਸ ਟਿੱਪਣੀ ਦੀ ਉੱਜਲ ਦੁਸਾਂਝ ਨੇ ਤੁਰੰਤ ਪ੍ਰੋੜਤਾ ਕਰਦਿਆਂ, ਇਸ ਗੱਲ 'ਤੇ ਆਪਣੀ ਮੋਹਰ ਲਗਾਈ ਅਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਕੌਮਾਂਤਰੀ ਅਮਨ ਸ਼ਾਂਤੀ ਅਤੇ ਭਾਈਚਾਰੇ ਵਰਗੇ, ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਤੋਂ ਉਪਰ ਸਾਂਝੀਵਾਲਤਾ ਦੇ ਸੰਕਲਪ 'ਤੇ ਵੀ ਸਿਆਸੀ ਰੋਟੀਆਂ ਸੇਕਣ ਤੋਂ ਬਾਜ਼ ਨਹੀਂ ਆਏ।

ਹੁਣ ਦੁਸਾਂਝ ਦੀ ਮੌਕਾ ਪ੍ਰਸਤੀ ਦੀ ਮਿਸਾਲ ਦੇਖੀਏ ਤਾਂ ਹੈਰਾਨੀ ਹੋਵੇਗੀ ਕਿ ਇੱਕ ਪਾਸੇ ਦਾ ਇਹ ਖਾਲਿਸਤਾਨ ਦੇ ਨਾਂ ਤੇ ਭੰਡੀ ਪ੍ਰਚਾਰ ਕਰਨ ਦਾ ਕੋਈ ਵੀ ਮੌਕਾ ਨਹੀਂ ਖੁੰਝਣ ਨਹੀਂ ਦਿੰਦੇ, ਪਰ ਦੂਸਰੇ ਪਾਸੇ ਲੋੜ ਪੈਣ 'ਤੇ ਖਾਲਿਸਤਾਨੀਆਂ ਦੇ ਗੁਰਦੁਆਰਿਆਂ 'ਚ ਸਿਆਸੀ ਸਮਰਥਨ ਮੰਗਣ ਲਈ ਜਾਣ ਤੋਂ ਵੀ ਪਰਹੇਜ਼ ਨਹੀਂ ਕਰਦੇ। ਪ੍ਰੀਮੀਅਰ ਬਣਨ ਵੇਲੇ ਹਮਾਇਤ ਦੀ ਲੋੜ ਲਈ, ਕੱਟੜ ਖਾਲਿਸਤਾਨੀ ਗਰੁੱਪਾਂ ਨਾਲ ਦੁਸਾਂਝ ਦੀਆਂ ਤਸਵੀਰਾਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ। ਇਹ ਘਟਨਾ ਗੁਰਦੁਆਰਾ ਸਾਹਿਬ ਦਸਮੇਸ ਦਰਬਾਰ ਸਰੀ ਦੀ ਹੈ, ਜਿਸ ਦੀ ਦੁਸਾਂਝ ਨੇ ਇੱਕ ਵਾਰ ਨਹੀਂ, ਬਲਕਿ ਕਈ ਵਾਰ ਆਲੋਚਨਾ ਕੀਤੀ ਸੀ, ਪਰ ਜਦੋਂ ਵੋਟਾਂ ਮੰਗਣ ਦੀ ਲੋੜ ਪਈ, ਤਾਂ ਉੱਥੇ ਜਾ ਕੇ ਤੇ ਭੁੰਜੇ ਬਹਿ ਕੇ ਲੰਗਰ ਵੀ ਛੱਕਿਆ ਅਤੇ ਖਾਲਿਸਤਾਨ ਦੇ ਸੰਘਰਸ ਲਈ ਸ਼ਹੀਦ ਹੋਣ ਵਾਲੇ ਸਿੰਘਾਂ ਦੀਆਂ ਫੋਟੋਆਂ ਦੇ 'ਦਰਸ਼ਨ' ਵੀ ਕੀਤੇ। ਲੋੜ ਵੇਲੇ 'ਕਿਸੇ ਨੂੰ ਵੀ ਬਾਪ ਬਣਾ ਲੈਣ' ਦਾ ਮੁਹਾਵਰਾ ਇਥੇ ਦੁਸਾਂਝ ਨੇ ਸਹੀ ਸਿੱਧ ਕਰ ਦਿੱਤਾ ਅਤੇ ਉਦੋਂ ਖਾਲਿਸਤਾਨੀਆਂ ਦੀ ਰਤਾ ਭਰ ਵੀ ਨੁਕਤਾਚੀਨੀ ਨਹੀਂ ਕੀਤੀ।

ਦੂਜੇ ਪਾਸੇ ਸਿੱਖੀ ਪ੍ਰਤੀ ਦੁਸਾਂਝ ਦੇ ਅੰਦਰ ਕਿੰਨਾ ਕੁ ਪਿਆਰ ਹੈ, ਉਹ ਵੀ ਕਿਸੇ ਤੋਂ ਲੁਕਿਆ ਨਹੀਂ। ਇਸ ਬਾਰੇ ਇਕ ਘਟਨਾ ਜ਼ਿਕਰਯੋਗ ਹੈ,ਜੋ ਵੈਨਕੂਵਰ ਦੇ ਪੱਤਰਕਾਰ ਤੇ ਅਗਾਂਹਵਧੂ ਲੇਖਕ ਗੁਰਪ੍ਰੀਤ ਸਿੰਘ ਨੇ ਸਾਂਝੀ ਕੀਤੀ ਸੀ। ਗੁਰਪ੍ਰੀਤ ਸਿੰਘ ਅਨੁਸਾਰ ਉਹ ਇਕ ਸਮੇਂ ਗਦਰ ਪਾਰਟੀ ਦੇ ਮੋਢੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਬਾਰੇ ਖੋਜ ਭਰਪੂਰ ਲੇਖ ਲਿਖ ਰਿਹਾ ਸੀ। ਇਸ ਦੌਰਾਨ ਉਜੱਲ ਦੁਸਾਂਝ ਨੇ ਉਸ ਤੋਂ ਲਿਖਤ ਬਾਰੇ ਵਿਚਾਰ ਪੁੱਛੇ, ਜਿਸਦੇ ਉਤਰ ਵਿੱਚ ਗੁਰਪ੍ਰੀਤ ਸਿੰਘ ਦਾ ਕਹਿਣਾ ਸੀ ਕਿ ਉਨਾਂ ਬਾਬਾ ਭਕਨਾ ਬਾਰੇ ਜਾਣਕਾਰੀ ਇਕੱਤਰ ਕੀਤੀ ਹੈ ਕਿ ਕਿਵੇਂ ਉਹ ਛੋਟੇ ਹੁੰਦੇ ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਹੋਏ, ਕਿਵੇਂ ਉਨਾਂ ਨੂੰ ਸਿੱਖੀ ਵਿਰਸੇ ਤੇ ਸ਼ਹੀਦੀਆਂ ਦੀਆਂ ਗਾਥਾਵਾਂ ਨੇ ਪ੍ਰਭਾਵਿਤ ਕੀਤਾ ਅਤੇ ਉਸ ਤੋਂ ਮਗਰੋਂ ਕਿਵੇਂ ਸੰਸਾਰ ਦੀਆਂ ਹੋਰ ਲਹਿਰਾਂ ਅਤੇ ਵਿਚਾਰਧਾਰਾਵਾਂ ਨੇ ਉਨਾਂ 'ਤੇ ਅਸਰ ਪਾਇਆ।ਇਹ ਸੁਣਦਿਆਂ ਹੀ ਉਜੱਲ ਦੁਸਾਂਝ ਨੇ ਗੁਰਪ੍ਰੀਤ ਸਿੰਘ ਨੂੰ ਟੋਕਦਿਆਂ ਕਿਹਾ "ਬਾਬੇ ਭਕਨੇ ਨੂੰ ਬਹੁਤਾ ਸਿੱਖ ਨਾ ਬਣਾਈ।" ਜਿਸ ਦਾ ਜਵਾਬ ਦਿੰਦਿਆਂ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਬਣਾਉਣਾ ਨਾ ਬਣਾਉਣਾ, ਉਸਦੇ ਹੱਥ 'ਚ ਨਹੀਂ, ਪਰ ਜਿੰਨਾ ਕੁ ਬਾਬਾ ਭਕਨਾ ਸਿੱਖ ਹੈ, ਉਸ ਨੂੰ ਉਹ ਕਿਵੇਂ ਰੱਦ ਕਰ ਸਕਦਾ ਹੈ ? ਇਹ ਛੋਟੀ ਜਿਹੀ ਵਾਰਤਾ ਜਾਨਣ ਤੋਂ ਬਾਅਦ ਕੋਈ ਕਿੰਨੀ ਕੁ ਆਸ ਰੱਖ ਸਕਦਾ ਹੈ ਕਿ ਉਜੱਲ ਦੁਸਾਂਝ ਗੁਰੂ ਨਾਨਕ ਸਾਹਿਬ ਲਈ ਸਤਿਕਾਰ ਅਤੇ ਸਿੱਖੀ ਲਈ ਪਿਆਰ ਬਾਰੇ, ਕਿਹੋ ਜਿਹੀ ਮਾਨਸਿਕਤਾ ਦੇ ਧਾਰਨੀ ਹੋਣਗੇ ? ਦੁਸਾਂਝ ਜੇਕਰ ਖ਼ੁਦ ਨੂੰ ਜਾਂ ਕਿਸੇ ਹੋਰ ਗਦਰੀ ਬਾਬੇ ਨੂੰ, ਸਿੱਖ ਹੋਣ ਜਾਂ ਮੰਨਣ ਤੋਂ ਏਨੇ ਹੀ ਦੁਖੀ ਹਨ, ਤਾਂ ਬਿਹਤਰ ਹੈ ਕਿ ਉਹ ਇਸ ਵਿਸ਼ੇ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਗੁਰੇਜ਼ ਕਰਨ ਅਤੇ ਸਿੱਖੀ ਬਾਰੇ 'ਮੱਤਾਂ ਦੇਣੀਆਂ' ਬੰਦ ਕਰਨ ।

ਉੱਜਲ ਦੁਸਾਂਝ ਨੇ ਹੁਣ ਤੱਕ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਅਤੇ ਸਿੱਖ ਧਰਮ ਬਾਰੇ, ਆਪਣੀ ਕਿਤਾਬ ਵਿੱਚ ਜਾਂ ਆਪਣੇ ਭਾਸ਼ਣਾਂ ਰਾਹੀਂ, ਜੋ ਟਿੱਪਣੀਆਂ ਕੀਤੀਆਂ ਹਨ, ਉਨਾਂ ਨੂੰ ਅਸੀਂ ਚੁਣੌਤੀ ਦਿੰਦੇ ਹੋਏ ਖੁੱਲੀ ਬਹਿਸ ਦਾ ਸੱਦਾ ਦਿੰਦੇ ਹਾਂ। ਦੁਸਾਂਝ ਜੇਕਰ ਆਪਣੇ ਕਥਨਾਂ 'ਤੇ ਕਾਇਮ ਹਨ, ਤਾਂ ਉਹ ਕਿਸੇ ਵੀ ਥਾਂ 'ਤੇ, ਕਿਸੇ ਵੀ ਸਮੇਂ ਅਤੇ ਕਿਸੇ ਵੀ ਮੰਚ 'ਤੇ ਇਨਾਂ ਵਿਸ਼ਿਆਂ 'ਤੇ ਬਹਿਸ ਕਰਨ ਅਤੇ ਆਪਣੀ ਦਲੀਲ ਪੇਸ਼ ਕਰਨ। ਜੇਕਰ ਉਹ ਆਪਣੇ ਕਥਨਾਂ ਤੋਂ ਭੱਜਦੇ ਹਨ ਅਤੇ ਅਜਿਹਾ ਕਰਨ ਦੀ ਹਿੰਮਤ ਨਹੀਂ ਰੱਖਦੇ, ਤਾਂ ਸਿੱਖ ਕੌਮ ਕੋਲੋਂ ਆਪਣੀ ਘਟੀਆ ਬਿਆਨਬਾਜ਼ੀ ਲਈ ਮੁਆਫੀ ਮੰਗਣ। ਉੱਨੀਵੀਂ ਸਦੀ ਵਿੱਚ ਅਜਿਹਾ ਹੀ ਕੰਮ ਆਰੀਆ ਸਮਾਜ ਦੇ ਸਾਧ ਦਇਆਨੰਦ ਨੇ ਗੁਰੂ ਨਾਨਕ ਸਾਹਿਬ ਬਾਰੇ ਬੇਥਵੀਆਂ ਮਾਰਦਿਆਂ ਕੀਤਾ ਸੀ, ਜਿਸ ਨੂੰ ਸਿੰਘ ਸਭਾ ਲਹਿਰ ਦੇ ਬਾਨੀ ਗਿਆਨੀ ਦਿੱਤ ਸਿੰਘ ਨੇ ਸੰਵਾਦ ਰਚਾਉਂਦਿਆਂ ਸ਼ਰਮਸਾਰ ਕੀਤਾ ਸੀ। ਵੀਹਵੀਂ ਸਦੀ 'ਚ ਦੁਸਾਂਝ ਦੇ ਸ਼ਾਤੀ ਗੁਰੂ ਮੋਹਨ ਦਾਸ ਕਰਮਚੰਦ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ 'ਭੁੱਲੜ ਦੇਸ਼ ਭਗਤ' ਕਹਿ ਕੇ ਘਟੀਆ ਬਿਆਨਬਾਜ਼ੀ ਕੀਤੀ ਸੀ, ਤਾਂ ਉਸ ਵੇਲੇ ਸਿੱਖ ਵਿਦਵਾਨ ਪ੍ਰਿੰਸੀਪਲ ਗੰਗਾ ਸਿੰਘ ਨੇ ਗਾਂਧੀ ਨੂੰ ਘੇਰਦਿਆਂ, ਅਨੇਕਾਂ ਮਿਸਾਲਾਂ ਦੇ ਕੇ ਉਸ ਦਾ ਮੂੰਹ ਬੰਦ ਕੀਤਾ ਅਤੇ ਗਾਂਧੀ ਨੂੰ ਆਖਰਕਾਰ ਆਪਣੇ ਸ਼ਬਦਾਂ ਤੋਂ ਮੁੱਕਰਨਾ ਪਿਆ। ਅੱਜ ਉਹੀ ਕਹਾਣੀ ਉੱਜਲ ਦੁਸਾਂਝ ਨੇ ਦੁਹਰਾਈ ਹੈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਸਿੱਖ ਆਗੂ, ਪ੍ਰਚਾਰਕ ਅਤੇ ਵਿਦਵਾਨ ਆਪਸੀ ਵਿਵਾਦਾਂ ਵਿਚ ਉਲਝੇ ਹਨ ਅਤੇ ਦੁਸਾਂਝ ਵਰਗੇ ਲੋਕ ਸਿੱਖੀ ਸਿਧਾਂਤਾਂ ਨਾਲ ਖਿਲਵਾੜ ਕਰੀ ਜਾ ਰਹੇ ਹਨ। ਅਜਿਹੇ ਮੌਕੇ ਸਾਡਾ ਫਰਜ ਬਣਦਾ ਹੈ ਕਿ ਕੌਮਾਂਤਰੀ ਮੰਚ 'ਤੇ, ਗੁਰੂ ਸਹਿਬਾਨ ਦੇ ਸਿੱਖੀ ਸਿਧਾਂਤ ਦੇ ਨਵੇਕਲੀ ਸੰਕਲਪ ਬਾਰੇ ਭੰਬਲਭੂਸੇ ਖੜੇ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਇਆ ਜਾਏ। ਅਜਿਹੀ ਪਹਿਲਕਦਮੀ ਸਮੇਂ ਦੀ ਮੰਗ ਹੈ ਤੇ ਇਸ ਦੀ ਸ਼ੁਰੂਆਤ ਉੱਜਲ ਦੁਸਾਂਝ ਨੂੰ ਬਹਿਸ ਦੀ ਸਿੱਧੀ ਚੁਣੌਤੀ ਰਾਹੀਂ ਕਰਨ ਦਾ ਕਦਮ ਉਠਾ ਰਹੇ ਹਾਂ। ਇਹ ਚੁਣੌਤੀ ਓਦੋ ਤਕ ਹਰ ਸਟੇਜ 'ਤੇ ਹੋਵੇਗੀ, ਜਦੋਂ ਤੱਕ ਦੁਸਾਂਝ ਇਨਾਂ ਸਵਾਲਾਂ ਦੇ ਜਵਾਬ ਨਹੀਂ ਦਿੰਦੇ ਜਾਂ ਫਿਰ ਗੁਰੂ ਸਾਹਿਬਾਨ ਬਾਰੇ ਲਿਖੀਆਂ ਗੱਲਾਂ ਅਤੇ ਦਿੱਤੇ ਬਿਆਨਾਂ ਲਈ ਸਿੱਖ ਕੌਮ ਤੋਂ ਮੁਆਫੀ ਨਹੀਂ ਮੰਗਦੇ।



# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ



ਜਸਵਿੰਦਰ ਸਿੰਘ ਜੰਡੀ
Jaswinder Singh Jandi



ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal



ਗੁਰਵਿੰਦਰ ਸਿੰਘ ਪ੍ਰਿੰਸ
Gurvinder Singh Prince



ਹਰਪ੍ਰੀਤ ਸਿੰਘ ਬੈਂਸ
Harpreet Singh Bains



ਰਜਿੰਦਰ ਸਿੰਘ ਰਾਜਾ
Rajinder Singh Raja

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ* ਦੇ ਮਹਾਵਾਕ ਅਨੁਸਾਰ ਸਿੱਖ ਪੰਚਾਇਤ ਵਲੋਂ ਫਰੀਮਾਂਟ ਗੁਰਦਵਾਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਉਮੀਦਵਾਰਾਂ ਦੀ ਚੋਣ ਸਰਬਸੰਮਤੀ ਨਾਲ ਕਰਨ ਤੇ ਪੜ੍ਹੇ ਲਿਖੇ ਨਵੇਂ ਚਿਹਰੇ ਲਿਆਉਣ ਵਿਚ ਸਫਲ ਹੋਈ ਹੈ।

## ਸਿੱਖ ਪੰਚਾਇਤ 2020 ਤੋਂ 2022 ਤੱਕ ਹੇਠ ਲਿਖੇ ਉਪਰਾਲੇ ਕਰੇਗੀ

### ਧਰਮ ਪ੍ਰਚਾਰ
- ਗੁਰਬਾਣੀ ਦੇ ਮਹਾਂਵਾਕ ਅਨੁਸਾਰ *ਆਪਿ ਜਪਹੁ ਅਵਰਾ ਨਾਮੁ ਜਪਾਵਹੁ* ਅਨੁਸਾਰ ਗੁਰੂਘਰ ਦਾ ਮੁੱਖ ਮਨੋਰਥ ਧਾਰਮਿਕ ਪ੍ਰਚਾਰ ਹੀ ਹੋਵੇਗਾ। ਦੁਨੀਆਂ ਭਰ ਦੇ ਮਹਾਨ ਕੀਰਤਨੀਏ ਅਤੇ ਕਥਾਵਾਚਕਾਂ ਦਾ ਗੁਰਬਾਣੀ ਪ੍ਰਚਾਰ ਲਈ ਖਾਸ ਪ੍ਰਬੰਧ ਕੀਤਾ ਜਾਵੇਗਾ। ਸੰਥਿਆ ਅਤੇ ਕੀਰਤਨ ਦੀਆਂ ਕਲਾਸਾਂ ਦਾ ਵਿਸ਼ੇਸ਼ ਪ੍ਰਬਧ ਕੀਤਾ ਜਾਵੇਗਾ।

### ਗੁਰੂ ਘਰ ਦੀ ਸਟੇਜ
- ਗੁਰੂ ਘਰ ਦੀ ਸਟੇਜ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾਵੇਗਾ ਅਤੇ ਪਿਛਲੇ ਸਾਲਾਂ ਵਿਚ ਰਹਿ ਗਈਆ ਤਰੁਟੀਆਂ ਨੂੰ ਦੂਰ ਕੀਤਾ ਜਾਵੇਗਾ। ਸਟੇਜ ਉਤੇ ਸਮਾਂ ਦੇਣ ਵਿਚ ਕਿਸੇ ਪੰਥਕ ਧਿਰ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ।

### ਬੀਬੀਆਂ ਦੀ ਸ਼ਮੂਲੀਅਤ ਨੂੰ ਵਧਾਉਣਾ
- *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਬੀਬੀਆਂ ਨੂੰ ਸਿੱਖ ਧਰਮ ਅਨੁਸਾਰ ਮਾਣ ਸਤਿਕਾਰ ਦਿੱਤਾ ਜਾਵੇਗਾ । ਗੁਰੂਘਰ ਦੇ ਪ੍ਰਬੰਧ ਜਾਂ ਹੋਰ ਪ੍ਰਾਜੈਕਟਾਂ ਵਿਚ ਬੀਬੀਆਂ ਦੀ ਸ਼ਮੂਲੀਅਤ ਵਧਾਉਣ ਲਈ ਉਪਰਾਲੇ ਕੀਤੇ ਜਾਣਗੇ। ਬੀਬੀਆਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਢੁਕਵੇਂ ਹੱਲ ਲਈ ਬੀਬੀਆਂ ਦੀ ਇਕ ਮਾਈ ਭਾਗੋ ਕਮੇਟੀ ਬਣਾਈ ਜਾਵੇਗੀ।

### $50,000 ਦੇ ਸਕਾਲਰਸ਼ਿਪ ਅਤੇ ਵਿਦਿਅਕ ਪ੍ਰਾਜੈਕਟ
- ਹਰ ਸਾਲ ਸਿੱਖ ਬੱਚਿਆਂ ਨੂੰ ਸਕਾਲਰਸ਼ਿਪ ਅਤੇ ਹੋਰ ਵਿੱਦਿਅਕ ਪ੍ਰੋਜੈਕਟਾਂ ਲਈ ਵਿਸ਼ੇਸ਼ ਫੰਡ ਰਾਖਵਾਂ ਰੱਖਿਆ ਜਾਵੇਗਾ। ਹਾਈ ਸਕੂਲ ਅਤੇ ਗਰੈਜੂਏਟ ਵਿਦਿਆਰਥੀਆਂ ਨੂੰ ਅਵਾਰਡ ਅਤੇ ਸਕਾਲਰਸ਼ਿਪ ਦਿੱਤੇ ਜਾਣਗੇ।

### ਖਾਲਸਾ ਸਕੂਲ
- ਗੁਰੂ ਘਰ ਦੇ ਖਾਲਸਾ ਸਕੂਲ ਦੇ ਬੱਚਿਆਂ ਦੇ ਮਾਪਿਆਂ ਦੀਆਂ ਮਾਸਿਕ ਮੀਟਿੰਗਾਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਕਿਸੇ ਵੀ ਵਿਅਕਤੀ ਨੂੰ ਸਕੂਲ ਵਿਚੋਂ ਸੇਵਾ ਕਰਨ ਤੋਂ ਰੋਕਿਆ ਨਹੀਂ ਜਾਵੇਗਾ। Coding ਅਤੇ Debate ਦੀਆਂ ਨਵੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ। ਸਕੂਲ ਜਾਂਦੇ ਬੱਚਿਆਂ ਲਈ ਕਮਿਉਨਿਟੀ ਸੇਵਾ ਦੀ ਖਾਸ ਵਿਵਸਥਾ ਕੀਤੀ ਜਾਵੇਗੀ ਜਿਹੜੀ ਕਿ ਉਹਨਾਂ ਦੇ ਕਾਲਜ ਦਾਖਲੇ ਲਈ ਸਹਾਇਕ ਹੋਵੇਗੀ।

### ਪੰਜਾਬ ਤੋਂ ਨਵੇਂ ਆਏ ਸਿੱਖਾਂ ਦੀ ਬਾਂਹ ਫੜ੍ਹਨੀ
- ਪੰਜਾਬ ਤੋਂ ਨਵੇਂ ਆਏ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਅਮਰੀਕਨ ਸਿਸਟਮ ਵਿੱਚ ਆਉਂਦੀਆਂ ਮੁਸ਼ਕਲਾਂ ਲਈ ਮਦਦ ਕਰਨ ਲਈ ਇੱਕ ਕਮੇਟੀ ਬਣਾਈ ਜਾਵੇਗੀ।

### ਨੌਜਵਾਨ ਪੀੜੀ ਨੂੰ ਉਤਸਾਹਿਤ ਕਰਨਾ
- ਨੌਜਵਾਨ ਪੀੜੀ ਨੂੰ ਉਤਸਾਹਿਤ ਕਰਨ ਲਈ, ਇਸ ਸਾਲ ਦੀ ਤਰਾਂ ਨੌਜਵਾਨਾਂ ਨੂੰ ਅਗੇ ਤੋ ਵੀ ਪ੍ਰਬੰਧ ਵਿਚ ਸ਼ਾਮਲ ਕੀਤਾ ਜਾਵੇਗਾ।

### ਨਵੇ ਛੋਟੇ ਹਾਲ ਦੀ ਉਸਾਰੀ
- ਗੁਰਦੂਆਰਾ ਸਾਹਿਬ ਵਿੱਚ ਵੱਧ ਰਹੀ ਸੰਗਤ ਦੀ ਆਮਦ ਅਤੇ ਵੱਧ ਰਹੇ ਪ੍ਰੋਗਰਾਮਾਂ ਨੂੰ ਮੱਦੇਨਜ਼ਰ ਰੱਖਦਿਆਂ ਛੋਟੇ ਪ੍ਰੋਗਰਾਮ ਕਰਨ ਲਈ ਹਾਲ ਦਾ ਪ੍ਰਬੰਧ ਕੀਤਾ ਜਾਵੇਗਾ।

### 1984 ਦੇ ਸ਼ਹੀਦਾਂ ਦੀ ਯਾਦ ਵਿਚ ਯਾਦਗਾਰ
- ਗੁਰਦੂਆਰਾ ਸਾਹਿਬ ਵਿਚ 1984 ਦੇ ਸ਼ਹੀਦਾਂ ਦੀ ਯਾਦ ਵਿਚ ਯਾਦਗਾਰ ਬਨਾਈ ਜਾਵੇਗੀ।

### ਹੋਰ ਕੰਮ ਤੇ ਪ੍ਰੋਜੈਕਟ
- ਹਰ ਮਹੀਨੇ ਪ੍ਰਬੰਧ ਵਲੋਂ ਸੰਗਤਾਂ ਦੀਆ ਸ਼ਕਾਇਤਾਂ ਅਤੇ ਸੁਝਾਵਾ ਲਈ ਮਹੀਨੇਵਾਰ ਮੀਟਿੰਗ ਆਰੰਭੀ ਜਾਵਗੀ।
- ਕਾਰ ਪਾਰਕਿੰਗ ਵਿਚ ਆ ਰਹੀਆ ਔਕੜਾ ਨੂੰ ਦੂਰ ਕਰਨ ਅਤੇ ਇਸ ਦਾ ਸਥਾਈ ਹੱਲ ਲਭਣ ਲਈ ਪੁਰ ਜ਼ੋਰ ਯਤਨ ਕੀਤੇ ਜਾਣਗੇ।
- 100 ਏਕੜ ਦੀ ਯੋਗ ਵਰਤੋਂ ਲਈ ਸਿੱਖ ਭਾਈਚਾਰੇ ਦੇ ਮੁਖੀ ਮੈਬਰਾਂ ਅਤੇ ਬਾਹਰਲੇ ਜਮੀਨ ਵਰਤਣ ਦੇ ਮਾਹਰਾਂ ਦੀ ਇਕ ਸਬ-ਕਮੇਟੀ ਕਾਇਮ ਕੀਤੀ ਜਾਵੇਗੀ ਜੋ ਕਿ ਸਿਟੀ ਨਾਲ ਤਾਲ ਮੇਲ ਕਰਕੇ ਇਸ ਜਮੀਨ ਦੀ ਵਰਤੋਂ ਦਾ ਪ੍ਰਬੰਧ ਕਰੇਗੀ
- ਬਜੁਰਗਾਂ ਦੀ ਸਲਾਹ ਨਾਲ ਉਹਨਾਂ ਲਈ ਨਵੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਯੂਨੀਅਨ ਸਿਟੀ ਤੋਂ ਐਤਵਾਰ ਨੂੰ ਵਿਸ਼ੇਸ਼ ਸ਼ਟਲ (ਰਾਈਡ) ਦਾ ਪ੍ਰਬੰਧ ਕੀਤਾ ਜਾਵੇਗਾ।
- ਗੁਰਦੂਆਰਾ ਸਾਹਿਬ ਦਾ ਹਿਸਾਬ ਕਿਤਾਬ ਹਰ ਤਿੰਨ ਮਹੀਨੇ ਬਾਅਦ ਸਟੇਜ, ਨੋਟਿਸ ਬੋਰਡ ਤੇ ਵੈਬਸਾਈਟ ਤੋਂ ਸੰਗਤ ਨੂੰ ਦੱਸਿਆ ਜਾਵੇਗਾ।
- ਦੂਸਰੇ ਧਰਮਾਂ, ਸਿਟੀ, ਕਾਉਂਟੀ ਅਤੇ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਭਾਈਚਾਰਕ ਮਾਮਲੇ ਜਿਵੇਂ ਕਿ ਸਿਹਤ, ਪੜਾਈ ਅਤੇ ਸ਼ਹਿਰੀ ਸੇਵਾਵਾਂ ਉਪਲਬਧ ਕਰਾਉਣ ਵਿਚ ਆ ਰਹੀਆ ਔਕੜਾ ਨੂੰ ਦੂਰ ਕੀਤਾ ਜਾਵੇਗਾ।
- ਵਿਆਹ ਲਈ 1100 ਡਾਲਰ ਭੇਟਾ ਲਈ ਜਾਂਦੀ ਹੈ ਪਰ ਜੇ ਕੋਈ ਪਰਿਵਾਰ ਇਹ ਦੇਣ ਯੋਗ ਨਹੀਂ ਤਾਂ ਇਹ ਮੁਆਫ਼ ਕੀਤੀ ਜਾ ਸਕਦੀ ਹੈ ਜੇ ਉਹ ਪਰਿਵਾਰ ਬਾਹਰ ਪਾਰਟੀਆਂ ਤੇ ਖਰਚਾ ਨਹੀਂ ਕਰ ਰਿਹਾ।
- ਮ੍ਰਿਤਕਾਂ ਦੇ ਸਸਕਾਰ ਲਈ ਗੁਰਦੂਆਰਾ ਸਾਹਿਬ ਵਲੋਂ ਪਹਿਲਾਂ ਹੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਇਸ ਸੰਕਟਮਈ ਸਮੇਂ ਵਿੱਚ ਗੁਰਦੂਆਰਾ ਸਾਹਿਬ ਵਲੋਂ ਪ੍ਰਬੰਧਕਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾਈਆਂ ਜਾਣਗੀਆਂ ਤਾਂ ਜੋ ਪਰਿਵਾਰਾਂ ਨੂੰ ਤੰਗੀ ਦਾ ਸਾਹਮਣਾ ਨਾ ਕਰਨਾ ਪਏ।

**ਯਾਦ ਰੱਖਣਾ 8 ਮਾਰਚ 2020 ਨੂੰ ਅਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 8, 2020**


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com


TRANS-ALLIANCE
22
GET FLAT 22 CENTS
DISCOUNT AT
TA
TravelCenters of America
PETRO
Stopping Centers
We also offer Line of Credit for Fuel Card
Additional Services with our Fuel Card
✓ National Tire Program
✓ PM & Light Mechanical
✓ 24 Hour Dedicated Repair Service
TRANS-ALLIANCE
TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com